Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਇਹ ਪੁਸਤਕ 22-10-75 ਨੂੰ ਗਿਆਨੀ ਦਵੇ
ਜੀਤ ਸਿਕੰਦਰ ਸਿੰਘ ਜੀ ਨੂੰ ਸਤਿਕਾਰ ਸਹਿਤ
ਸਿਨੇਹ ਤੇ ਦਾਸ ਨੇ ਅਰਪਣ ਕੀਤੀ

ਕਿਰਪਾਲ ਸਿੰਘ

22.10.75.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਭ ਹੱਕ ਸੇਵਾ ਪੰਥੀ ਅਡਣ ਸ਼ਾਹੀ ਸਭਾ ਦੇ ਰਾਖਵੇਂ ਹਨ ।

੧ੴ ਸਤਿਗੁਰ ਪ੍ਰਸਾਦਿ ॥

# ਪ੍ਰਚੀਆਂ ਸ੍ਰੀ ਭਾਈ ਸੇਵਾ ਰਾਮ ਜੀ

## ਜੀਵਨ ਬ੍ਰਿਤਾਂਤ ਤੇ ਉਪਦੇਸ਼ ਸ੍ਰੀ ਭਾਈ ਕਨੱਯਾ ਜੀ

ਕ੍ਰਿਤ

ਭਾਈ ਸਹਜ ਰਾਮ ਜੀ ਚੇਲੇ ਸ੍ਰੀ ਭਾਈ ਸੇਵਾ ਰਾਮ ਜੀ

ਨੂਰਪੁਰ, ਜ਼ਿਲਾ ਸ਼ਾਹਪੁਰ

—ਜਿਸ ਨੂੰ—

ਸੇਵਾ ਪੰਥੀ ਅੱਡਣ ਸ਼ਾਹੀ ਸਭਾ ਦੇ ਪ੍ਰਧਾਨ ਸਾਹਿਬ ਪੰਡਤ ਨਿਸਚਲ ਸਿੰਘ ਜੀ ਸੰਤਪੁਰਾ, ਮਾਡਲ ਟਾਊਨ, ਜਮਨਾ ਨਗਰ, ਜਗਾਧਰੀ ਤੇ ਸਕੱਤ੍ਰ ਸਾਹਿਬ ਸ੍ਰੀ ਮਹੰਤ ਗਿਆਨੀ ਕ੍ਰਿਪਾਲ ਸਿੰਘ ਜੀ, ਸੱਤੋ ਵਾਲੀ ਗੱਲੀ ਅੰਮ੍ਰਿਤਸਰ ਦੀ ਆਗਿਆ ਅਨੁਸਾਰ, ਭਾਈ ਹੀਰਾ ਸਿੰਘ ਮਹੰਤ ਸ਼ਾਹਪੁਰ ਵਾਲੇ ਨੇ ਪਟਿਆਲੇ ਛਪਵਾਣ ਦੀ ਸੇਵਾ ਕੀਤੀ ।

## ਪੁਸਤਕਾਂ ਮਿਲਣ ਦੇ ਪਤੇ

੧) ਸ੍ਰੀ ਪੰਡਤ ਨਿਸਚਲ ਸਿੰਘ ਜੀ ਜਮਨਾ ਨਗਰ ।
੨) ਭਾਈ ਹੀਰਾ ਸਿੰਘ ਮਹੰਤ ਟਿਕਾਣਾ ਭਾਈ ਰਾਮ ਕਿਸ਼ਨ ਜੀ ਸ਼ੇਰਾ ਵਾਲਾ ਗੇਟ ਪਟਿਆਲਾ ।
੩) ਸ: ਮੇਹਰ ਸਿੰਘ ਸੁਰਿੰਦ੍ਰ ਸਿੰਘ ਬਜ਼ਾਰ ਮਾਈ ਸੇਵਾ ਅੰਮ੍ਰਿਤਸਰ ।
੪) ਸ: ਸੁੰਦਰ ਸਿੰਘ, ਰਾਮ ਸਿੰਘ ਮੇਨ ਬਜਾਰ ਪਹਾੜ ਗੰਜ ਨਵੀਂ ਦਿੱਲੀ

(ਸੰ: ਨਾ: ੪੯੭ ਸੰਨ (੧੯੬੬) ੨੦੨੩ ਬਿਕਰਮੀ

ਭੇਟਾ ਸਣੇ ਜ਼ਿਲਦ ੩) ਰੁਪਏ ਬਿਨਾ ਜਿਲਦ ੨॥) ਰੁਪੈ

Digitized by Panjab Digital Library | www.panjabdigilib.org

# ਸੰਪਾਦਕ ਬੇਨਤੀ

ਸੇਵਾ ਪੰਥੀ ਅੱਡਣ ਸ਼ਾਹੀ ਸਭਾ ਸ੍ਰੀ ਅੰਮ੍ਰਿਤਸਰ ਜੀ ਨੇ ਦਾਸ ਨੂੰ ਆਪਣੀ ਸੰਪ੍ਰਦਾ ਦੀਆਂ ਪੋਥੀਆਂ ਛਪਵਾਣ ਦੀ ਸੇਵਾ ਬਖਸ਼ੀ–

(੧) ਸ੍ਰੀ ਸੰਤ ਰਤਨ ਮਾਲ੍ਹਾ ਦੋ ਦਫਾ। (੨) ਸਾਖੀਆਂ ਸ੍ਰੀ ਭਾਈ ਅੱਡਣ ਜੀ।
(੩) ਆਸਾਂ ਵਰੀਆਂ। (੪) ਪਰਚੀਆਂ ਸ੍ਰੀ ਭਾਈ ਕਨੱਯਾ ਜੀ।
(੫) ਪਰਚੀਆਂ ਸ੍ਰੀ ਭਾਈ ਸੇਵਾ ਰਾਮ ਜੀ। ਦੋਨੋ ਪਰਚੀਆਂ ਦੀ ਪੁਸਤਕ ਅਜ ਕਲ ਦੇ ਸਮੇਂ ਮੁਤਾਬਕ ਪੈਹਲੇ ਕਾਪੀਆਂ ਵਿਚ ਉਤਾਰਾ ਕੀਤਾ। ਤੁਛ ਬੁਧੀ ਅਨੁਸਾਰ ਸ਼ੁਧਾਈ ਵੀ ਕੀਤੀ। ਜਿਨ੍ਹਾਂ ਗੁਰੂ ਬਾਬਾ ਜੀ ਨੇ ਬਲ ਬਖਸ਼ਿਆ ਦਾਸ ਪਾਸੋਂ ਕਰਵਾ ਲਿਆ ਹੈ। ਹੋਰ ਪੁਸਤਕਾਂ ਉਪਰ ਲਿਖੀਆਂ ਛਪ ਚੁਕੀਆਂ ਹਨ। ਸਿਰਫ ਭਾਈ ਸੇਵਾ ਰਾਮ ਸਾਹਿਬ ਜੀ ਦੀਆਂ ਪਰਚੀਆਂ ਛਪ ਰਹੀਆਂ ਹਨ। ਸ੍ਰੀ ਭਾਈ ਕਨੱਯਾ ਜੀ ਤੇ ਸ੍ਰੀ ਭਾਈ ਸੇਵਾ ਜੀ ਦੀਆਂ ਘਾਲਾਂ ਤੇ ਵੈਰਾਗ ਤੇ ਪੋਹਚ, ਉਪਦੇਸ਼ ਅਦੁਤੀ ਹਨ। ਜੋ ਜੋ ਸੂਝ ਵਾਲਾ ਇਸ ਨੂੰ ਪੜੇਗਾ, ਹੈਰਾਨ ਰਹਿ ਜਾਵੇਗਾ। ਕਿ ਕਿਸ ਤਰ੍ਹਾਂ ਜਨਮ ਤੋਂ ਅਖੀਰ ਤਕ ਕਿਨੀਆਂ ਘਾਲਾਂ ਕੀਤੀਆਂ, ਤੇ ਜਗਤ ਤੇ ਕਿੰਨੇ ਪ੍ਰਉਪਕਾਰ ਕੀਤੇ ਕਿੰਨੇ ਰੱਬ ਦੇ ਬੰਦਿਆਂ ਦਾ ਜੀਵਨ ਸੁਧਾਰ ਕੀਤਾ। ਇਹ ਪਰਚੀਆਂ ਦੀਆਂ ਪੋਥੀਆਂ ਸਵਾ ਦੋ ਸੋ ਸਾਲ ਤੋਂ ਲਿਖਤ ਵਿਚ ਪਈਆਂ ਸਨ। ਹੁਣ ਸਭਾ ਦੇ ਹੁਕਮ ਨਾਲ ਛਾਪੇ ਵਿਚ ਆ ਰਹੀਆਂ ਹਨ। ਜੋ ਜੋ ਮਨੁਖ ਤਵੱਜੋ ਨਾਲ ਪੜੇਗਾ ਉਸਦੇ ਜੀਵਨ ਵਿਚ ਜਰੂਰ ਪਲਟਾ ਆਵੇਗਾ। ਇਹ ਪੋਥੀਆਂ ਐਸੀਆਂ ਅਸਚਰਜ ਹਨ। ਜੋ ਆਪਣਾ ਅਸਰ ਕੀਤੇ ਬਗੈਰ ਨਹੀਂ ਰਹਿ ਸਕਦੀਆਂ। ਟੈਹਲੀਆ ਹੀਰਾ ਸਿੰਘ ਮਹੰਤ ਟਿਕਾਣਾ ਸ੍ਰੀ ਭਾਈ ਰਾਮ ਕ੍ਰਿਸ਼ਨ ਜੀ ਸ਼ੇਰਾਂ ਵਾਲਾ ਗੇਟ ਪਟਿਆਲਾ ੧ ਭਾਦਰੋਂ ਸੰਮਤ ੨੦੨੩ ਬਿਕ੍ਰਮੀ ਸੰਨ ੧੬-੪-੬੬.

# ਅਰਜੋਈ

ਸਿੰਘਾ ਪੰਥ ਸੇਵਾ ਜੇਕਰ ਸਿਖਨੀਆਂ, ਸੇਵਾ ਪਥੀਆਂ ਦੇ ਡੇਰੇ ਆ ਕੇ ਵੇਖ।
ਪੰਥਕ ਏਕਤਾ ਜੇਕਰਾਂ ਚਾਹਵਨਾਂ ਏ. ਸੇਵਾਦਾਰ ਬਣ ਸੇਵਾ ਕਮਾ ਕੇ ਵੇਖ।
ਮੰਦ, ਦੰਗ, ਤੇ ਗੰਦ ਬਕਵਾਸ਼ ਨਾਲੋਂ, ਸਿਖ ਸਮਝਕੇ ਕੇ ਜਰਾ ਬੁਲਾ ਕੇ ਵੇਖ।
ਜ਼ਾਂਤ ਪਾਤ ਉਚੇ ਨੀਵੇਂ ਸਮਝਨਾ ਏ, ਅੰਮਰਤ ਧਾਰੀਆ ਜਰਾ ਸ਼ਰਮਾ ਕੇ ਵੇਖ।
ਫਟ ਲਗ ਰਹੇ ਫੁਟ ਦੇ ਨਾਲ ਜੇਹੜੇ, ਮਰਮ ਮਨਾਂ ਤੇ ਜ਼ਰਾ ਲਗਾ ਕੇ ਵੇਖ।
ਸੇਵਾ ਦਾਰ ਆਗੂ ਲੀਡਰ ਸੰਤ ਸਾਧੂ, ਬਨ ਕੇ ਅਮਲ ਦੇ ਵਿਚ ਵਿਖਾ ਕੇ ਵੇਖ।
ਇਕ ਦੂਸਰੇ ਦੀ ਪਗ ਲਾਹਨ ਨਾਲੋਂ, ਲਥੀ ਪੰਥ ਦੀ ਪਗ ਬਨ੍ਹਾ ਕੇ ਵੇਖ।
ਸੇਵਾ ਕਰਨ ਬਾਝੋਂ ਪੂਜਾ ਧਾਨ ਖਾਨੋ, ਮਨ ਆਪਣੇ ਤਾਈ ਹਟਾ ਕੇ ਵੇਖ।
ਅਗ ਈਰਖਾ ਸਾੜਦੀ ਦਿਨੇ ਰਾਤੀ, ਬਾਣੀ ਗੁਰੂ ਦੀ ਸੁਰਤ ਟਕਾ ਕੇ ਵੇਖ।
ਧਾਗੇ ਵਿਚ ਪਰੋਕੇ ਫੁਲ ਸਾਰੇ, ਸੇਹਰਾ ਪੰਥ ਦੇ ਸੀਸ ਸਜਾ ਕੇ ਵੇਖ।
ਵੀਰਾਂ ਸਕਿਆਂ ਤਾਂਈ ਰੁਸਾਨ ਨਾਲੋਂ, ਕੋਈ ਰੁਸਿਆ ਵੀਰ ਮਨਾ ਕੇ ਵੇਖ।
ਜ਼ਿੰਦਾਬਾਦ ਅਖਵਾਨੇ ਤਾਂ ਚਾਹਵਨਾਏ, ਪੈਹਲਾਂ ਚਿਤ ਦੀ ਖੁਦੀ ਗਵਾ ਕੇ ਵੇਖ।
ਰੰਗ ਹੋਰ ਦੇ ਹੋਰ ਰੰਗਾਵਨਾਏ, ਸਤ ਸੰਗ ਦਾ ਰੰਗ ਰਚਾ ਕੇ ਵੇਖ।
ਕਿਰਤੀ ਖੁਸ਼ੀ ਦਸ਼ਮੇਸ਼ ਦੀ ਚਾਹਵਨਾਂ ਏ, ਪਾਣੀ ਦੁਸਮਨਾਂ ਤਾਈਂ ਪਿਆ ਕੇ ਵੇਖ।

ਦੇਵਾ ਸਿੰਘ ਕਿਰਤੀ ਅੰਮ੍ਰਿਤਸਰੀ

ਬ੍ਰਹਮ ਗਿਆਨੀ ਸਦਾ ਸਮ ਦਰਸੀ ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤ ਬਰਸੀ ॥



ਸੇਵਾ ਪੰਥੀ ਅੱਡਣ ਸ਼ਾਹੀ ਸੰਪਰਦਾ ਦੇ ਮੁਕਟਮਣੀ

**ਸ੍ਰੀ ੧੦੮ ਬਾਬਾ ਸੇਵਾ ਰਾਮ ਜੀ**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮੁਖਬੰਦ

ਸਿਖਾਂ ਦੀ ਸੇਵਾਪੰਥੀ ਸੰਪ੍ਰਦਾ ਕੇਵਲ ਸ਼ਰੀਰਕ ਸੇਵਾ ਲਈ ਹੀਂ ਪ੍ਰਸਿੱਧ ਨਹੀਂ, ਸਾਹਿਤਕ ਸੇਵਾ ਦੇ ਖੇਤਰ ਵਿਚ ਵੀ ਇਕ ਅਪਣਾ ਵਿਸ਼ੇਸ਼ ਅਸਥਾਂਨ ਰਖਦੀ ਹੈ। ਇਸ ਜਮਾਤ ਦੇ ਉਪਕਾਰੀ ਆਗੂਆਂ ਜਿਥੇ ਆਮ ਲੋੜਵੰਦਾਂ ਲਈ ਥੱਲ ਵਰਗੇ ਸ਼ੋਕੇ-ਮਾਰੇ ਇਲਾਕੇ ਵਿਚ ਪਾਣੀ ਖਾਤਰ ਖੂਹ ਤਾਲ ਲਵਾਏ, ਅਰਾਮ ਲਈ ਮੰਜੇ ਬਿਸਤਰੇ ਤੇ ਬਿਸਰਾਮ ਸਥੱਲ ਬਣਾਏ, ਭੁਖਿਆਂ ਲਈ ਅੰਨ ਦਾ ਪ੍ਰਬੰਧ ਕੀਤਾ ਤੇ ਦਵਾਈ ਬੂਟੀ ਦਾ ਵੀ ਆਹਰ ਕਰਦੇ ਰਹੇ, ਉਥੇ ਮਾਨਸਿਕ ਸੰਤੁਸ਼ਟਤਾ ਲਈ ਸਾਹਿਤ ਰਚਨਾ ਦਾ ਕਾਰਜ ਵੀ ਚੋਖਾ ਹੀਂ ਹੈ। ਇਹ ਸਾਹਿਤ ਵਧੇਰੇ ਸਦਾਚਾਰਕ ਸਿਖਿਆ ਆਤਮਕ ਪਵਿੱਤਰਤਾ ਤੇ ਸ਼ਰਧਾ ਸਿਦਕ ਦਿੜ੍ਹਾਉਣ ਵਾਲਾ ਹੈ, ਤੇ ਕਈ ਥਾਂ ਇਸ ਦਾ ਗੱਦ ਰੂਪ ਇਤਨਾ ਮਨੋਹਰ ਹੈ ਕਿ ਇਸ ਅਗੇ ਕਵਿਤਾ ਮਾਤ ਪੈ ਜਾਂਦੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਲਿਖਣ ਵਾਲੇ ਦਰਵੇਸ਼ੀ ਜੀਵਨ ਬਿਤਾਉਣ ਹਾਰ ਨਿਸ਼ਕਾਮ ਬਿਰਤੀ ਦੇ ਸਾਧੂ ਫਕੀਰ ਸਨ। ਉਨਾਂ ਦੀ ਕੋਈ ਪਦਾਰਥਕ ਇੱਛਾ ਨਹੀਂ ਸੀ, ਇਸ ਕਰਕੇ ਉਨ੍ਹਾਂ ਦੀ ਆਤਮਕ ਨਿਰਮਲਤਾ ਦਾ ਪ੍ਰਤੀਬਿੰਬ ਇਸ ਸਿਧੇ ਸਾਦੇ ਸਾਹਿਤ ਵਿਚ ਡਲ੍ਹਕਦਾ ਮਿਲਦਾ ਹੈ। ਸੇਵਾਪੰਥੀ ਸੰਤ ਸਿਖਾਂ ਦੇ ਅਜੇਹੇ ਸੰਨਿਆਸੀ ਸਾਧੂ ਹਨ, ਜੋ ਤਿਆਗੀ ਵੈਰਾਗੀ ਹੁੰਦੇ ਹੋਏ ਵੀ ਕਿਰਤ ਕਰਨ ਵਿਚ ਵਿਸ਼ਵਾਸ ਰਖਦੇ ਹਨ, ਇਨ੍ਹਾਂ ਦੀ ਇਹ ਰਹਿਣੀ ਵੀ ਇਨ੍ਹਾਂ ਦੇ ਸਹਿਤ ਨੂੰ ਵਡਿਆਈ ਪ੍ਰਦਾਨ ਕਰਦੀ ਹੈ। ਦੂਜੇ ਇਨ੍ਹਾਂ ਲੇਖਕਾਂ ਦੇ ਸਾਹਵੇਂ ਭਾਈ ਕਨ੍ਹਈਆ ੧੭੦੪ ਬਿ-੧੭੭੫ ਬਿ.) ਭਾਈ ਸੇਵਾ ਰਾਮ (੧੭੮੫ ਬਿ. ਦੇਹਾਂਤ) ਦੇ ਭਾਈ ਅੱਡਣਸ਼ਾਹ ੧੮੧੪ ਬਿ. (ਦੇਹਾਂਤ) ਵਰਗੇ ਕਮਾਈ ਵਾਲੇ ਮਹਾਂਪੁਰਸ਼ਾਂ ਦੇ ਆਦੱਰਸ਼ ਜੀਵਨ ਸਨ, ਜਿਨ੍ਹਾਂ ਸਾਰੀ ਜ਼ਿੰਦਗੀ ਹੀ ਸਰਬੱਤ ਦੇ ਭਲੇ ਵਿਚ ਗੁਜ਼ਾਰੀ ਸੀ। ਫਿਰ ਇਨ੍ਹਾਂ ਮਹਾਨੁਭਾਵਾਂ ਦੀ ਖੁਦ ਵੀ ਸੁੱਚੇ ਸਾਹਿਤ ਵਿਚ ਡੂੰਗੀ ਦਿਲਚਲਪੀ ਸੀ, ਉਨਾਂ ਆਪ ਇਸ ਲਈ ਤਕੜੇ ਉਦੱਮ ਕੀਤੇ। ਭਾਈ ਅੱਡਣਸ਼ਾਹ ਜੀ ਦੀ ਸਰਪ੍ਰਸਤੀ ਹੇਠ ਪ੍ਰਸਿਧ ਸੂਫੀ ਵਿਦਵਾਨ ਅਮਾਮ ਗਜ਼ਾਲੇ ਦੀ ਫਾਰਸੀ ਪੁਸਤਕ 'ਕੀਮੀਆਏ ਸਾਆਦਤ' ਦਾ ਪਾਰਸ ਭਾਗ ਨਾਂ ਹੇਠ ਉਲੱਥਾ ਹੋਇਆ ਤੇ ਸੰਸਕ੍ਰਿਤ ਤੋਂ 'ਯੋਗ ਵਸਿਸ਼ਟ ਦਾ ਅਨੁਵਾਦ ਕੀਤਾ। ਸਾਧੂ ਸਦਾ ਨੰਦ ਜੀ ਨੇ ਕੋਈ ਅਧਿਆਤਮਕ ਕਿਰਤਾਂ ਰਚੀਆਂ। ਮੌਲਾਨਾ ਰੂਮੀ ਦੀ ਮਸੱਨਵੀ ਕਥਾ ਵਿਆਖਿਆ ਹੋਣੀ ਇਕ ਆਮ ਗੱਲ ਸੀ। 'ਬਚਨ ਗੋਬਿੰਦ ਲੋਕਾਂ ਦੇ, ਸੁਖਨ ਫਕੀਰਾਂ ਦੇ, ਆਦਿ ਨਾਮ ਹੇਠ ਕਈ ਸੁੰਦਰ ਬਚਨਾਂ ਦੇ ਗੁਲਦਸਤੇ ਸਜੇ। ਜੇਹਾ ਕਿ ਸੂਫੀ ਦਰਵੇਸ਼ਾਂ ਦੇ 'ਮਲਫੂਜ਼ਾਤ' ਮਿਲਦੇ ਹਨ। ਅੱਡਣਸ਼ਾਹ ਜੀ ਦੇ ਸ਼ਾਹਦਰੇ (ਲਾਹੌਰ) ਵਾਲੇ ਡੇਰੇ ਦੀ ਕਲਮੀ ਸੇਵਾ ਇਤਨੀ ਪ੍ਰਸਿਧ

Digitized by Panjab Digital Library | www.panjabdigilib.org

ਸੀ ਕਿ ਉਨਾਂ ਦੇ ਨਾਮ ਤੇ 'ਅੱਡਣਸ਼ਾਹੀ ਸਿਆਹੀ ਸਲਾਹੀ' ਜਾਂਦੀ ਰਹੀ ਹੈ। ਜਿਸ ਨੂੰ ਲਿਖਾਰੀ ਲੋਕ ਖਾਸ ਤੌਰ ਤੇ ਪਸੰਦ ਕਰਦੇ ਸਨ।*

ਸੇਵਾਪੰਥੀ ਕਰਮਚਾਰੀਆਂ ਵਿਚ ਭਾਈ ਮੰਗੂ, ਭਾਈ ਗਾੜੂ, ਭਾ. ਦੁਖਭੰਜਨ, ਭਾ. ਟਹਿਲਦਾਸ ਭਾਈ ਹਜ਼ਾਰੀ ਰਾਮ ਆਦਿ ਕਈ, ਨਾਮ ਮਿਲਦੇ ਹਨ, ਪਰ ਭਾਈ ਸਹਿਜ ਰਾਮ ਜੀ ਦਾ ਨਾਂ ਸਭ ਤੋਂ ਵਧੇਰੇ ਪ੍ਰਸਿਧ ਹੈ। ਆਪ ਨੂੰ ਸੇਵਾਪੰਥੀ ਸੰਪ੍ਰਦਾ ਦਾ 'ਵੇਦ ਬਿਆਸ' ਕਿਹਾ ਜਾ ਸਕਦਾ ਹੈ। ਆਪ ਪੱਛਮੀ ਪੰਜਾਬ ਦੇ ਜ਼ਿਲਾ ਸ਼ਾਹਪੁਰ ਵਿੱਚ ਨੂਰਪੁਰ ਥੱਲ ਦੇ ਰਹਿਣ ਵਾਲੇ ਸਨ। ਭਾਈ ਸੇਵਾਰਾਮ ਜੀ ਦੀ ਆਤਮਕ ਛੋਹ ਸਦਕਾ ਪਰਮਾਰਥਕ ਲਗਨ ਲਗੀ। ਸੇਵਾ ਦਾ ਚਾਉ ਇਤਨਾ ਸੀ, ਕਿ ਕਰੜੇ ਤੋਂ ਕਰੜੇ ਕੰਮ ਤੋਂ ਵੀ ਨਹੀਂ ਸੀ ਘਬਰਾਉਂਦੇ। ਇਕ ਵੇਰ ਕੋਟ ਈਸਸ਼ਾਹ ਤੋਂ ਆਟਾ ਪੀਹਣ ਵਾਲੀ ਚੱਕੀ ਦੇ ਦੋਵੇਂ ਪੁੜ ਥੈਲਿਆਂ ਵਿਚ ਪਾ ਤੇ ਮੋਢਿਆਂ ਤੇ ਲਟਕਾ ਨੂਰਪੁਰ ਥੱਲ ਲੇ ਆਏ ਸਨ। ਜਦੋਂ ਕਿ ਪ੍ਰਬੰਧਕ ਇਹ ਸੋਚ ਰਹੇ ਸਨ ਕਿ ਇਸਨੂੰ ਕਿਸੇ ਊਠ ਤੇ ਲੱਦਕੇ ਲਿਆਂਦਾ ਜਾਵੇਗਾ। ਜੱਤੀਸਤੀ ਹੋਣ ਕਰਕੇ ਜਿਥੇ ਆਪ ਸਰੀਰਕ ਤੌਰ ਤੇ ਬਲਵਾਨ ਸਨ। ਉਥੇ ਸਾਹਿਤ ਤੇ ਸੰਗੀਤ ਦੇ ਵੀ ਗੁਣਵੰਤ ਕਲਾਕਾਰ ਸਨ ਇਕ ਵਾਰ ਲਾਹੌਰ ਕੀਰਤਨ ਕਰ ਰਹੇ ਸਨ ਤਾਂ ਇਕ ਪਠਾਣ ਨੇ ਆਪਦਾ ਜਲਾਲੀ ਚੇਹਰਾ ਤੱਕ ਕੇ ਕਿਹਾ, ਕਿ ਜੇ ਇਹ ਆਦਮੀ ਸ਼ਸਤ੍ਰ ਫੜਕੇ ਮੈਦਾਨ ਵਿੱਚ ਨਿਤਰੇ ਤਾਂ ਇਕੱਲਾ ਦਸਾਂ ਨੂੰ ਥਾਂ ਰੱਖੇ ?' ਭਾਈ ਅੱਡਣਸ਼ਾਹ ਜੀ ਨੇ ਆਖਿਆ, ਹੇ 'ਪਠਾਣ ! ਦਸਾਂ ਦੀ ਕੀ ਗੱਲ ਹੈ, ਇਹ ਤਾਂ ਹੁਣ ਮਧੁਰ ਕੀਰਤਨ ਦੇ ਸਦਕੇ ਅਢਾਈ ਤਿੰਨ ਸੌ ਸੰਤ ਮਹਾਤਮਾਂ ਨੂੰ ਅਪਣੇ ਬਚਨਾਂ ਨਾਲ ਬੰਨੀ ਬੈਠਾ ਹੈ।'

ਬਾਵਜੂਦ ਅਜੇਹੇ ਗੁਣਾਂ ਦੇ ਨਿੰਮ੍ਰਤਾ ਇਤਨੀ ਸੀ ਕਿ ਭਾਵੇਂ ਆਪ ਭਾ. ਅੱਡਣਸਾਹਿਬ ਦੇ ਗੁਰਭਾਈ ਸਨ, ਪਰ ਸੇਵਕ ਬਣਕੇ ਹੀ ਸਮਾ ਗੁਜ਼ਾਰਿਆ। ਆਪਦਾ ਕੰਮ ਕੀਰਤਨ ਕਰਨਾ, ਕਥਾ ਵਿਖਾਿਖਆ ਸੁਣਾਉਣਾ, ਯਾ ਫਿਰ ਸੰਤਾਂ ਸਾਧੂਆਂ ਦੀ ਕਥਾ ਕਹਾਣੀ ਲਿਖਣਾ ਸੀ। ਗੁਰਬਾਣੀ ਲਿਖਣ ਦਾ ਆਪ ਨੂੰ ਖਾਸ ਸ਼ੌਕ ਸੀ, ਇਕਬਾਰ ਇਕ ਬਾਲਕ ਨੇ ਸੁਖਮਨੀ ਕੰਠ ਕਰਨ ਦੀ ਉਤਕੰਠਾ ਪ੍ਰਗਟ ਕੀਤੀ, ਤਾਂ ਆਪਨੇ ਉਸੇ ਸਮੇਂ ਇਕ ਟੱਕ ਬੈਠਕੇ ਉਸ ਲਈ ਗੁਟਕਾ ਲਿਖ ਦਿਤਾ। ਇਸ ਤਰ੍ਹਾਂ ਓਹ ਉਪਕਾਰੀ ਬ੍ਰਿਤੀ ਦੇ ਮਹਾਂ ਪੁਰਖ ਸਨ। ਤੇ ਉਨ੍ਹਾਂ ਦਾ ਬਹੁਤਾ ਸਮਾ ਪੋਥੀਆਂ ਲਿਖਣ ਲਿਖਾਉਣ ਵਿਚ ਹੀ ਲੰਘਿਆ। ਭਾਈ ਗੁਰਦਾਸ ਜੀ ਦਾ ਇਹ ਬਚਨ ਆਪ ਤੇ ਪੂਰਾ ਪੂਰਾ ਢੁਕਦਾ ਹੈ

ਗੁਰਮੁਖਿ ਹਥ ਸਕਥ ਹਨ, ਸਾਧ ਸੰਗਤਿ ਗੁਰ ਕਾਰ ਕਮਾਵੈ।
ਗੁਰਬਾਨੀ ਲਿਖ ਪੋਥੀਆਂ, ਤਾਲ ਮ੍ਰਿਦੰਗ ਰਬਾਬ ਬਜਾਵੈ। [ਵਾਰ ੬

ਭਾਈ ਸਹਿਜ ਰਾਮ ਜੀ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ।

*ਚੂੰ ਕੇ ਸੰਤਾਂ ਦਾ ਹੁਕਮ ਸਭ, ਪਾਸ ਰਹਣ ਵਾਲੇ ਸਾਧੂਆਂ ਨੂੰ ਸੀ, ਕਿ ਆਪੋ ਆਪਣਾ ਨਿਰਬਾਹ ਧਰਮ ਦੀ ਕਿਰਤ ਕਰਕੇ ਆਪ ਕਰੋ।

Digitized by Panjab Digital Library | www.panjabdigilib.org

(੧) ਪਰਚੀ ਭਾਈ ਕਨ੍ਹਈਆ ਜੀ ਦੀ।

(੨) ਪਰਚੀ ਭਾਈ ਸੇਵਾ ਰਾਮ ਜੀ ਦੀ।

(੩) ਪਰਚੀ ਭਾਈ ਅੱਡਣ ਸ਼ਾਹ ਜੀ ਦੀ।

(੪) ਸਾਖੀਆਂ ਭਾਈ ਅੱਡਣ ਸ਼ਾਹ ਜੀ।

(੫) ਪੋਥੀ ਆਸਾਵਰੀਆਂ।

ਇਹ ਪੰਜੇ ਪੁਸਤਕਾਂ ਸੇਵਾ ਪੰਥੀ ਸੰਪ੍ਰਦਾਦੀਆਂ ਪ੍ਰਮਾਣੀਕ ਰਚਨਾਵਾਂ ਹਨ, ਜਿਨ੍ਹਾਂ ਵਿਚ ਉਪਰੋਕਤ ਮਹਾਂ ਪੁਰਖਾਂ ਦੀਆਂ ਜੀਵਨ ਸਾਖੀਆਂ ਰਾਹੀਂ ਉਤਮ ਸਿਖਿਆ ਦਿੜ੍ਹਾਈ ਗਈ ਹੈ। ਤੇ ਇਨਾਂ ਦੇ ਅਧਾਰ ਤੇ ਹੀ ਸੰਤ ਲਾਲ ਚੰਦ ਜੀ ਨੇ 'ਸੰਤ ਰਤਨ-ਮਾਲ' ਤੇ ਸੰਤ ਸ਼ਾਮ ਸਿੰਘ ਜੀ ਨੇ ਪ੍ਰੇਮ ਪ੍ਰਕਾਸ਼' ਦੀ ਰਚਨਾ ਕੀਤੀ ਹੈ। ਸੋ ਭਾਈ ਸਹਿਜ ਰਾਮ ਜੀ ਦਾ ਪਰਉਪਕਾਰ ਭੁਲਾਇਆ ਜਾਣ ਵਾਲਾ ਨਹੀਂ, ਇਹ ਉਪਕਾਰ ਸੇਵਾਪੰਥੀਆਂ ਖਾਤਰ ਵੀ ਨਹੀਂ, ਸਗੋਂ ਤਮਾਮ ਅਧਿਆਤਮਕ ਜਗਿਆਸੂਆਂ ਹਿਤ ਲਾਹੇਵੰਦਾ ਹੈ। ਸਪੱਸ਼ਟ ਹੈ ਕਿ ਇਕ ਮਨਹੋਰ ਗੱਦਕਾਰ ਦੇ ਤੌਰ ਤੇ ਭਾਈ ਜੀ ਦੀ ਕਲਮ ਵਿਸ਼ੇਸ਼ ਪ੍ਰਸ਼ੰਸਾ ਦੀ ਅਧਿਕਾਰੀ ਹੈ। ਸੇਵਾਪੰਥੀ ਸੰਪ੍ਰਦਾ ਵਿਚ ਤਾਂ ਇਹ ਵੀ ਰਵਾਇਤ ਹੈ, ਕਿ 'ਪੋਥੀ ਅਸਾਵਰੀਆਂ ਵਿਚ ਜੋ ਸੇਵਾ ਰਾਮ ਜੀ ਦੇ ਨਾਂ ਤੇ ਕਵਿਤਾ ਮਿਲਦੀ ਹੈ, ਇਹ ਭਾਈ ਸਹਿਜ ਰਾਮ ਜੀ ਦੀ ਹੀ ਰਚਨਾ ਹੈ, ਉਨ੍ਹਾਂ ਨੇ ਜਾਣਕੇ ਆਪਣਾ ਨਾਮ ਛੱਡ ਕੇ ਆਪਣੇ ਸਿਖਿਆਦਾਤਾ ਦਾ ਨਾਮ ਦਿਤਾ ਹੈ। ਜੇਕਰ ਇਸ ਰਵਾਇਤ ਨੂੰ ਪਰਵਾਨ ਕਰ ਲਿਆ ਜਾਵੇ, ਤਾਂ ਭਾਈ ਸਾਹਿਬ ਨੂੰ ਚੰਗਾ ਕਵੀ ਮੰਨਣ ਵਿਚ ਵੀ ਕੋਈ ਆਪੱਤੀ ਨਹੀਂ ਰਹਿ ਜਾਂਦੀ।

ਸੇਵਾਪੰਥੀਆਂ ਲਈ ਭਾਈ ਕਨ੍ਹਈਆ ਜੀ ਦਾ, ਹਰ ਇਕ ਦੇ ਕੰਮ ਆਉਣ ਵਾਲਾ ਸੇਵਾ ਮਈ ਜੀਵਨ ਇਕ ਆਦਰਸ਼ ਜੀਵਨ ਹੈ। ਭਾਈ ਸਹਿਜ ਰਾਮ ਜੀ ਨੇ ਪੰਜਾਬ ਦੀ ਇਸ ਸੁਹਿਰਦ ਤੇ ਪਰਉਪਕਾਰੀ ਸ਼ਖਸ਼ੀਅਤ ਨੂੰ ਸਭ ਤੋਂ ਪਹਿਲੇ ਮਨੋਹਰ ਢੰਗ ਨਾਲ ਸਾਡੇ ਸੁਾਮਣੇ ਲਿਆਂਦਾ ਹੈ। ਖਾਸ ਕਰਕੇ ਲੋਕ ਹਿਤਕਾਰੀ ਹੋਣ ਦੇ ਨਾਤੇ ਆਪ ਦੀ ਕਰਮਯੋਗੀ ਤਸਵੀਰ ਬਹੁਤ ਹੀਂ ਸੋਹਣੀ ਚਿਤ੍ਰੀ ਗਈ ਹੈ। ਭਾ. ਕਨ੍ਹਈਆ ਜੀ ਅਮੀਰ ਘਰਾਣੇ ਦੇ ਜੰਮਪਲ ਸਨ। ਆਪਨੇ ਘਰੋਂ ਜੇਬ ਪੈਸਿਆਂ ਕੌਡੀਆਂ ਨਾਲ ਭਰ ਲਿਆਉਣੀ, ਤੇ ਦਿਨ ਭਰ ਲੋਕਾਂ ਨੂੰ ਵੰਡਦੇ ਰਹਿਣਾ। ਜੇ ਕੋਈ ਗਰੀਬ ਬੇਗਾਰ ਵਿਚ ਫੜਿਆ ਪੰਡ ਚੁਕੀ ਆਉਂਦਾ ਤੱਕਣ, ਤਾਂ ਉਸਦੀ ਭਾਰੀ ਪੰਡ ਖੁਦ ਚੁੱਕ ਲੈਣੀ। ਕਈ ਵਾਰ ਮਾਪਿਆ ਕਹਿਣਾ, ਕਨ੍ਹਈਆ! ਤੇਰੀ ਇਸ ਕਰਤੂਤ ਨਾਲ ਸਾਡੀ ਖ਼ਾਨਦਾਨੀ ਸ਼ਾਂਨ ਨੂੰ ਧੱਕਾ ਲਗਦਾ ਹੈ। ਤੂੰ ਇਉਂ ਨਾ ਕਰਿਆ ਕਰ।' ਨੌਜੁਆਨ ਕਨ੍ਹਈਏ ਦਾ ਉਤਰ ਸੀ, ਮਾਤਾ ਜੀ! ਘਰਾਂ ਵਿਚ ਆਖਰ ਕਈ ਬਾਉਲੇ ਪੁਤਰ ਵੀ ਹੁਦੇ ਹਨ, ਮੈਨੂੰ ਬਾਉਲਾ ਹੀਂ ਸਮਝ ਛੱਡੋ।

Digitized by Panjab Digital Library | www.panjabdigilib.org

ਆਮ ਸਾਧੂ ਆਤਮਕ ਅਨੰਦ ਲਈ ਬਨਵਾਸ ਲੈਣਾ ਜ਼ਰੂਰੀ ਦਸਦੇ ਹਨ, ਪਰ ਭਾਈ ਕਨ੍ਹਈਆ, ਰਾਜਜੋਗੀ ਗੁਰੂ ਨਾਨਕ ਦਰੋਂ ਵਰੋਸਾਏ ਹੋਏ ਸਨ, ਇਸ ਲਈ ਉਨ੍ਹਾਂ ਇਸ ਸ੍ਰਿਸ਼ਟੀ ਵਿਚ ਵੱਸਦਿਆਂ ਰਸਦਿੱਆਂ ਪ੍ਰਭੂ ਖੋਜਣ ਦੀ ਤਾਕੀਦ ਕੀਤੀ ਹੈ।

'ਸੋ ਗੋਬਿੰਦ ਕਾ ਮੇਲਾ ਗੋਬਿੰਦ ਲੋਕਾਂ ਕਉ ਮਿਲ ਕਰ ਹੋਵੇਗਾ। ਸੋ ਗੋਬਿੰਦ ਲੋਕ ਨਗਰੋਂ ਔਰ ਮਨੁਖੋਂ ਮੇਂ ਹੋਤੇ ਹੈਂ। ਸੋ ਤੁਮ੍ਹਾਰਾ ਇਹ ਸੁਭਾਉ ਹੂਆ ਹੈ, ਜੋ ਲੋਕੋਂ ਅਰ ਨਗਰੋਂ ਤੇ ਕਿਨਾਰਾ ਲਈ ਫਿਰਤੇ ਹੋ। ਸੋ ਸੰਤੋਂ ਤੇ ਭੀ ਕਿਨਾਰਾ ਹੂਆ। ਜੈਸੇ ਸੁਨਾਰੇ ਕੀ ਰਾਖ ਸਿਉਂ ਸੋਨਾ ਨਿਕਸਤਾ ਹੈ, ਜਬ ਰਾਖ ਕਾ ਤਿਆਗ ਕੀਆ ਤਬ ਸੋਨੇ ਕਾ ਤਿਆਗ ਭੀ ਸਾਥ ਹੋਇ ਗਇਆ। ਤਾਂ ਤੇ ਤੁਮ ਨਗਰੋਂ ਔਰ ਮਨੁਖੋਂ ਬੀਚ ਸੰਤਾਂ ਕਉਂ ਖੋਜਉ।

(ਪਰਚੀ ਭਾਈ ਕਨ੍ਹਈਆ ਜੀਕੀ, ਪੰਨਾ ੨੪

ਇਸੇ ਤਰਾਂ ਇਕ ਵਾਰ ਸਵਾਲ ਉਠਾਇਆ ਗਿਆ ਕਿ, ਸੇਵਾ ਕਿਸਦੀ ਕੀਤੀ ਜਾਵੇ, ਤੇ ਇਸਦਾ ਚੰਗਾ ਤਰੀਕਾ ਕਿਹੜਾ ਹੈ? ਤਾਂ ਇਸਦੇ ਜਵਾਬ ਵਿਚ ਭਾਈ ਕਨ੍ਹੱਈਆਂ ਜੀ ਨੇ ਫੁਰਮਾਇਆ, ਕਿ ਸੇਵਾ ਕੇਵਲ ਕਿਸੇ ਪੀਰ ਅਵਤਾਰ ਦੀ ਹੀਂ ਨਹੀਂ ਕਰਨੀ, ਸਗੋਂ ਪ੍ਰਾਣੀ ਮਾਤ੍ਰ ਦੀ ਸੇਵਾ ਜੀਵਨ ਆਦਰਸ਼ ਹੈ

'ਏਕ ਸਾਧ ਨੇ ਪ੍ਰਸ਼ਨ ਕੀਆ, ਕਿ ਸੇਵਾ ਕਰਨੀ ਕੀ ਭਲੀ ਜੁਗਤਿ ਕਿਆ ਹੈ? ਤਬ ਭਾਈ ਕਨ੍ਹਈਆ ਜੀ ਨੇ ਇਸ ਪ੍ਰਕਾਰ ਬਚਨ ਕਹੇ, 'ਜੋ ਘਟਿ ਘਟਿ ਮਹਿ ਰਮਤ ਰਾਮ ਕੋ ਜਾਨ ਕਰ ਸੇਵਾ ਕਰਨੀ ਇਹੀ ਭਲੀ ਜੁਗਤਿ ਹੈ। ਜਗਤ ਕੇ ਲੋਗ ਤਉਂ ਚਉ-ਬੀਸ ਅਵਤਾਰ ਹੂਏ ਹੀਂ ਮਾਨਤੇ ਹੈਂ ਅਰੁ ਗੁਰਮੁਖਹੁ ਕੀ ਰਹਿਣੀ ਇਹ ਹੈ, ਕਿ ਜੇਤੇ ਪ੍ਰਾਣੀ ਮਾਤ੍ਰ ਹੈਂ, ਸਭੀ ਹੀਂ ਅਵਤਾਰ ਦ੍ਰਿਸ਼ਟਿ ਦੇਖਤੇ ਹੈਂ।

(ਪਰਚੀ ਭਾਈ ਕਨ੍ਹੱਈਆ ਜੀ, ਪੰਨਾ ੪੬)

ਇਸ ਕਿਸਮ ਦੇ ਕੀਮਤੀ ਬਚਨ ਇਸ ਪੁਸਤਕ ਦਾ ਸ਼ਿੰਗਾਰ ਹਨ, ਜਿਸ ਤੋਂ ਵਿਸ਼ਵ ਸਾਂਝ, ਤੇ ਵਿਸ਼ਵ ਪਿਆਰ ਦੀ ਸਿਖਿਆ ਸਹਿਜ ਹੀਂ ਮਿਲ ਜਾਂਦੀ ਹੈ। ਇਹ ਸਿਖਿਆ ਉਨਾਂ ਕੇਵਲ ਬਚਨਾਂ ਰਾਹੀਂ ਹੀ ਨਹੀਂ ਦ੍ਰਿੜ੍ਹਾਈ, ਸਗੋਂ ਅਪਣੇ ਅਮਲਾਂ ਰਾਹੀਂ ਦ੍ਰਿੜ੍ਹਾਕੇ ਜਗਤ ਸੇਵਾ ਦਾ ਮਾਰਗ ਦੱਸਿਆ ਹੈ।

ਸੇਵਾਪੰਥੀ ਅੱਡਣ ਸ਼ਾਹੀ ਸਭਾ ਨੇ ਅਜੇਹੀ ਰਚਨਾ ਪ੍ਰਕਾਸ਼ਤ ਕਰਕੇ ਪੰਜਾਬੀ ਪਾਠਕਾਂ ਉਤੇ ਭਾਰੀ ਉਪਕਾਰ ਕੀਤਾ ਹੈ। ਜਿਸ ਲਈ ਉਹ ਵਧਾਈ ਦੀ ਹੱਕਦਾਰ ਹੈ, ਚੂੰ ਕਿ ਇਨਾਂ ਪਰਚੀਆਂ ਦੀ ਜਬਾਨ ਸਾਧ ਭਾਸ਼ਾ ਹੈ, ਇਸ ਲਈ ਜੇਕਰ ਨਾਗਰੀ ਵਿਚ ਲਿਪਿਅੰਤਰ ਕਰਕੇ ਵੀ ਇਨਾਂ ਨੂੰ ਪ੍ਰਕਾਸ਼ਿਆ ਜਾਵੇ ਤਾਂ ਹੋਰ ਆਤਮਕ ਜਗਿਆਸੂ ਵੀ ਇਸ ਤੋਂ ਲਾਭ ਉਠਾ ਸਕਦੇ ਹਨ। ਆਸ਼ਾ ਹੈ, ਬਾਕੀ ਅਣ ਛਪੇ ਸਾਹਿਤ ਨੂੰ ਵੀ ਛਾਪੇ ਦਾ ਜਾਮਾ ਪੁਆਕੇ ਛੇਤੀ ਪ੍ਰਗਟਾਇਆ ਜਾਵੇਗਾ।

ਪ੍ਰੋ: ਸ: ਪਿਆਰਾ ਸਿੰਘ 'ਪਦਮ' ਪੰਜਾਬੀ ਯੂਨੀਵਰਸਿਟੀ, ਪਟਿਆਲਾ।

Digitized by Panjab Digital Library | www.panjabdigilib.org

ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਂਈ ॥
ਤੁਰਕ ਅਤੁਰਕ ਨ ਦਿਸਦਾ ਮੈਨੂੰ, ਤੂੰ ਸਾਰੇ ਦਿਸ ਆਈ ॥
ਹਸੇ ਤੇ ਗਲ ਲਾਇਆ ਪਿਆਰਾ ਡੱਬੀ ਹੱਥ ਫੜਾਈ ॥
ਪਾਣੀ ਨਾਲ ਮਲ੍ਹਮ ਬੀ ਰੱਖੀਂ ਲੋੜ ਪਈ ਤੇ ਲਾਈਂ ॥
( ਕਲਗੀਧਰ ਚਮਤਕਾਰ )



—ਸ੍ਰੀ ਪਰਮ ਪੂਜਯ ਸੇਵਾ ਪੰਥੀ ਅੱਡਣ ਸੰਪ੍ਰਦਾ ਦੇ ਮੁਕਟ ਮਣੀ—


**ਭਾਈ ਕਨ੍ਹੱਯਾ ਸਾਹਿਬ ਜੀ**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥



# ਸ੍ਰੀ ੧੦੮ ਮਹਾਰਾਜ ਭਾਈ ਸੈਹਜ ਰਾਮ ਜੀ ਸੇਵਾ ਪੰਥੀ

ਜਨਮ ਨੂਰਪੁਰ ਥੱਲ

## ਕਰਤਾ ਪੋਥੀ ਆਸਾਵਰੀਆਂ ਤੇ ਪਰਚੀਆਂ

## ਸ੍ਰੀ ਭਾਈ ਕਨੱਯਾ ਜੀ ਤੇ ਸ੍ਰੀ ਭਾਈ ਸੇਵਾ ਰਾਮ ਜੀ

ਰਚਨਾ ਸੰ: ੧੮੦੫ ਤੋਂ ੧੮੦੧੩ ਬਿਕ੍ਰਮੀ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ ॥

# ਅਬ ਪਰਚੀ ਭਾਈ ਸੇਵਾ ਰਾਮ ਜੀ ਕੀ ਚਲੀ

॥ ਦੋਹਿਰਾ ॥

ਸਕਲ ਪਦਾਰਥ ਸੁਲਭ ਹੈਂ, ਰਾਜ ਜੋਬਨ ਧਨ ਮਾਨ ॥
ਦੁਲਭ ਸੰਤ ਕੋ ਸੰਗ ਹੈ, ਸੋ ਪ੍ਰਭ ਜਾਨੀ ਜਾਨ ।੧।

॥ ਚੌਪਈ ।। ਅਬ ਸੁਨਹੁ ਸੰਤ ਸੇਵੇ ਕੀ ਗਾਥਾ ॥ ਬ੍ਰਹਮ ਅਨੰਦ ਭੀਨਾ ਜਿਨ ਮਾਥਾ । ਪ੍ਰਭ ਕਉਂ ਦ੍ਰਿੜ ਕਰ ਮਨ ਮਹਿ ਗਹਾ ॥ ਆਂਨ ਬਾਂਨ ਸਗਲੀ ਕਉਂ ਦਹਾ ॥ ਅਪਨਾ ਆਪ ਹਰਿ ਅਰਪਨ ਕੀਨਾ ॥ ਭ੍ਰਮ ਭੈ ਮੇਟ ਭਏ ਲਿਵ ਲੀਨਾ ॥ ਅੰਤ੍ਰ ਬਾਹਰ ਪ੍ਰਭੂ ਬਿਰਾਜੈ ॥ ਸਗਲੀ ਬਿਧ ਹਰਿ ਹਰਿ ਹਰਿ ਛਾਜੈ । ਜੈਸੇ ਖਾਂਡ ਪੂਤ੍ਰਾ ਹੋਈ ॥ ਸਗਲੇ ਅੰਗ ਖੰਡ ਕੇ ਸੋਈ ॥ ੧ ॥

॥ ਦੋਹਰਾ ॥

ਜਿਹ ਜਨ ਲੱਛਨ ਪ੍ਰਭ ਗਹੇ, ਸੋ ਜਨ ਪ੍ਰਭੂ ਪਛਾਨ ॥
ਕਹਨ ਸੁਨਨ ਕਉ ਦੋਇ ਹੈਂ, ਹੈ ਏਕੋ ਭਗਵਾਨ ।੧।

॥ ਚੌਪਈ ॥ ਜਿਨ ਜਨ ਐਸੋ ਪਦ ਹੈ ਪਾਇਆ । ਉਪਮਾ ਤਾਹਿ ਥਾਹ ਨਹੀਂ ਰਾਇਆ ॥ ਇਕ ਜਿਹਬਾ ਸੋ ਕੌਨ ਬਿਚਾਰੀ ॥ ਜਿਹਵਾ ਲਾਖ ਨ ਸਕੈ ਉਚਾਰੀ ॥ ਚਾਰ ਬੇਦਖਟ ਸ਼ਾਸ਼ਤ੍ਰ ਭਾਈ ॥ ਜਨ ਗੁਨ ਕਥਿ ਮਿਤ ਤਾਹਿ ਨ ਪਾਈ । ਕਛਿਅਕ ਬੁਧਿ ਅਨਸਾਰ ਸੋ ਕਹਉਂ । ਉਸਤਤ ਸੰਤ ਕਰੀ ਮੈਂ ਚਹਉਂ । ਜਿਉ ਨਦੀ ਅਗਾਧ ਬਹੇ ਹੈ ਪਿਆਰੇ ਤਿਖਾ ਵੰਤ ਪੀ ਤਿਖਾ ਨਿਵਾਰੇ ॥੨॥

Digitized by Panjab Digital Library | www.panjabdigilib.org

॥ ਦੋਹਰਾ ॥

ਹਰਿ ਜਨ ਉਪਮਾ ਨਦੀ ਹੈ, ਹਮਰੀ ਰੁਚ ਤਿਖ ਵੰਤ ॥
ਹਮ ਅਪਨੀ ਲੋਚ ਪੁਰਾਵਤੇ, ਆਗੇ ਓਹ ਬਿਅੰਤ ॥

॥ ਚੌਪਈ ॥ ਉਸਤਤ ਸੰਤ ਸੁਨਹੁ ਕਛ ਮੀਤਾ । ਪਤਿਤ ਕੋਟ ਕੀਏ ਸੰਤ ਪੁਨੀਤਾ । ਪਹ ਉਪਕਾਰ ਸਮੁੰਦ੍ਰ ਸੋ ਸੰਤ । ਪਰਮ ਉਦਾਰ ਸੋ ਸੀਲ ਮਹੰਤ । ਜੋ ਜੈ ਬਚਨ ਜਗਤ ਮੇਂ ਕਰਤਾ । ਤ੍ਰਿਸ਼ਨਾ ਭੂਖ ਸਕਲ ਜਨ ਹਰਤਾ । ਜਗਿਆਸੀ ਮਹਿੰ ਬਾਵਨ ਸੰਤ । ਲਾਇ ਅੰਗ ਤਿਸ ਤਪਤ ਮਿਟੰਤ । ਬਾਂਵਨ ਮਹਿੰ ਇਹ ਘਟਤਾ ਭਾਈ । ਸਭ ਮਹਿ ਏਕਾ ਵੰਡ ਵੰਡਾਈ ॥ ੩ ॥

॥ ਦੋਹਰਾ ॥

ਹਰਿ ਜਨ ਸਭ ਅਪਿਕਾਰ ਕਉਂ ਦੇਖ ਸੀਤਲਾ ਦੇਹਿ ।
ਲਘੁ ਜਨ ਕਉਂ ਦੇਹ ਥੋੜਲੀ ਦੀਰਘ ਦੀਰਘ ਦੇਹਿ ।੧।

॥ ਚੌਪਈ ॥ ਸੋ-ਤਪਤ ਦਾਸ ਕਿਆ ਕਹੀਐ ਭਾਈ । ਤਾਸ ਨਾਮ ਅਗਿਆਨ ਕਹਾਈ । ਜਿਉਂ ਕਰ ਦਾਸ ਅਗਿਆਨਤਾ ਜਾਵੈ । ਸੋਈ ਉਪਾਇ ਸੰਤ ਬਤਲਾਵੈ । ਅਗਿਆਨ ਕਰਮ ਅਸੰਖ ਅਪਾਰਾ । ਸਭ ਕਉਂ ਅਉਖਦ ਭਿੰਨ ਨਿਆਰਾ । ਸੋ ਹਰਿਜਨ ਸਭ ਅਉਖਧ ਜਾਨੈ । ਸਕਲ ਰੋਗ ਕਉਂ ਸੰਤ ਪਛਾਣੈ । ਕਹੂ ਰੋਗੀ ਕਉੜਾ ਖਵਲਾਵੈਂ । ਕਹੂ ਰੋਗੀ ਪਰ ਮਿਸ਼ਟ ਕਲਾਂਵੈ । ੪ ॥

॥ ਦੋਹਰਾ ॥

ਕਉੜਾ ਮੀਠਾ ਸਿਹਤ ਕਉਂ, ਸੰਤ ਖਵਾਵੈ ਸੋਇ ।
ਹਰਿ ਜਨ ਕੀ ਇਹ ਭਾਵਨੀ, ਰਹੈ ਨ ਰੋਗੀ ਕੋਇ ।੧।

॥ ਚੌਪਈ ॥ ਸੋ ਕੜੂਆ ਮੀਠਾ ਕਿਆ ਕਹੀਐ । ਤਾਤ ਪਰਜ ਤਾਂਕੋ ਸੁਨ ਲਈਐ। ਜੀਵ ਕਉਂ ਮੀਠਾ ਆਦ੍ਰ ਭਾਈ। ਕੜੂ-ਆ ਅਨਆਦ੍ਰ ਜਤਲਾਈ । ਇਕ ਪ੍ਰਿੱਰਤ ਆਦ੍ਰ ਸਿਉਂ ਜਾਵੈ ।

ਇਕ ਅੱਨ ਆਦ ਸਿਉਂ ਭਉ ਖਾਵੈ । ਤਹਿੰ ਵੇਰਵਾ ਆਹਿ ਅਨੰਤ ਸੋ ਸਭ ਰੀਤ ਕਉਂ ਜਾਨਤ ਸੰਤ । ਰੋਗੀ ਅਮਿੱਤ ਅਰੋਗਤ ਕੀਨੇ । ਕਰ ਹਹਿੰ ਰਾਜ, ਰੰਕ ਜੋ ਦੀਨੇ ॥ ੫ ॥

॥ ਦੋਹਰਾ ॥

ਸਕਲੇ ਸੰਤ ਪ੍ਰਸਾਦਿ ਤੇ, ਭਏ ਰਾਜ ਜੋ ਦੀਨ ।
ਧ੍ਰੂਹ ਪ੍ਰਹਲਾਦ ਸੁਕਦੇਵ ਆਦਿ, ਸੰਤਾਂ ਮੁਕਤੇ ਕੀਨ । ੧।

॥ ਚੌਪਈ ॥ ਉਸਤਤ ਸੰਤ ਕਛ, ਅਵਰ ਸੁਨਾਊਂ । ਮਨ ਇੱਛਾ ਉਸਤਤ ਉਚਰਾਂਊਂ । ਤਨ ਕਉਂ ਕੁੰਜ ਨਿਆਈਂ ਛਡਿਓ । ਹਰਿ ਰਸ ਮਹਿੰ ਲੇ ਮਨ ਕਉਂ ਗਾਡਿਓ । ਮਨ ਅਰਦਸ ਇੰਦ੍ਰੀ ਬਸ ਕੀਨੀ । ਕਬਹੁ ਨ ਦੀਸੈ ਇਨਹਿੰ ਅਧੀਂਨੀ । ਜਗ ਅਪਮਾਨ ਮਾਨ ਜੋ ਭਾਈ । ਦੋਨੋ ਸਮ ਸਰ ਸੰਤਾਂ ਆਹੀ । ਜਗ ਮਹਿੰ ਬਸਤੇ ਜਗਤ ਕੇ ਕਾਰਨ। ਤ੍ਰਿਗਦ ਨੀਂਦ ਸਭਹੂੰ ਕੀ ਟਾਰਨਾਂ

॥ ਦੋਹਰਾ ॥

ਪਾਂਚ ਵਿਖੇ ਕੀ ਬਾਸ਼ਨਾ ਮਨਹਿ ਭੁਲਾਈ ਸੰਤ ।
ਜਾਗ੍ਰਤ ਸੁਪਨ ਸਖੋਪਤਹਿੰ, ਕਬਹੁੰ ਨ ਚਿਤਵਤ ਚਿੰਤ ।

॥ ਚੌਪਈ ॥ ਤਨੁ ਮਨੁ ਸਤ ਬਿਚਾਰ ਰਵਰਹਿਆ । ਜਿਹਵਾ ਇੰਦ੍ਰੀ ਅਵਰ ਨ ਗਹਿਆ । ਬਰਤਹਿੰ ਬਿਨ ਬਿਚਾਰ ਨਹ ਨੈਕ । ਘਰ ਪ੍ਰਦੇਸ਼ ਮਝਾਰ ਬਿਬੇਕ । ਬਿਨ ਬਿਚਾਰ ਨਹੀਂ ਸੀਸ ਹਲਾਵਹਿੰ । ਅੱਧਾਖਰ ਬਿਨਾ ਬਿਚਾਰ ਨ ਬਤਾਵਹਿੰ । ਪੇਖਨ ਚਾਖਨ ਸੁਨਨ ਸੁਨਾਂਵਨ । ਸਭ ਲੈ ਸੱਤਿ ਬਿਚਾਰ ਬਨਾਵਨ । ੭।

॥ ਦੋਹਰਾ ॥

ਬੁਧ ਹਰਿ ਜਨ ਹੇਲਤ ਹਿਲੀ, ਸਤਿ ਬਿਚਾਰ ਕੀ ਟੇਵ ।
ਅਦਭੁਤ ਚਾਲੀ ਬਨਿ ਰਹੀ, ਠਾਟੀ ਗੋਬਿੰਦ ਸੇਵ ।

॥ ਚੌਪਈ ॥ ਜੋ ਜਨ ਸੰਤ ਕਉਂ ਮਨ ਸਉਂ ਪਾਵੈ । ਤਾਕਉਂ

ਅਪਨੇ ਦੇਸ ਵਸਾਵਹਿੰ । ਮਨ, ਬਚਨ, ਕਰਮ ਤਹਿ ਕਾਜ ਸਵਾਰੇ । ਅਪੁਨਾ ਆਪ ਜਾਨ ਨਿਸਤਾਰੇ । ਜੇਤਾ ਕਛੁ ਜੁ ਸੰਤ ਮਨ ਦੇਵੈ । ਤੇਤਾ ਹੀਂ ਉਬਰ ਸੋ ਲੇਵੈ । ਗ੍ਰਿਹ ਸਿਉਂ ਭਾਗ ਜੋ ਸੰਤ ਮਨ ਦੇਵਹਿੰ। ਜਿਉਂ ਕਿਉਂ ਜਨ ਕਾਰਜ ਕਰ ਲੇਵੈਂ । ਜੋ ਜਨ ਮਾਨ ਮਿਲ ਦੇਹ ਨ ਮੰਨਾ । ਤਾਂ ਸਿਉਂ ਕਛ ਨ ਕਰੈ ਹਰਿ ਜਨਾ ॥ ੮ ਸੋਰਠ ॥

ਫੂਲੇ ਫਲੇ ਨ ਬੈਤ, ਜਉਂ ਕਰ ਬਰਖੈ ਸੁੱਧਾ ਜਲ । ਮੂਰਖ ਹੋਇ ਨ ਸੁਚੈਤ, ਜੇ ਗੁਰ ਮਿਲਹਿ ਬਿਰੰਚ ਸੱਤ ।

ਚੌਪਈ ॥ ਪ੍ਰਿਥਮ ਅਵਸਥਾ ਹਰਿ ਜਨ ਭਾਖਉਂ ॥ ਜਿਉ ਸੁਨਿਆਂ ਤਿਉ ਕਰ ਤੁਮ ਆਖਉਂ ॥ ਦੱਖਨ ਦਿਸ ਸਿੰਧ ਲੱਮੀ ਦੇਸ ॥ ਤਹਾਂ ਜਨਮ ਸੰਤ ਕੀਉ ਪ੍ਰਵੇਸ਼ ॥ ਪ੍ਰਿਥਮੇ ਸੰਗਤ ਪਿਤ ਕੀ ਭਈ ॥ ਬਰਨ ਸੁਨਾਵਉ ਜਿਉਂ ਸੁਨ ਲਈ ॥ ਪਿਤਾ ਸੰਤ ਬੈਰਾਗੀ ਆਹਾ ॥ ਕਿਰਤ ਸੰਜੋਗ ਗ੍ਰਸਤ ਕੀਓ ਤਾਹਾ ॥ ਕਿਰਤ ਬੱਲ ਭੀ ਪੱਰਬਲ ਭਾਈ । ਤਾਂਕੀ ਰੇਖ ਨ ਮੇਟੀ ਜਾਈ ॥੯॥

॥ ਦੋਹਿਰਾ ॥

ਜਨ ਮੇਜਾ, ਰਾਜਾ ਹਰੀ ਚੰਦ, ਇੰਦ੍ਰ ਨਰੇਸ ਜੋ ਆਹਿ ।
ਕਿਰਤ ਰੇਖ ਨਹ ਕਿਨ ਟੱਲੀ, ਬੱਲ ਪ੍ਰਬਲ ਹੈ ਤਾਹਿੰ ।

ਚੌਪਈ ॥ ਪਿਤਾ ਸੰਤ ਕਛ ਕਿਰਤ ਸੰਜੋਗ । ਗ੍ਰਸਤ ਮਾਹਿ ਤਿਨ ਭੋਗੇ ਭੋਗ । ਮਨ ਉਨ ਤਿਆਗ ਸਦਾ ਹੀਂ ਬਾਂਛੈ । ਕ੍ਰਿਤ ਸੰਜੋਗ ਪ੍ਰੇਰੇ ਜਨ ਆਛੈ । ਅਤੀਤ ਹੋਨ ਕੀ ਵਾਂਛਾ ਤਾਹਿੰ । ਸਦਾ ਉਦਾਸ ਰਹੇ ਮਨ ਮਾਹਿੰ । ਕ੍ਰਿਤ ਸੰਜੋਗ ਗ੍ਰਸਤ ਜੋ ਕੀਆ । ਤਬ ਤਿਹ ਘਰ ਸੰਤ ਬੇਟਾ ਥੀਆ । ਬਾਲ ਸੁਭਾਉ ਜੋ ਹੋਵਨ ਰਿੰਗਨ । ਤਾਮਹਿੰ ਕਛ ਪਾਈਅਹਿ ਨਹੀ ਵਿੰਗਨ ॥੧੦॥

॥ ਦੋਹਿਰਾ ॥

ਜਿਨ ਕਉਂ ਪ੍ਰਭ ਗਯਾਨੀ ਕਰੇ, ਤੇ ਜਨ ਸੁਤਹ ਸੁ ਸੰਤ ।
ਮਨ ਸੁਭਾਵ ਤਿਨ ਕੇ ਦੱਗੇ, ਬਾਲ ਜੁਆਨ ਬ੍ਰਿਧੰਤ।

Digitized by Panjab Digital Library | www.panjabdigilib.org

॥ ਚੌਪਈ ॥ ਜਬ ਏਟਾ ਘਰ ਤਾਂ ਕੇ ਭਯੋ। ਪਿਤਾ ਤਿਆਗ ਗ੍ਰਸਤ ਰਿਦ ਠਇਓ। ਬਹੁੜ ਗ੍ਰਸਤ ਕੇ ਨਿਕਟ ਨ ਆਇਓ। ਕਿਰਤ ਸੰਜੋਗ ਅੰਤ ਦਰਸਾਇਓ। ਸੰਤ ਨਾਮ ਲੇ ਧਰਿਓ ਸੇਵਾ। ਉਤਪਤ ਭਇਓ ਜਗਤ ਕਉਂ ਮੇਵਾ। ਜਬ ਦੁਹ ਬਰਖ ਹੂਓ ਆਇ ਸੰਤ। ਪਿਤਾ ਸਿਖਾਇਓ ਸਤਿਗੁਰ ਮੰਤ। ਜਬਹਿ ਜੀਭ ਉਚਰਨ ਮਹਿ ਆਈ। ਤਬ ਵਾਹਿਗੁਰੂ ਕੀ ਟੇਵ ਸਿਖਾਈ॥ ੧੧ ॥

॥ ਦੋਹਰਾ ॥

ਪਿਤਾ ਠਉਰ ਨਿਆਰੀ ਰਹੇ, ਘਰ ਸਿਉ ਜੁਦਾ ਸੁ ਗ੍ਰੇਹਿ।
ਨਿਸ ਦਿਨ ਰਹਨ ਉਨ ਮਹਿੰ ਕਰਤ, ਪਿਤਾ ਪੂਤ ਬਹੁ ਨੇਹੁ।

॥ ਚੌਪਈ ॥ ਪਿਤਾ ਪੂਤ ਸਿਉਂ ਪ੍ਰੀਤ ਲਗਾਈ। ਪੂਤ ਭਾਵਨਾ ਤਾਹਿੰ ਨ ਭਾਈ। ਤਾਂਕੇ ਤਾਤ ਪਰਜ ਮਨ ਸੋਇ। ਕਛੂ ਸਿਖਾਈਐ ਇਨ ਕਉਂ ਓਇ। ਜਾਂਤੇ ਬਾਰਿਕ ਹਰਿ ਜਨ ਹੋਵੈ। ਸ੍ਰਮ ਭ੍ਰਮ ਮਹਿੰ ਏਹੁ ਅਉਧ ਨ ਖੋਵੈ। ਸੰਤ ਬਾਰਕ ਕੀ ਪ੍ਰੀਤ ਭਿ ਉਨਹੀਂ। ਅਵਰ ਪ੍ਰੀਤ ਸਿਉਂ ਮਾਥਾ ਧੁਨ ਹੀਂ। ਮਿਲ ਇਕੰਤ ਵਸਹਿੰ ਦਿਨ ਰਾਤੀ। ਪਿਤਾ ਪੂਤ ਦੋਨੋ ਇਕ ਜਾਤੀ॥ ੧੨ ॥

॥ ਦੋਹਰਾ ॥

ਸੁਘੜ ਪਿਤਾ ਸੁਜੱਨ ਸੁਜਾਨ, ਮਹਾਂ ਪੁਰਖ ਪ੍ਰਤਪਾਲ।
ਬਚਨ ਸੁਨਾਵੈ ਗੁਰ ਮਤੀ, ਜਿਉਂ ਸਮਝਤ ਦੇਖੈ ਬਾਲ।

॥ ਚੌਪਈ ॥ ਜਬ ਸਾਤ ਬਰਖ ਕੋ ਹੂਓ ਹਰਿ ਜਨ। ਤਬ ਕੀਓ ਉਪਦੇਸ਼ ਪਿਤਾ ਇਹੁ ਸੁਰ ਜਨ। ਸੁਨ ਬਾਲਕ ਇਹ ਬਚਨ ਹਮਾਰੇ। ਅਪਨਾ ਆਪ ਬਚਾਈਓ ਪਿਆਰੇ। ਜਗ ਸੁਪਨਾ ਸਤ ਦੇਇ ਦਿਖਾਈ। ਮਿਲਿਆ ਛਲ ਵਲ ਨਾਨਾ ਭਾਈ। ਬਿਖੈ ਭੋਗ ਸੁਖ ਸੁਖਾਦ ਜੁ ਜੇਤੇ। ਸਭ ਹੈਂ ਜਾਲ ਕਾਲ ਕਾ ਤੇਤੇ। ਏਹ ਕਾਲ ਨੇ ਪਾਇਆ ਫਾਸੀ। ਫਸਾਇ ਲੀਆ ਘਾਲੇ ਚੌਰਾਸੀ ॥੧੩॥

॥ ਦੋਹਰਾ ॥

ਬਿਖੈ ਭੋਗ ਜੋ ਭੋਗਈ ਮਨ ਬਚ ਕਰਮ ਮਿਲੇ ॥
ਅਵੱਸ਼ ਨਰਕ ਤੇ ਜਾਵਹੀ ਚਉਰਾਸੀ ਨ ਟਲੇ।

॥ ਚੌਪਈ ॥ ਚਉਰਾਸੀ ਦੁਖ ਅਮਿਤ ਅਪਾਰ। ਜੋ ਭੋਗੈ ਸੋ ਜਾਨੈ ਯਾਰ। ਬਿਖੈ ਭੋਗ ਕੋ ਫਲ ਚਉਰਾਸੀ। ਬਿਖੈ ਤਿਆਗ ਲੇਹੁ ਸੁਖ ਅਬਿਨਾਸੀ। ਥੋਰੇ ਦਿਵਸ ਬਿਖਿਆ ਕੇ ਭੋਗਾ। ਕਰ ਸੰਤੋਖ ਰਿਦੇ ਗਹੁ ਜੋਗਾ। ਜਗ ਮਹ ਇਹੁ ਨੀਕਾ ਹੈ ਮੀਤ। ਸਕਲ ਤਿਆਗ ਹੋਵਹੁ ਅਤੀਤ।। ਇਹ ਜੋ ਗ੍ਰਿਹ ਕੁਟੰਬ ਸਨਬੰਧ। ਝੂਠੇ ਨਾਤੇ ਸੰਕਟ ਧੰਧ ॥ ੧੪ ॥

॥ ਦੋਹਰਾ ॥

ਨਾਤੇ ਨੇਹ ਕੁਟੰਬ ਕੇ, ਸਕਲ ਝੂਠੇ ਹਹਿੰ ਮੀਤ।
ਇਹ ਨਾਤਾ ਇਸਥਿਰੁ ਸਦਾ, ਗਹੁ ਸੰਤਨ ਸਿਉਂ ਪ੍ਰੀਤਿ।

॥ ਚੌਪਈ ॥ ਪਿਤਾ ਉਪਦੇਸ਼ ਇਹ ਬਾਰਿਕ ਦੀਨਾ। ਰਿਦ ਮਨ ਸਾ ਇਹ ਕਰੀ ਪ੍ਰਬੀਨਾ। ਮਨ ਮਹ ਇਹੁ ਚਿਤਵਨੀ ਆਈ। ਆਪ ਕਉਂ ਆਪ ਤਿਨਹਿੰ ਸਮਝਾਈ। ਜੋ ਨੀਕਾ ਹੋਵੈ ਹੈ ਕਾਜ। ਬਿਲਮ ਨ ਕਰੀਐ ਮਨਿ ਤਹਿ ਸਾਜ। ਗ੍ਰਿਸਤ ਭੇਖ ਤਜ ਭਇਓ ਅਤੀਤਾ। ਬਾਰਿਕ ਓਇ ਸਮਝਾਈ ਰੀਤਾ। ਪ੍ਰਿਥਮੇ ਮੈ ਨਿਕਸਉਂ ਹਰਿ ਜੱਨੁ। ਪਾਛੇ ਤੁਮ ਉਦਾਸ ਕਰੋ ਮੱਨ ॥ ੧੫ ॥

॥ ਦੋਹਰਾ ॥

ਗੁਰਮਤ ਨਾਤੇ ਕੋ ਪਤਾ, ਇਹੀ ਸਮਝੀਓ ਸਿਆਨ।
ਏਕ ਕਹੀ ਦੂਸਰ ਗਹੀ, ਜਿਉਂ ਕਿਉਂ ਸੀਤਲ ਗਿਆਨ।

॥ ਚੌਪਈ ॥ ਬਾਰਿਕ ਸੰਤ ਮਾਨਿ ਯਿਹ ਲਈ। ਜਿਉਂ ਕਹੀ ਪਿਤਾ ਤਿਉਂ ਹੀਂ ਰਿਦ ਗਹੀ। ਪ੍ਰਿਥਮੇ ਕੀਨੋ ਪਿਤਾ ਪਿਆਨਾ। ਬਨ ਅਤੀਤ ਫਿਰਿਓ ਪੁਰ ਨਾਨਾ। ਖਬਰ ਨ ਭੇਜੀ

ਅਪੁਨੀ ਤਿਨੇ। ਦੇਖਨ ਆਇਓ ਕਹੀ ਨ ਕਿਨੇ। ਜਿਉ ਨਿਕਸੇ ਤਹ ਫੇਰੁ ਨ ਆਏ। ਉਪਜੇ ਹਰਿ ਹਰਿ ਮਾਹਿ ਸਮਾਏ ॥ ਜਾਤ ਪਾਤ ਅਰ ਘਰ ਪੁਰ ਦੇਸ਼ । ਸੰਤ ਸਭੋ ਪ੍ਰਭੁ, ਪ੍ਰਭ ਪ੍ਰਵੇਸ਼। ੧੬।

॥ ਦੋਹਿਰਾ ॥

ਸਕਲ ਤਿਆਗ ਜੋ ਹਰਿ ਰਚੇ, ਤਿਨ ਕੋ ਹਰਿ ਹੀਂ ਧਾਂਮ।
ਪਰਚਾ ਤਿਨ ਕਉਂ ਹਰਿ ਭਇਆ,ਹਰਿ ਮਹਿੰ ਸੁਖ ਬਿਸਰਾਮ।

॥ ਚੌਪਈ ॥ ਜਬਹਿੰ ਸੰਤ ਭਇਓ ਬਰਖ ਦੁਆਦਸ ਤਬ ਉਨ ਯਹ ਕੀਨੀ ਲੇ ਸਾਜਸ। ਘਰ ਸਿਉ ਨਿਕਸ ਉਤ੍ਰ ਦਿਸ ਧਾਏ। ਮਨ ਵੰਛਾ ਸੰਤਨ ਦਰਸ ਸਾਏ। ਪ੍ਰਭੂ ਮਿਲਨ ਮਨ ਰਾਖਤ ਕਾਮਾ। ਤਰਫਤ ਜੀਅਰਾ ਆਠੋ ਜਾਮਾ। ਖਾਨਾ ਪੀਨਾ ਨੀਂਦ ਨ ਭਾਵੈ। ਹਰਿ ਸਿਮਰਨ ਹਿਰਦੈ ਹਿਤ ਆਵੈ। ਇਉਂ ਜਾਨਤ ਅਪਨੇ ਮਨ ਸੋਈ। ਸਤਿਗੁਰ ਕਰ ਹਰਿ ਮੇਲਾ ਹੋਇ। ਇਤ ਕਰਿ ਕੈ ਸਤਿਗੁਰ ਕਉਂ ਖੋਜੈਂ। ਪਾਈਅਹਿ ਕਹੂੰ ਸਤਿਗੁਰ ਕੀ ਮਉਜੈ॥ ੧੭॥

॥ ਦੋਹਰਾ ॥

ਇਕ ਅਤੀਤ ਸੰਗ ਜਾ ਮਿਲੇ, ਭੇਖ ਉਦਾਸੀ ਮਾਹਿੰ।
ਸੋ ਅਤੀਤ ਚੱਤ੍ਰਾ ਬਡਾ, ਦਰਸਿਓ ਸੰਤ ਇਨਾਹਿੰ।

॥ ਚੌਪਈ ॥ ਅਪੁਨਾ ਆਪ ਕਰਿ ਸੰਤ ਦਿਖਾਇਆ। ਮਨਹੁ ਅਸੰਤ ਤਿਨ ਭੇਖ ਬਨਾਇਆ। ਇਨ ਕਉ ਤਿਨ ਦ੍ਰਸਿਓ ਜਗਿਆਸੀ। ਬਿਰਥਾ ਇਨਿ ਉਨਿ ਦੇਖਤ ਭਾਸੀ। ਇਨ ਹਾਲਤ ਉਨ ਕੀਨੀ ਸਹੀ। ਸੰਤਨ ਕਉਂ ਖੋਜਤ ਹੈ ਯਹੀ। ਤਬ ਉਨ ਸੰਤਨ ਭੇਖ ਬਨਾਇਆ। ਬੇ ਪਰਵਾਹ ਨ ਇਨਹ ਬੁਲਾਇਆ। ਲੱਛਨ ਸੰਤ ਮੁਖ ਖੋਲ ਸੁਨਾਏ। ਹੋਇ ਅਚਾਹ ਇਨਹਿੰ ਦਿਖਰਾਏ। ਤਬ ਇਨ ਉਨ ਪਰ ਕੀਓ ਬਿਸਵਾਸ। ਉਨ ਗੁਰ ਮਾਨਿ ਨਿਜ ਜਾਨਿਓ

Digitized by Panjab Digital Library | www.panjabdigilib.org

ਦਾਸ ॥ ੧੮ ॥ ॥ ਦੋਹਰਾ ॥

ਉਦਾਸੀ ਭੇਖ ਅਤੀਤ ਜਨ, ਇਨਹਿੰ ਭਿ ਦੀਨੋ ਸੋਇ।
ਸਿਖ ਮਾਨਿਓ ਰਿਦ ਆਪਨਾ, ਭੇਦ ਭੁਲਾਵਾ ਖੋਇ।

॥ ਚੌਪਈ ॥ ਤਬ ਹਰਿ ਜਨ ਤਿਨ ਸੰਗ ਮਿਲ ਰਹੇ। ਇਹ ਗੁਣੱਗ ਸਭ ਲਾਇਕ ਅਹੇ। ਸਿੱਖ ਲਛਨ ਜੋ ਬੇਦ ਬਤਾਏ। ਤੇ ਸਕਲੇ ਇਨ ਮਹਿ ਹੈਂ ਪਾਇ।ਜੋ ਲਛਨ ਸਤਿਗੁਰ ਕੇ ਭਾਈ। ਤੇ ਉਨ ਧਾਰੇ ਭੇਖ ਬਨਾਈ। ਸਾਚ ਭੇਖ ਕਿਉਂ ਮਿਲਹਿੰ ਪਿਆਰੇ। ਓੜਕ ਹੋਵਹਿੰ ਪਸਰ ਨਿਰਾਰੇ। ਕ੍ਰੰਮ ਕ੍ਰੰਮ ਕਰਿ ਹਰਿਜਨ ਤਿਨ ਦ੍ਰਿਸਿਓ। ਇਹੁ ਹੈ ਲੋਭੀ ਰਿਦ ਤਿਨ ਬਸਿਓ ॥ ੧੯ ॥

॥ ਦੋਹਰਾ ॥

ਭੇਖ ਮੁਲੱਮਾ ਪਾਜ ਜੋ, ਓੜਕ ਹੋਇ ਪ੍ਰਸਿੱਧ।
ਜੋ ਅਸਲੀ ਅਸਲੀ ਰਹੇ, ਭੇਖ ਸੁ ਹੋਇ ਨਖਿਧਿ।

॥ ਚੌਪਈ ॥ ਜਬ ਹਰਿ ਜਨ ਤਿਨ ਭੇਖੀ ਜਾਨਾ। ਤਬ ਊਹਾਂ ਸਿਉਂ ਨਸਬੋ ਠਾਨਾ। ਸੁਨ ਅਤੀਤ ਉਠ ਪੀਛੇ ਲਾਗਾ। ਆਇ ਮਿਲਿਓ ਉਦਿਆਨ ਵਿਰਾਗਾ। ਹਰਿ ਜਨ ਕਉਂ ਤਿਨ ਮਾਰਿਓ ਬਹੁਤਾ। ਪਕੜ ਭੁਜਾ ਫਿਰ ਘਰ ਲੇ ਪੌਹਤਾ। ਏਹੁ ਅਹੰਕਾਰ ਅਤੀਤ ਜਨਾਏ। ਮੈਂ ਭੇਖ ਦੇਇ ਤੁਮ ਸਿਖਯ ਬਨਾਏ। ਹੋਇ ਹਮਰੇ ਕਿਉਂ ਹਮਹਿੰ ਤਜਾਵਹੁ। ਹਮਰੀ ਹੀਂ ਤੁਮ ਸੇਵ ਕਮਾਵਹੁ। ੨੦ ॥ ॥ ਦੋਹਰਾ ॥

ਅਤੀਤ ਰਿਦਾ ਪ੍ਰਵਿਰਤ ਥਾ, ਸੰਤ ਰਿਦਾ ਨਿਰ ਵਿਰਤਿ।
ਆਪੋ ਆਪ ਨ ਬੁਧ ਮਿਲੇ, ਨਾਹਿ ਮਿਲੇ ਪ੍ਰਕਿਰਤ।

॥ ਚੌਪਈ ॥ ਹਰਿ ਜਨ ਢੂੰਢੇ ਸੰਤਾਂ ਲਛਨ। ਨਾਹਿ ਦਿਸੇ ਅਤੀਤ ਮਹਿੰ ਲਛਨ। ਜਿਉਂ ਅਤੀਤ ਹਰਿ ਜਨ ਕਉ ਗਹੇ। ਤੇਤਾ ਚਿਤ ਹਰਿ ਜਨ ਕਾ ਤ੍ਰੈਹੇ। ਹਰਿ ਜਨ ਕਉਂ ਚਿਤ ਚਿਤਵਨ

ਮਹਿੰ ਚਛਨ । ਜਿਉਂ ਅਤੀਤ ਹਰਿ ਜਨ ਕਉਂ ਗਹੇ । ਤੇਤਾ ਚਿਤ ਹਰਿ ਜਨਕਾ ਤ੍ਰੈਹੇ । ਹਰਿਜਨ ਕਉਂ ਚਿਤ ਚਿਤਵਨ ਅਉਰ । ਅਤੀਤ ਨਜਰ ਤਿਨ ਖਿਦਮਤ ਓਰ । ਕਸਾਬ ਛੇਲੀ ਕੀਮੀਝ ਨਿਹਾਰੇ । ਛੇਲੀ ਭਉ ਜਿੰਦ ਕਾ ਧਾਰੇ । ਦੋਨੋ ਭਇਓ ਅਜੋੜ ਅਤਿ ਬਡਾ । ਜਿਉ ਜਲ ਅਗਨਿ ਨ ਇਕੱਠੇ ਗਡਾ ॥੨੧॥

॥ ਦੋਹਰਾ ॥

ਕ੍ਰਿਤ ਸੰਜੋਗ ਪੂਰਾ ਭਇਓ, ਫਿਰ ਨਸ ਚਲਿਓ ਸੰਤ ।
ਐਸੇ ਗਇਓ ਫਿਰ ਨਾ ਵਲਿਓ, ਭਇਓ ਦੂਖ ਕੋ ਅੰਤ ।

॥ ਚੌਪਈ ॥ ਊਹਾਂ ਸਿਉਂ ਜਬ ਸੰਤ ਨਸਾਨਾ । ਤਿੰਨ ਹਰਿ ਪਹਿ ਏਹ ਬਿਨਤੀ ਠਾਨਾ । ਹੇ ਪ੍ਰਭ ਮੋਕਉਂ ਈਹਾਂ ਕਾਢਉ। ਯਿਹ ਹੈ ਅਤਿ ਅਜੋੜ ਬਹੁ ਡਾਢੋ । ਫਿਰ ਮੋਕਉਂ ਇਹ ਨਾਹਿ ਮਿਲਾਵਹੁ । ਈਹਾਂ ਸਿਉਂ ਮੋਕਉਂ ਲੈ ਜਾਵਹੁ । ਰੋਵਤ ਰੋਵਤ ਬਸਤ੍ਰ ਭਿਗਾਇ । ਦੂਹੂੰ ਦੁਖ ਕਰ ਰੋਵਨ ਆਇ । ਹਰਿ ਕੋ ਬਿਰਹੁ ਸੁ ਛਾਤੀ ਜਾਰੇ । ਦੂਆ ਅਤੀਤ ਪਿਛਹੁੰ ਭਉ ਮਾਰੇ । ਦਰੀਯਾ, ਨਾਲੇ, ਕਾਂਟੇ ਭਾਈ । ਸਕਲ ਸੰਤ ਕਉਂ ਲੇਫ ਤੁਲਾਈ ।੨੨

॥ ਦੋਹਰਾ ॥

ਭਉ ਅਤੀਤ ਕੋ ਰਿਦ ਗਹੇ, ਕੂਦ ਪਰੇ ਦਰੀਆਇ ।
ਮਤ ਅਤੀਤ ਮੋਕਉਂ ਮਿਲੇ, ਭਾਗ ਆਗੈ ਹੀਂ ਜਾਹਿ ।

॥ ਚੌਪਈ ॥ ਲੋਚਨ ਸਿਉਂ ਅੰਸੂਅਨ ਢਰ ਕਾਂਵੈਂ । ਮੁਖ ਸੇ ਏਹ ਬਾਨੀ ਲੇ ਗਾਂਵੇ । ਜੀਅ ਕੇ ਦਾਤੇ ਗੁਬਿੰਦ ਪਿਆਰੇ ਤੁਮਰੇ ਮਿਲਨ ਕੋ ਚਾਉ ਮੁਰਾਰੇ । ਚਲਤੇ ੨ ਐਸੇ ਭਾਈ। ਆਨੰਦ ਪੁਰਮੇ ਪੌਹਚੇ ਜਾਈ । ਗੋਬਿੰਦ ਸਿੰਘ ਗੁਰੂ ਸੁਖ ਦਾਈ । ਦਸਵਾਂ ਮਹਲ ਸਕਲ ਬਤਲਾਈ । ਊਹਾ ਇਹ ਕੌਤਕ ਜਾਇ ਦ੍ਰਸੇ । ਸਭ ਅਤੀਤਸਿਉਂ ਟੋਪੀ ਖੱਸੇ ॥੨੩॥

॥ ਦੋਹਰਾ ॥

ਸਭ ਕੇ ਸਿਰ ਪਗੜੀ ਮਿਲੇ, ਭੇਖ ਅਤੀਤ ਹੋਇ ਦੂਰ।
ਗੁਰੂ ਅਤੀਤ ਸੁਆਂਗੀ ਕਹੇ, ਕਉਤਕ ਦ੍ਰਸੇ ਹਜੂਰ।

॥ ਚੌਪਈ ॥ ਦੇ ਪਗੜੀ ਸੇਵਾ ਸਉਂ ਪਾਵੈਂ। ਕਾਹੂ ਸਿਉਂ ਲੇ ਘਾਸ ਬਢਾਵਹਿੰ। ਕਾਹੂ ਸਿਉਂ ਪੀਸਾਈਐ ਆਟਾ। ਕਹੂੰ ਘਰ ਭੇਜ ਕਢਾਵਹਿੰ ਹਾਟਾ। ਹਰਿ ਜਨ ਭੀ ਊਹਾਂ ਬਹੁ ਰਹਾ। ਇਨ, ਕਉਂ, ਕਛੂ ਨ ਕਿਨਹੂੰ ਕਹਾ। ਇਨਕਾ ਭੇਖ ਨ ਕਿਨੇ ਉਤਾਰਾ। ਊਹਾਂ ਸਿਉਂ ਭੀ ਸੰਤ ਸਿਧਾਰਾ। ਦਰਸ਼ਨ ਕਰ ਖੋਜਨ ਫਿਰ ਚਰੇ। ਪ੍ਰਭੂ ਪਿਆਸ ਜਿਉਂ ਕੀ ਤਿਉਂ ਉਰੇ ॥੨੪॥

॥ ਦੋਹਰਾ ॥

ਅਵਰ ਏਕ ਜਨ ਸੋਂ ਮਿਲੇ, ਵੁਹ ਜੋਗੀ ਜਨ ਆਹਿ।
ਸਕਲ ਜੋਗ ਕੇ ਅੰਗ ਜੋ, ਸਾਧੇ ਥੇ ਤਿਨ ਆਹਿ।

॥ ਚੌਪਈ ॥ ਸੰਤ ਭੀ ਜੋਗ ਕੋ ਸਾਧਨ ਲਾਗਾ। ਲੇਵੈ ਜਨ ਸਿਉਂ ਸੀਖ ਸਭਾਗਾ। ਮਨ ਹਰਿ ਜਨ ਪਦ ਬਾਂਛੈ ਗਿਆਨ। ਕਹਾਂ ਕਰੈ ਪ੍ਰਭ ਦੇਇ ਨ ਸਿਇਆਨ। ਭੂਖ ਮਰਨ ਸਿਉ ਸਾਗ ਭਿ ਚੰਗਾ। ਯਿਹ ਰਿਦਧਾਰ ਕੀਓ ਅਸ਼ਟਾਂਗਾ। ਠਟਤ ਜੋਗ ਤਨ ਬਢਿਓ ਰੋਗਾ। ਉਨ ਸਿਉਂ ਭੀ ਉਨ ਕੀਓ ਬਿਜੋਗਾ। ਫਿਰ ਖੋਜਨ ਉਠ ਚਰਿਓ ਸੰਤਾ। ਅਧਿਕ ਪਿਆਸ ਸਤਿਗੁਰੂ ਮਹੰਤਾ। ॥ ੨੫ ॥

॥ ਦੋਹਰਾ ॥

ਜਹ ਜਹ ਪੁਰ ਕੇ ਮਧ ਜਾਹਿ, ਤਹ ਤਹ ਪੂਛਹਿੰ ਸੰਤ।
ਕੋਊ ਸੰਤ ਈਹਾਂ ਰਹੈ, ਇਹ ਪੂਛਨ ਪੂਛੰਤ।

॥ ਚੌਪਈ ॥ ਜੋ ਮਨਸਾ ਕਾਹੂ ਰਿਦ ਹੋਵੈ। ਦ੍ਰਿੜ ਕਰ ਗਹੇ ਸੁ ਮਨਹੂੰ ਨ ਖੋਵੈ। ਸੋ ਮਨਸਾ ਪ੍ਰਭੁ ਪੂਰੀ ਪਾਏ। ਸਰਬ ਕਲਾ ਸਮਰਥ ਸਦਾਇ। ਬਹੁੜ ਸੰਤ ਇਕ ਪੁਰ ਮਧ ਗਇਓ। ਤਹਾਂ ਇੱਕਸ

Digitized by Panjab Digital Library | www.panjabdigilib.org

ਜਨ ਆਇ ਸੁ ਕਹਿਓ। ਹੇ ਹਰਿ ਜਨ ਇਕ ਈਹਾਂ ਸੰਤ। ਦੇਖੇ ਉਨ, ਹੈ ਬੜੇ ਮਹੰਤ। ਥੇ ਭੀ ਐਸੇ ਗਯਾਨੀ ਭਾਈ। ਜਿਉਂ ਜਨ ਆਇ ਬਾਤ ਬਤਲਾਈ॥ ੨੬॥

॥ ਦੋਹਰਾ॥

ਤਿਹ ਹਰਿ ਜਨ ਕੋ ਪਦ ਬਡਾ, ਕਛ ਉਸਤਤ ਸੁਨਿ ਮੀਤ।
ਪੰਥ ਪਖ ਨਹਿ ਕੋ ਧਰੈ, ਤਿਆਗੀ ਸਕਲ ਅਨੀਤ।

॥ ਚੌਪਈ॥ ਭਾਈ ਕਨੱਯਾ ਤਾਕੋ ਆਹੀ। ਮਾਨੋ ਆਪ ਰਮਈਆ ਭਾਈ। ਨਾਮ ਰੂਪ ਅਰ ਤਨੁ ਅਭਿਮਾਨਾ। ਇਨ ਸੋਂ ਪਰੇ ਸੰਤ ਸੋ ਜਾਨਾ। ਬ੍ਰਹਮ ਪ੍ਰਸੰਨ ਤਾਹਿ ਪਰ ਭਏ। ਅਹੰ ਰੋਗ ਸਗਲੇ ਗਤਿ ਗਏ। ਸਤਿ ਬਿਚਾਰ ਨਿਜ ਪਰਚਾ ਕੀਨਾ। ਏਕੋ ਏਕ ਰਹਿਓ ਪ੍ਰਸੀਨਾ। ਪ੍ਰਭ ਰਜਾਇ ਪਰ ਰਾਜੀ ਸੰਤ। ਹੋਇ ਆਸ਼ਕ ਪ੍ਰਭ ਰਹੇ ਮਹੰਤ॥ ੨੭॥

॥ਦੋਹਰਾ।

ਜਿਉਂ ਰਜਾਇ ਪ੍ਰਭ ਕੀ ਦ੍ਰਸਹਿੰ, ਤਿਉਂ ਅਪਨੀ ਕਰ ਲੇਹਿ।
ਸਹਜ ਹਿੰਡੋਲੇ ਝੂਲਤੇ, ਨਿਜ ਭਾਵਨ ਕਟ ਦੇਹਿੰ।

ਇਹ ਉਸਤਤ ਕਛ ਹਰਿ ਜਨ ਭਾਈ। ਇਹ ਖਬਰ ਸੇਵੇ ਸੁ ਸੁਨਿ ਪਾਈ। ਸੰਤ ਸੇਵੇ ਲੀਏ ਫੂਲ ਪ੍ਰਸਾਦਿ। ਆਇ ਮਿਲਿਓ ਪੂਰਨ ਭਏ ਭਾਗ। ਭੂਰ ਭਾਗ ਸੇਵੇ ਜਨ ਆਹੀ। ਹਰਿ ਜਨ ਸਿਉਂ ਭੇਟਾ ਭਈ ਭਾਈ। ਪ੍ਰਮ ਕ੍ਰਿਪਾ ਜਬ ਪ੍ਰਭ ਕੀ ਹੋਵੈ। ਸੰਤ ਦਰਸ ਕਉਂ ਲੇ ਜਨ ਢੋਵੈ। ਅਵਰ ਪਦਾਰਥ ਸਕਲ ਨਖਿੱਧ। ਹਰਿ ਜਨ ਦਰਸ਼ਨਿ ਕਾਰਜ ਸਿਧ॥੨੮॥

॥ ਦੋਹਰਾ॥

ਸਕਲ ਪਦਾਰਥ ਮਾਹਿ ਮਨ, ਨੀਂਦ ਅਗਿਆਨ ਨ ਜਾਇ।
ਮਿਲਤ ਸੰਤ ਸਉਧਾਨ ਹੋਇ, ਸਗਲੀ ਨੀਂਦ ਬਿਲਾਇ।

॥ ਚੌਪਈ॥ ਖੋਜ ਲਹਿਓ ਸਤਿਗੁਰ ਜਨ ਸੇਵੇ। ਕੀਨੀ ਕ੍ਰਿਪਾ

ਪ੍ਰਭੁ ਹਰਿ ਦੇਵੈ। ਗੁਰ ਚੇਲੇ ਮਿਲ ਕੀਨੀ ਚਰਚਾ।ਬ੍ਰਹਮ ਅਨੰਦ ਭਇਓ ਤਹ ਪਰਚਾ। ਜਨ ਸੇਵੇ ਕੋ ਮਨ ਬਹੁ ਮਾਨਾ, ਜੈਸੇ ਚਹਤ ਤੈਸੇ ਦਰਸਾਨਾਂ। ਸਿਖ ਲਛਨ ਇਨ ਮਹਿ ਪਰ ਪੂਰਨ। ਆਗੇ ਸਤਿਗੁਰ ਕਛੂ ਨ ਊਰਨ। ਸਕਲ ਜੋੜ ਅਜੋੜ ਨ ਕੋਈ। ਮਿਲ ਇੱਕਤ੍ਰ ਵਸਹਿੰਸੇ ਦੋਈ॥੨੯॥ ॥ ਦੋਹਰਾ ॥

ਤਿਨ ਕਾ ਮਨ ਏਕੋ ਭਇਆ, ਕਹਨ ਸੁਨਨ ਕਉਂ ਦੋਇ।
ਤੀਨ ਬੀਸ ਅਰ ਸੱਠ ਕਾ, ਅਰਥ ਏਕ ਹੈ ਸੋਇ।

॥ ਚੌਪਈ ॥ ਗੁਰੂ ਪ੍ਰਸੰਤਾ ਸਿਖ ਜਬ ਪਾਈ। ਸਿਖ ਨ ਰਹਿਆ ਵਹੁ ਭੀ ਗੁਰ ਭਾਈ। ਉਭੈ ਏਕ ਜਬ ਭਏ ਗਿਆਨੀ। ਤਬ ਗੁਰ ਸਿਖ ਇਹ ਕਹਨ ਕਹਾਨੀ। ਜਬ ਸਤਿਗੁਰ ਮਿਲ ਗੁਰ ਪਦ ਪਾਇਆ। ਤਬ ਜਿਉਂ ਰਹਹਿੰ ਤਿਵੇਂ ਸੁਖ ਪਾਇਆ।ਨਿਕਟ ਬਸਹਿੰ ਭਾਵੈਂ ਜਾਇ ਦੂਰੇ। ਜਿਉ ਵਰਤਹ ਤਿਵ ਹੀਂ ਸੇ ਪੂਰੇ। ਜਬ ਬਾਰਿਕ ਦੁਧ ਵਾਤਾ ਭਾਈ। ਤਬ ਮਾਤਾ ਕੈ ਢਿਗ ਬਨਿ ਆਈ॥੩੦॥ ॥ ਦੋਹਰਾ ॥

ਦੂਧ ਪੀਅ ਜਬ ਜੁਆਨ ਹੋਇ, ਜਿਉਂ ਕਿਉਂ ਕੁਸਲੀ ਸੋਇ।
ਭਾਵੈਂ ਮਾਤਾ ਢਿਗ ਰਹੈ, । ਭਾਂਵੈ ਕੋਸ ਲਖ ਹੋਇ।

॥ ਚੌਪਈ ॥ ਜਬ ਸੇਵੇ ਗੁਰ ਮਿਲ ਪਦ ਪਾਇਆ। ਸਹਜ ਭਾਇ ਬਰਤਨ ਬਰਤਾਇਆ। ਕਬਹੂੰ ਗੁਰ ਤਨ ਸਿਉਂ ਜਾਇ ਦੂਰ। ਕਬਹੂੰ ਸਤਿਗੁਰ ਰਹੇ ਹਦੂਰ। ਏਕ ਬੇਰ ਸਤਿਗੁਰ ਕੈ ਸੰਗ। ਚਰਚਾ ਕਰੀ ਆਤਮ ਕੈ ਰੰਗ। ਪ੍ਰੇਮ ਸਹਿਤ ਬਹੁ ਚਰਚਾ ਹੋਈ। ਆਠ ਪਹਰ ਇਕ ਟਕ ਮੁਖ ਗੋਈ। ਜਬ ਚਰਚਾ ਕਰ ਚੂਕੇ ਸੰਤ। ਤਬ ਗੁਰ ਬੋਲਤ ਭਏ ਮਹੰਤ॥੩੧॥ ॥ ਦੋਹਰਾ ॥

ਹੇ ਜਨ ਸੇਵਾ ਬਾਤ ਯਹ, ਮੋ ਮਨ ਆਈ ਤਾਤ।
ਜੇ ਤਕ ਗਲ ਗੱਪ ਹਮ ਕਰੀ, ਕਿਆ ਨਿਕਸਿਓ ਹੈ ਗਿਆਤ।

Digitized by Panjab Digital Library | www.panjabdigilib.org

॥ ਚੌਪਈ ॥ ਇਨ ਬਾਤਾਂ ਸਿਉਂ ਇਹ ਭਲਾਈ । ਜਉਂ ਇਉਂ ਬੂਝੀਅਹਿ ਮੇਰੇ ਭਾਈ । ਘੜਾ ਨੀਰ ਜਬ ਹਮ ਭਰ ਲਿਆਵਤ । ਬੀਸ ਜੀਵ ਉਨ ਸਿਉਂ ਬਰਸਾਵਤ । ਤਾਂਤੇ ਏਹੁ ਕਾਮ ਹੈ ਜੀ ਕਾ । ਕਹੂੰ ਪ੍ਰਸੰਨ ਕਰ ਲੀਜੈ ਜੀ ਕਾ । ਬਡਾ ਭਜਨ ਪ੍ਰਭ ਕਾ ਇਹੁ ਭਾਈ। ਸਰਬ ਜੀਆ ਹੋਈਐ ਸੁਖਦਾਈ । ਅਵਰ ਤਿਆਗ ਇਹ ਠਟੀ-ਅਹਿ ਠੱਟ । ਜਿਉਂ ਪ੍ਰਸੰਨ ਕਹੂੰ ਹੋਵੈ ਘੱਟ ॥੩੨॥

॥ ਦੋਹਰਾ ॥

ਅਰਪਨ ਕਰੀਐ ਆਪਨਾ, ਸਕਲ ਸੁਆਮੀ ਮਾਨ ।
ਸਭ ਘਟ ਸ਼ਿਹਜਾ ਰਾਮ ਕੀ, ਫੂਲ ਬਿਛਾਵਹੁ ਸਿਆਂਨ ।

। ਚੌਪਈ । ਏਹ ਫੂਲ ਚਾਰੀਅਹਿ ਭਾਈ । ਨਿਜ ਸੁਖ ਤਜ ਪਰ ਸੁਖ ਬੰਛਾਂਹੀਂ । ਬਹੁੜ ਮਾਨ ਅਪਨੀ ਕਉਂ ਤਜੀਐ । ਸਰਬ ਦਾਸ ਹੋਇ ਸੇਵਾ ਸਜੀਐ । ਪਾਂਚ ਬਿਖੈ ਕੋ ਸਾਦ ਨ ਲੇਵਹੁ । ਨਿਹ ਸੁਆਦੀ ਹੋਇ ਸਭ ਜਗ ਸੇਵਹੁ । ਆਤਮ ਸਿਹਜਾ ਫੂਲ ਬਿਛਾਵਹੁ। ਇਹ ਪੂਜਾ ਪ੍ਰਭ ਕਉਂ ਬਹੁ ਭਾਵਹੁ । ਸਤਿਗੁਰ ਬਚਨ ਸੁਨੇ ਜਬ ਸੇਵੇ । ਠਾਟੀ ਪੂਜਾ ਅੱਲਖ ਅਭੇਵੇ ॥੩੩॥

॥ ਦੋਹਰਾ ॥

ਸਤਿਗੁਰੂ ਕੇ ਬਚਨ ਕੋ, ਜਾਨਤ ਬਡੋ ਪ੍ਰਤਾਪ ।
ਮਨ ਬਚ ਕ੍ਰਮ ਬਿਸੁਆਸ ਸਿਉਂ, ਗੁਰਬਚ ਬੇਚਿਓ ਆਪ।

॥ ਚੌਪਈ ॥ ਤਬ ਤੇ ਉਦਮ ਕੀਨੋ ਗਿਆਨੀ । ਜਿਉਂ ਪ੍ਰਸੰਨ ਹੋਵੈ ਕੋਊ ਪ੍ਰਾਨੀ । ਪੁਰ ਅਨੇਕ ਲੇ ਸਾਜੀ ਠਉੜਾ। ਕੋਠੇ ਸੁੰਦ੍ਰ ਮੰਬਟ ਚੌੜਾ । ਖਾਟ ਤੁਲਾਈ ਚਟਾਈ ਭਾਈ । ਲੇਫ ਰਜਾਈ ਬਹੁ ਸੁਖ ਦਾਈ । ਰਸੋਈ ਕਾਰਨ ਤੱਵਾ ਪਰਾਤ ਈਧਨ ਲੂਨ ਤੀਵਣ ਕੀ ਦਾਤ । ਮਿਸ਼ਟ ਬਚਨ ਪਾਨੀ ਅਰ ਪਾਖਾ । ਹਾਰੇ ਚਾਪੀ ਕਰ ਹਿਤ

ਰਾਖਾ। ਹਿੰਦੂ ਤੁਰਕ ਸੇਵਾ ਸਭ ਠਾਨੀ। ਅਦਭੁਤ ਰੰਗ ਬਨਾਇਓ ਗਿਆਨੀ ॥੩੪॥ ॥ ਦੋਹਰਾ ॥

ਮਤ ਅਨੇਕ ਜੋ ਜਗਤ ਕੇ, ਕੋਊ ਨ ਮਾਨਿਓ ਸੋਇ।
ਇਹੀ ਮੱਤ ਉਨ ਦ੍ਰਿੜ ਗਹਾ, ਹੈ ਹਰਿ ਕਾ ਸਭ ਕੋਇ।

॥ ਚੌਪਈ ॥ ਸਕਲ ਜੀਵ ਕਉਂ ਹਰਿ ਕਾ ਮਾਨਤ। ਨਿਜ ਕਉਂ ਭੀ ਐਸੇ ਹੀਂ ਜਾਨਤ। ਇਉਂ ਰਿਦ ਮਾਨ ਸੇਵਾ ਸਭ ਕਰਹਿੰ। ਅਉਰ ਭਾਉ ਕੋਊ ਰਿਦੇ ਨ ਧਰਹਿੰ। ਚਾਰ ਬਰਨ ਖਟ ਦਰਸ਼ਨ ਸੇਵਹਿੰ। ਸਰਬ ਭੂਤ ਕੋ ਹਿਤ ਸੋ ਲੇਵਹਿੰ। ਸਕਲ ਪੰਥ ਸਿਉਂ ਰਾਖਤ ਨੇਹੁ। ਸਭ ਜਾਨਤ ਹਮਰਾ ਹੈ ਏਹੁ।੩੫।

॥ ਦੋਹਰਾ ॥

ਜਾਪ ਏਕ ਕਾ ਰਿਦ ਗਹਹਿੰ, ਪੂਜਾ ਕਰਹਿੰ ਅਨੇਕ।
ਜਿਉ ਤ੍ਰਿਯਾ ਸਰਬ ਖਵਾਵਈ ਘੂੰਘਟ ਖੋਲੈ ਏਕ।

॥ ਚੌਪਈ ॥ ਘੂੰਘਟ ਅਪਨੇ ਸ਼ਹੁ ਸ਼ਿਉ ਖੋਲੈਂ। ਅਉਰ ਸਕਲ ਸਿਉਂ ਡੋਲੈਂ ਬੋਲੈਂ। ਲੇਵੈਂ ਦੇਵੈਂ ਖਾਇ ਖਵਾਵੈਂ। ਚਿਤ ਬ੍ਰਿਤੰਤ ਪੀਅ ਸਿਉਂ ਜਤ ਲਾਵੈਂ। ਤੈਸੇ ਹੀਂ ਓਹ ਹਰਿਜਨ ਭਾਈ॥ ਸਰਬ ਜੀਵ ਕੀ ਸੇਵ ਕਮਾਈ। ਪਰਚਾ ਅਪਨੇ ਪ੍ਰਭ ਸਿਉਂ ਰਾਖੇ। ਗੁਹਜ ਭੇਦ ਪ੍ਰਭ ਹੀਂ ਕੋ ਲਾਖੇ। ਜਿਉ ਪ੍ਰਮੰਨ ਕੋਊ ਦੋਤ ਨਿਹਾਰਹਿੰ। ਤੈਸੇ ਹੀਂ ਕਾਰਨ ਓਇ ਧਾਰਹਿੰ।੩੬।

॥ ਦੋਹਰਾ ॥

ਸਭ ਤਨੁ ਕਉਂ ਤਨ ਆਪਨਾ, ਜਾਨਹਿੰ ਹਰਿ ਜਨ ਸੋਇ।
ਪ੍ਰਉਪਕਾਰ ਕਉਂ ਚਾਉ ਅਤਿ, ਜਿਉਂ ਨਿਰਧਨ ਧਨ ਚਹੇ।

॥ ਚੌਪਈ ॥ ਪਰ ਉਪਕਾਰ ਸਕਲ ਬਿਧ ਕਰਤੇ। ਅਧਿਕਾਰ ਦੇਖ ਸਭ ਕਾਜ ਸਵੱਰਤੇ। ਕਈ ਇਕ ਐਸੇ ਆਵਹਿੰ ਭਾਈ। ਉਨ ਕਉਂ ਚਹੀਅਹਿ ਖਾਟ ਤੁਲਾਈ। ਕਈ ਇਕ ਐਸੇ ਪਾਹੁਨ ਆਵਹਿੰ।

ਜੋ ਕਹੂੰ ਪਿੰਡ ਨਹਿ ਆਦ੍ਰ ਪਾਵਹਿੰ। ਰੈਨ ਬਸੇਰਾ ਆਦ੍ਰ ਚਾਹਹਿੰ। ਤਾਂਕੀ ਭੀ ਮਨਸਾ ਪੂਰਾਹਿੰ। ਕਈ ਇਕ ਐਸੇ ਆਵਹਿੰ ਪ੍ਰਾਂਨੀ। ਅਤਿ ਦੂਰ ਬਲ ਭੂਖੇ ਦ੍ਰਿਸ਼ਟਾਨੀ। ਹਾਰੇ, ਪਿਆਸੇ, ਘਾਮ ਤੇ ਕਾਹਲੇ। ਸਭ ਕੀ ਸਭ ਬਿਧ ਹੋਵਤ ਟਹਿਲੇ ।੩੬।

॥ ਦੋਹਰਾ ॥

ਸਕਲ ਠਉਰ ਕੋ ਕਰ ਧਰਾ, ਸਭ ਕੀ ਪੁਜੈਂ ਆਸ।
ਜਿਹ ਅਧਿਕਾਰੀ ਕੋ ਹੁਵੈ, ਤਿਹ ਮਹ ਦੀਜੈ ਬਾਸ ।

॥ ਚੌਪਈ ॥ ॥ ਕਈ ਇਕ ਐਸੇ ਜਾਨਤ ਆਵਹਿੰ । ਹਰਿ ਚਰਚਾ ਉਹ ਸੁਨਹ ਸੁਨਾਵਹਿੰ। ਤਾਂਕੀ ਭੀ ਪੂਰਨ ਹੋਇ ਆਸਾ। ਕਈ ਜਗਿਆਸੀ ਆਵਹਿੰ ਦਾਸਾ। ਜਗਤ ਜਾਲ ਸਿਉਂ ਨਿਕਸਨ ਚਾਹਹਿ। ਤਿਨ ਕਉਂ ਭੀ ਲੇ ਮੁਕਤਿ ਕਰਾਂਇੰਹਿ। ਹਰਿ ਸਿਉਂ ਪਰਚਾ ਤਾਕਾ ਪਾਵਹਿੰ। ਸਭ ਬੰਧਨ ਤਿਨ ਕਾਟਿ ਜਰਾਵਹਿੰ। ਗ੍ਰਿਸਤ ਕੁਟੰਬ ਜੁ ਮੇਰੀ ਮੇਰਾ। ਪਾਂਚ ਗਰਤ ਕੇ ਮਾਹਿਜੁ ਘੇਰਾ ।੩੮।

॥ ਦੋਹਰਾ ॥

ਤਿਨ ਉਪਦੇਸ਼ ਐਸਾ ਕਰਹਿੰ, ਗਰਤਹੁੰ ਕਾਢ ਸਿ ਲੇਹਿੰ।
ਲਾਖ ਕੋਸ ਕੋ ਪੰਥ ਜੋ, ਪਲ ਪਹੁਚਾਇ ਸੁ ਦੇਹਿੰ।

॥ ਚੌਪਈ ॥

ਐਸੀ ਰਹਤ ਮੇਂ ਰਹੈਂ ਗਿਆਨੀ। ਪਰ ਉਪਕਾਰ ਸਰਬ ਬਿਧਿ ਠਾਨੀ। ਪਰਮਾਰਥ ਕਉਂ ਜਗ ਮਹਿੰ ਆਏ। ਨਿਰ ਦੰਭੀ ਨਿਹ ਕਾਮ ਬਨਾਏ। ਆਧ ਘਰੀ ਜੁ ਜਨ ਸੰਗ ਬਸੇ। ਤਾਕਉਂ ਪਰਸਭਿ ਹਰਿਜਸ ਧੱਸੇ। ਜਾਸ ਨਗਰ ਮਹਿੰ ਜਾਵੈਂ ਸੰਤ। ਸਚ ਉਪਦੇਸ ਸਭ ਦੇਇ ਮਹੰਤ। ਜਾਹਿੰ ਪਿੰਡ ਪ੍ਰਦੇਸੀ ਅਉਖੇ। ਰਚ ਧਰਮਸਾਲਕਰਹਿੰ ਵਹੁ ਸਉਖੇ। ਜਿਹ ਪੁਰ ਜਲ ਕੀ ਤੰਗੀ ਦੇਖਹਿੰ ਤੇਹ ਪੁਰ ਕੂਪ ਖਟਾਇ ਸਿ ਪੇਖਹਿੰ ।੩੯।

Digitized by Panjab Digital Library | www.panjabdigilib.org

॥ ਦੋਹਿਰਾ ॥

ਅਪਨਾ ਕਾਜ ਨ ਕੋ ਰਹਿਆ, ਜੋ ਰਾਚੇ ਲੇ ਸੰਤ।
ਪੁਰ ਪੁਰ ਪ੍ਰਮਾਰਥ ਰਚੇ, ਅਦਭੁਤ ਪ੍ਰਮ ਮਹੰਤ।

॥ ਚੌਪਈ ॥ ਬਹੁੜ ਦੇਸ ਮਾਰੂ ਮਹਿ ਆਏ। ਜਿਹ ਥੱਲ ਰੇਤ ਟਿਬੇ ਦਰਸਾਏ। ਤਿਹ ਥੱਲ ਮਹਿੰ ਨਗਰ ਇਕ ਬਸਤਾ। ਜਲ ਤੰਗੀ ਕਰਿ ਬਹੁ ਵਹੁ ਖਸਤਾ। ਨਗਰ ਬੱਡਾ ਕੂਪ ਥੋਰੇ ਤਾਂਹੀਂ। ਨਦੀ ਵਾਹ ਕਛ ਨ ਨਿਕਟ ਆਂਹੀਂ। ਹਰਿਜਨ ਦੇਖਿਓ ਪੁਰ ਬਹੁ ਅਉਖਾ ਮਨਮਹ ਆਈ ਕਰੀਅਹਿ ਸਉਖਾ। ਕੂਪ ਖਾਟਨ ਕੀ ਇਛਾ ਕਰੀ। ਨਗਰ ਮਾਹਿੰ ਸੁਨਿਉਂ ਨਰ ਨਰੀ ॥੪੦॥

॥ ਦੋਹਰਾ ॥

ਨੂਰ ਪੁਰ ਏਹ ਬਾਤ ਸੁਨ, ਹਰਿ ਜਨ ਖਾਟਤ ਕੂਪ।
ਅਤਿ ਉਤਸ਼ਉ ਸਾਰੇ ਭਇਓ, ਹੋਇ ਰੂਪ ਅਨੂਪ।

॥ ਚੌਪਈ ॥ ਪੁਰ ਕੇ ਲੋਕ ਸੰਤ ਪਹਿ ਆਇ। ਮੁਖ ਸਿਉਂ ਬਿਨਤੀ ਬਚਨ ਬਤਾਏ। ਹੇ ਹਰਿ ਜਨ ਹਮਰੇ ਭੈ ਭਾਗਾ। ਦੁਹੂੰ ਪ੍ਰਕਾਰ ਹਮ ਪੁੰਨ ਸੁ ਜਾਗਾ। ਪ੍ਰਥਮੇ ਦਰਸ਼ਨ ਤੁਮਰਾ ਭਇਆ। ਦੂਜਾ ਜਲ ਸੰਕਟ ਹਮ ਗਇਆ। ਬਹੁੜ ਲੋਗ ਇਹ ਬਿਨਤੀ ਠਾਨੀ। ਹਮ ਕਉਂ ਦੀਜੇ ਆਗਿਆ ਗਿਆਨੀ। ਕਰ ਉਗਰਾਹੀ ਲਿਆਵਉਂ ਦਾਮਾ। ਕੂਪ ਬਨਾਵਨ ਆਵਹਿੰ ਕਾਮਾ ॥੪੧ ॥

। ਦੋਰਹਾ।

ਤਬ ਹਰਿ ਜਨ ਬੋਲਤ ਭਇਆ, ਮੋਹਿ ਏਹ ਦਾਮ ਨ ਲੇਓਂ।
ਉਗਰਾਹੀ ਕੇ ਦਾਮ ਕਉਂ, ਮੈ ਨਹੀ ਆਦ੍ਰ ਦੇਉਂ।

॥ ਚੌਪਈ ॥ ਉਗਰਾਹੀ ਜਉਂ ਪੁਰ ਮਹਿ ਲਾਵਉਂ। ਕਿਨਹਿੰ ਭਾਇ ਕਿਨਹੂੰ ਨਹ ਭਾਵਉ। ਏਹ ਬਪਾਰ ਨ ਹਮ ਖੁਸ਼ ਆਈ। ਕਛ ਦੀਜੈ ਕਛ ਲੀਜੈ ਭਾਈ। ਭਗਵੰਤ ਹੇਤੀ ਕੇ ਜੋ ਦਾਮਾ। ਉਨ

Digitized by Panjab Digital Library | www.panjabdigilib.org

ਸਿਉਂ ਲੇਇ ਲਗਾਂਵਉਂ ਕਾਮਾ। ਜਬ ਏਹ ਬਾਤ ਬਖਾਨੀ ਸੰਤ। ਤਬ ਜਨ ਆਇ ਮਿਲੇ ਇਕੰਤ। ਏਕਲੇ ਹੋਇ ਇਉਂ ਭਾਖਹਿੰ ਆਨ। ਹਮ ਪਾਂਸਹੁੰ ਲੇਹੁ ਦਾਮ ਸੁਜਾਨ। ਉਗਰਾਹੀ ਕੇ ਨਿਕਟ ਨ ਜਾਹੋ। ਹਮ ਪਾਸਹੁੰ ਲੇਵਹੁ ਜੋ ਚਾਹਉ।੪੨।

॥ ਦੋਹਰਾ ॥

ਤਬ ਹਰਿ ਜਨ ਤਾਂਕੋ ਕਹਿਆ, ਤਿਨ ਸਿਉਂ ਭੀ ਨਹਲੇਉਂ।
ਜਿਨ ਕੀ ਮਨਸਾ ਇਹ ਹੈ, ਖਟ ਖਟ ਹੋਰ ਸਿੜੇਉਂ।

॥ ਚੋਪਾਈ॥ ਮੈਂ ਲੇਵਉਂ ਤਾਂਹੀਂ ਕੇ ਦਾਮਾ। ਬਨਜ ਬਪਾਰ ਨ ਲਾਵੈ ਕਾਮਾ। ਮਨਹੁੰ ਭੁਲਾਏ ਦੀਏ ਜਿਨ ਭਾਈ। ਹੋਵਹਿੰ ਕਾਲੇ ਮਿਟੀ ਖਾਈ। ਤਾਸ ਦਾਮ ਲੇ ਕਾਮ ਲਗਾਵਉਂ। ਅਉਰਨ ਦਾਮ ਨਿਕਟ ਨਹੀ ਜਾਂਵਉਂ। ਸਤੀ ਰਾਮ ਇਕ ਸੰਤ ਕਾ ਅਹਾ। ਸ਼ੰਗਤ ਸੰਤ ਲੀਆ ਉਨ ਲਾਹਾ। ਮਨ ਬਚ ਕ੍ਰਮ ਓਹ ਹਰਿ ਜਨ ਦਾਸ। ਆਪਾ ਦੇਇ ਉਨ ਕੀਆ ਬਿਸੁਆਸੁ। ਉਨ ਪਹਿ ਭੀ ਕਛ ਦਾਮ ਸੁਮੀਤਾ। ਉਨ ਪਹੁ ਇਹੁ ਜਿਉਂ ਬਰਨਨ ਕੀਤਾ।੪੩।

॥ ਦੋਹਰਾ ॥

ਪ੍ਰਥਮ ਅਵਸਥਾ ਮਹਿ ਬਨਜੁ, ਕੀਉ ਸੰਤ ਕਛੁ ਆਹਿ।
ਦਾਮ ਤਾਸ ਕੇ ਤਬ ਹੂਏ, ਹਰਿ ਜਨ ਸਉਂਪੇ ਤਾਹਿ।

॥ ਚੋਪਈ॥ ਸੱਤੀ ਇਕੰਤ ਕਰੀ ਇਹ ਬਿਨਉਂ। ਏਹ ਦਾਮ ਤੁਮ ਹਰਿਜਨ ਘਿਨਉਂ। ਤਬ ਹਰਿ ਜਨ ਮਾਨੀ ਇਹ ਬਾਤਾ। ਲਿਆਉ ਅਬੇ ਹਮ ਲੇਵਉਂ ਗਿਆਤਾ। ਇਹ ਦਾਮ ਹੈਂ ਐਸੇ ਭਾਈ। ਜੈਸੇ ਹਮ ਬਾਂਛਤ ਥੇ ਆਹੀ। ਤੁਮਰਾ ਮੋਹ ਨ ਦਾਸ ਸਿਉਂ ਮੀਤ। ਹੋਰ ਸਹੇੜ ਨ ਚਾਹਉ ਚੀਤ। ਮਿਟੀ ਮਹਿ ਕਾਲੇ ਹੋਇ ਗਏ। ਤਾਂਤੇ ਅਰਥ ਲਗਾਨੇ ਪਏ॥੪੪॥

Digitized by Panjab Digital Library | www.panjabdigilib.org

॥ ਦੋਹਰਾ ॥

ਤਬ ਸੁ ਦਾਮ ਹਰਿਜਨ ਲੀਏ, ਕੂਆ ਕੀਓ ਆਰੰਭ।
ਜਲ ਡੂੰਘਾ ਉਸ ਥੱਲ ਮਹਿੰ, ਊਹਾਂ ਕੂਪ ਦੁਰਲੰਭ।

॥ ਚੌਪਈ ॥ ਗਜ ਚਲੀਸ ਪਰ ਜਲ ਥਾ ਤਹਾਂ। ਕੂਪ ਖਟਨ ਉਦਮ ਕੀਓ ਜਹਾਂ। ਜਗ ਕਉਂ ਭਾਸੈ ਇਹ ਕਠਨਾਈ। ਸੰਤ ਪਾਸ ਤੇ ਕਠਨ ਨ ਭਾਈ। ਜਿਉਂ ਪ੍ਰਭ ਓਅੰਕਾਰ ਤੇ ਭਏ। ਉਤ-ਪਤ ਲੋਅ ਅਨੰਤ ਹੋਇ ਗਏ। ਸੰਤ ਪ੍ਰਭੁ ਮਹਿੰ ਭੇਦ ਨ ਭਾਈ। ਸੰਤ ਪ੍ਰਤਾਪ ਭਿ ਐਸਾ ਭਾਈ। ਜਬ ਹਰਿਜਨ ਇਹ ਚਿਤਵੀ ਬਾਤਾ। ਕੂਪ ਬਨਾਵਨ ਰੁਚਿ ਭਈ ਗਿਆਤਾ ॥੪੫॥

॥ ਦੋਹਰਾ ॥

ਕਹੂੰ ਆਇ ਬਹੁ ਸੇਵਕਾ, ਘਾਲਹਿ ਸੇਵਾ ਸਾਜ।
ਕਹੂੰ ਆਏ ਮਜੂਰ ਬਹੁ, ਕਹੂੰ ਅਇ ਬਹੇ ਰਾਜ।

॥ ਚੌਪਈ ॥ ਕਹੂੰ ਆਵਹਿੰ ਪ੍ਰਸਾਦਿ ਅਪਾਰਾ। ਚਹਲ ਪਹਲ ਭਈ ਸੰਤ ਦੁਆਰਾ। ਕੂਪ ਬਨਾਵਨ ਪਰਚਾ ਭਇਆ। ਅਦਭੁਤ ਰੰਗ ਬਨਿਆਂ ਤਹ ਨਇਆ। ਇਕ ਦਿਨ ਸੰਤ ਈਧਨ ਕਉਂ ਗਇਆ। ਸਰਬ ਜਗਿਆਸੀ ਸੰਗ ਤਿਨ ਭਇਆ। ਆਵੇ ਕਉ ਚਹੀਅਹਿ ਬਹੁ ਝੱਲ। ਇਤ ਕਾਰਨ ਗਏ ਈਧਨ ਦੱਲ। ਜਹ ਸਿਕਦਾਰ ਰਾਖ ਥੀ ਠਾਨੀ। ਤਹਾਂ ਗਏ ਈਧਨ ਕਉਂ ਗਿਆਨੀ। ਸੰਤ ਪੂਛ ਸਿਕਦਾਰ ਸਿਉਂ ਗਏ। ਰਾਖਿਅਨ ਕਉਂ ਮਾਲੂਮ ਨਹ ਥਏ ॥੪੬॥

॥ ਦੋਹਰਾ ॥

ਜਬ ਹਰਿਜਨ ਈਧਨ ਕੀਆ ਲਕੜੀ ਰਾਖ ਅਪਾਰ।
ਤਬ ਆਏ ਰਾਖੇ ਤਹਾਂ ਰਾਖ ਰਾਖਨੇ ਹਾਰ।

॥ ਚੌਪਈ ॥ ਹਰਿਜਨ ਸੰਗ ਲੋਕ ਜੁ ਬਹੁਤੇ। ਤਿਨ ਕਉਂ ਵਹੁ ਮਾਰਨ ਕਉਂ ਪਹੁਤੇ। ਹਰਿਜਨ ਆਗਾ ਤਿਨ ਕਾ ਲੀਆ ॥

Digitized by Panjab Digital Library | www.panjabdigilib.org

ਸੰਭ ਬਚਨ ਤਬ ਏਹ ਕਹਿ ਦੀਆ। ਇਨ ਕਉਂ ਕਛੂ ਨ ਕਹੀਓ ਯਾਰੋ। ਜਉਂ ਮਾਰੇ ਤਉਂ ਮੋਕਉਂ ਮਾਰੋ। ਸਭ ਕੋ ਹਮਹੀਂ ਪਾਇਆ ਕਾਂਢਾ। ਹਮਾਰੇ ਕਹੇ ਇਨ ਈਧਨ ਬਾਢਾ। ਵਹੁ ਥੇ ਅਤਿ ਕਠੋਰ ਨਰ ਮੂੜ। ਗਿਆਨ ਨ ਰਾਈ ਤਿਨ ਰਿਦ ਗੂੜ।੪੭।

॥ ਦੋਹਰਾ ।

ਸੰਤ ਨਛਾਡੇ ਸੰਤ ਹੀ ਜਉਂ ਕੋਟਿਕ ਮਿਲਹਿੰ ਅਸੰਤ।
ਚੰਦਨ ਭੁਯੰਗਮ ਬੇੜਿਅਉ ਤ ਸੀਤਲ ਤਾ ਨ ਤਜੰਤ।

॥ ਚੋਪਈ ॥ ਤਬ ਸੰਤ ਦਾੜ੍ਹੀ ਕਉਂ ਤਿਨ ਹਥ ਪਾਇਆ। ਦਾੜੀ ਪਕੜ ਸੰਤ ਝੂਨਾਇਆ। ਨਹਿ ਸਮਝਹਿੰ ਤੇ ਨਰ ਸਮ-ਝਾਇ। ਪਾਸਹੁੰ ਕਹਹਿ ਹਮ ਪੁਛ ਕਰ ਆਏ ਮਾਲਕ ਪੂਛ ਆਏ ਹਮ ਭਾਈ। ਸਕਲ ਪੁਕਾਰ ਕਹਹਿੰ ਸਮਝਾਈ। ਰਾਖੇ ਸੁਨਹਿ ਨ ਤਿਨਕੀ ਬਾਤਾ। ਮਾਰਹਿੰ ਹਰਿਜਨ ਮੂਕੀ ਲਾਤਾ। ਜੋ ਕੋਊ ਉਨ ਸੇ ਲੜਨੇ ਆਵੇ। ਏਹ ਬਾਤ ਹਰਿਜਨ ਨਹਿ ਭਾਵੇ।੪੮

॥ ਦੋਹਰਾ ।

ਸਭ ਕੋਊ ਕਉਂ ਸੰਤ ਜਨ, ਬਚਨ ਕਹਿਆ ਉਚਾਰ।
ਤੁਮ ਕੋਊ ਵਿਚ ਨਾ ਪਰੋ, ਝੇੜਾ ਵਧੇ ਨ ਯਾਰ।

॥ ਚੋਪਈ॥ ਛੋਡ ਗਏ ਰਾਖੇ ਬੇਚਾਰੇ। ਅੰਤ ਸੁ ਮਾਰ ਮਾਰ ਬਹੁਹਾਰੇ। ਨਗਰ ਮਾਹਿ ਰਾਖੇ ਜਬ ਗਏ। ਲੋਗਹੁੰ ਸਿਉਂ ਓਹ ਪੂਛਤ ਭਏ। ਰਾਖ ਮਹਿੰ ਜੋ ਗਏ ਫਕੀਰ। ਆਪਹੁੰ ਗਏ ਕਿ ਪੂਛ ਅਮੀਰ। ਲੋਗਹੁੰ ਕਹਾ ਸਿਕਦਾਰ ਸਿਉਂ ਭਾਈ। ਪੁਛ ਕਰ ਸਗਲੇ ਰਾਖ ਸਿਧਾਈ। ਰਖਿਆਂ ਕਉਂ ਇਹ ਸੰਕਾ ਬਾਢੀ। ਹਮ ਮਾਰ ਦਈ ਹਰਿਜਨ ਕਉਂ ਡਾਢੀ। ਮਤ ਸਿਕਦਾਰ ਹਮ ਡੰਡ ਕਰਾ-ਵਹਿੰ। ਤਾਂ ਤੇ ਉਨਹੀਂ ਸਿਉਂ ਬਖਸ਼ਾਵਹਿੰ। ਰਾਖੇ ਆ ਕਰ ਪੈਰੀ ਪਏ। ਹਰਿਜਨ ਤੁਰਤ ਬਖਸ਼ ਸੇ ਲਇ ॥੪੯॥

Digitized by Panjab Digital Library | www.panjabdigilib.org

॥ ਦੋਹਰਾ ॥

ਏਹ ਬਾਤ ਪੁਰ ਮਹਿੰ ਸੁਨੀ, ਰਖਿਆਂ ਦੀਨੀ ਮਾਰ ।
ਸਕਲੇ ਪੁਰ ਹਾ ਹਾ ਕਰੀ, ਕੀਨੋ ਸੋਗ ਅਪਾਰ ।

॥ ਚੌਪਈ ॥ ਪੁਰ ਬਾਸੀ ਨਰ ਮੁਖੀ ਬਤਾਵਹਿੰ । ਹਮ ਰਖਿਆਂ ਕਉਂ ਕੈਦ ਕਰਾਵਹਿੰ । ਰਖਿਆਂ ਬੂਝ ਕਛੂ ਨਹੀ ਠਾਨੀ । ਇਉਂ ਹੀਂ ਮਾਰ ਗਏ ਅਗਿਆਨੀ ? ਤਬ ਹਰਿ ਜਨ ਇਹੁ ਬਚਨ ਬਤਾਇਆ । ਜਬ ਤੁਮ ਰਖਿਆਂ ਕੈਦ ਕਰਾਇਆ । ਤਬ ਹਮ ਉਤਹੀਂ ਸਮੇਂ ਸਿਧਾਵਉਂ। ਨਿਕਸ ਜਾਉਂ ਪਲ ਪੁਰ ਨ ਬਸਾਵਉਂ ਜਬ ਉਨ ਕਉਂ ਤੁਮ ਕਛੂ ਨਾ ਕੈਹਨਾ । ਤਬ ਹਮ ਈਹਾਂ ਹੀਂ ਹੈ ਰਹਨਾ । ਜਬ ਹਰਿ ਜਨ ਇਉਂ ਬੋਲਤ ਭਏ । ਤਬ ਸਕਲੇ ਸੀਤਲ ਹੋਇ ਗਏ ॥੫੦॥

॥ ਦੋਹਰਾ ॥

ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹਢਾਇ ।
ਦੇਹੀ ਰੋਗ ਨ ਲਗਈ ਪਲੈ ਸਭ ਕਿਛ ਪਾਇ ।

॥ ਚੌਪਈ ॥ ਅਪਨੀ ਸਭਾ ਮਹਿੰ ਸੰਤ ਇਉਂ ਭਾਖੇ । ਹਮਹਿੰ ਜੁ ਮਾਰ ਗਏ ਓਹ ਰਾਖੇ । ਏਕ ਤੋਟ ਇਹ ਹਮਰੀ ਭਈ । ਦੂਸਰ ਤੋਟ ਅਬ ਜਾਤ ਨ ਸਹੀ। ਰਖਿਆਂ ਕਉਂ ਜਬ ਹਮ ਭੀ ਮਾਰਉਂ । ਦੂਸਰ ਤੋਟ ਏਹੀ ਬੀਚਾਰਉਂ। ਹਮਰੀ ਮਾਰ ਸੁਪਨ ਹੋਇ ਗਈ । ਅਬ ਕਹਾਂ ਅਵਰ ਜਗਾਵਉਂ ਨਈ ? ਤਾਂਤੇ ਚੁਪ ਕਰ ਜਾਈਐ ਮੀਤਾ । ਸੰਤ ਬੇਦ ਇਉਂ ਕਹਤੇ ਰੀਤਾ ।੫੧।

॥ ਦੋਹਰਾ ॥

ਸੰਤ ਬੇਦ ਕੇ ਕਹੇ ਪਰ, ਚਾਲਤ ਤੇ ਭੀ ਸੰਤ ।
ਜੋ ਇਨ ਕਹਿਆ ਨ ਮਾਨਤੇ, ਤੇ ਖਲ ਆਤਮ ਹੰਤ ।

॥ ਚੌਪਈ ॥ ਰਾਖੇ ਆਵਹਿੰ ਹਰਿਜਨ ਥਾਂਨ । ਹਰਿਜਨ

Digitized by Panjab Digital Library | www.panjabdigilib.org

ਉਨ ਕਉਂ ਆਦਰ ਠਾਨ। ਮਿਸਟ ਬਚਨ ਉਨ ਸੰਗ ਬਤਾਵਹਿਂ। ਭੋਗ ਭਿ ਮੀਠੇ ਉਨਹਿਂ ਭੁਗਾਵਹਿਂ। ਰੋਟੀ ਘਿਉ ਅਰ ਸ਼ਕਰ ਭਾਈ। ਜਬ ਆਵਹਿਂ ਤਬ ਉਨਹਿਂ ਖਵਾਈ। ਗੰਢ ਬਨਾਇਆ ਐਸਾ ਨਾਥ। ਜਿਉਂ ਕੋਊਂ ਭਲਾ ਕਰੇ ਕਿਸ ਸਾਥ। ਪਰਮ ਸੰਤ ਕੀ ਇਹੀ ਨਿਸ਼ਾਨੀ। ਜਿਉਂ ਕਿਉਂ ਹੀਂ ਗੰਢ ਲੇਵਹਿਂ ਗਿਆਨੀ।੫੨।

॥ ਦੋਹਰਾ ॥

ਗੰਢਨ ਕਾਮ ਹੈ ਸੰਤ ਕਾ, ਤੋਰਨ ਜੀਅ ਸੁਭਾਉ।
ਹਰਿਜਨ ਬਿਰਦ ਨ ਛਾਡਤੇ, ਤੂਟੇ ਗੰਢਨ ਦਾਉ।

। ਚੌਪਈ ॥੩॥ ਅਵਰ ਬਾਤ ਦੇਊਂ ਸੰਤ ਸੁਨਾਏ। ਜਬ ਆਵੇ ਕਾਰਨ ਬਲ ਲਿਆਏ। ਲਕਰੀ ਬਹੁਤ ਇਕੱਠੀ ਕਰੀ। ਗੋਬਰ ਪਾਹ ਤ੍ਰਿਣ ਅਨਗਨ ਧਰੀ। ਸਕਲ ਜਨਾ ਸਿਉਂ ਬਾਤ ਬਤਾਈ। ਮਤ ਕਿਸ ਕੇ ਮਨ ਆਵੇ ਭਾਈ। ਹਮ ਇਹ ਕਾਮ ਕਰਤ ਹੌਂ ਭੱਲਾ। ਇਹ ਸੰਕਲਪ ਮਾਇਆ ਕੋ ਛੱਲਾ। ਜਬ ਇਨ ਭੱਲਾ ਆਪ ਕਉ ਮਾਨਾ। ਤਬ ਬੁਰਾਭਿ ਇਨਹੀਂ ਕਉ ਲਪਟਾਨਾ।੫੩

॥ ਦੋਹਰਾ ॥

ਏਹ ਜੁ ਬੱਲ ਇਕੱਠੀ ਕਰੀ, ਇਨ ਮਹ ਕਿਰਮ ਅਨੰਤ।
ਕਈ ਲਾਖ ਅਬ ਮਰ ਗਏ, ਰਹਦੇ ਜਰਹਿਂ ਬਿਅੰਤ।

॥ ਚੌਪਈ ॥ ਹਿੰਸਾ ਪਾਪ ਉਨ ਜਨਹਿਂ ਲਗਾਨਾ। ਜਿਨਹਿਂ ਭੱਲਾ ਅਪਨਾ ਕਛ ਮਾਨਾ। ਤਾਂਤੇ ਮਨ ਰਖੀਐ ਓਹ ਠਉੜਾ। ਹਮ ਹੈਂ ਜੰਤ ਜੰਤ੍ਰੀ ਹੈ ਅਵਰਾ। ਜਿਉਂ ਹਮ ਪ੍ਰੇਰੇ ਤਿਉਂ ਹਮ ਕਰਨਾ। ਅਵਰ ਭਾਉ ਕੋਊ ਰਿਦੇ ਨ ਧਰਨਾ। ਬੁਰਾ ਭਲਾ ਹਮ ਸੇ ਕਛ ਨਾਹੀ। ਇਹ ਮਾਨਨ ਮਾਨਹੁ ਮਨ ਮਾਹੀ ॥ ੪ ॥ ਅਵਰ ਕਥਾ ਹਰਿਜਨ ਕੀ ਮੀਤ। ਸੁਨ ਲੇਵਹੁ ਧਾਰਹੁ ਨਿਜਚੀਤ।੫੪।

॥ ਦੋਹਰਾ ॥

ਜਬ ਆਵਾ ਲੇ ਜੋਰਿਓ, ਇਟ ਕਾਚੀ ਕਉ ਯਾਰ ।
ਬਲ ਬਿਛਾਇ ਉਪਰ ਦਈ, ਬਾਦਲ ਜੁਰੇ ਅਪਾਰ ।

॥ ਚੌਪਈ ॥ ਜਬਹਿੰ ਜੁਰੇ ਬਾਦਲ ਬਹੁ ਕਾਰੇ । ਸ਼ਬਦ ਘੋਰ ਬਿਜਲੀ ਚਮਕਾਰੇ। ਇਉਂ ਜਾਨੀਐ ਅਬਹੀਂ ਬੱਸ ਪਰੇ। ਤਬ ਹਰਿਜਨ ਸਿਉਂ ਲੋਗ ਉਚਰੇ। ਹੇ ਹਰਿਜਨ ਏਹ ਆਵਾ ਕਾਚਾ। ਉਪਰਹੁੰ ਮੇਘ ਪ੍ਰਭੂ ਹੈ ਰਾਚਾ। ਹਰਿ ਪਹਿ ਬਿਨਤੀ ਅਬ ਤੁਮ ਭਾਖਉ । ਅਬ ਨ ਬਸੈ ਮੇਘ ਤਬ ਆਛਉ । ਤਬ ਹਰਿਜਨ ਇਉਂ ਬੋਲਿਓ ਗਯਾਨੀ। ਮੈ ਨਹੀ ਮਾਨਉ ਏਹ ਕਹਾਨੀ ।੫੫ ॥

॥ ਦੋਹਰਾ ॥

ਪ੍ਰਭ ਕਉ ਮੈ ਨਹੀਂ ਇਉਂ ਕਹਉਂ, ਤੁਮਰਾ ਚਹਿਆ ਨ ਹੋਇ।
ਅਪਨਾ ਚਾਹਿਆ ਹਰਿ ਕਰੈ, ਏਹੀ ਬੇਨਤੀ ਮੋਹਿ।

॥ ਚੌਪਈ॥ ਸਕਲ ਕਾਮ ਹਹਿ ਹਰਿ ਕੇ ਭਾਈ । ਹਮਰਾ ਕਾਮ ਨਹੀ ਕੋਈ ਭਾਈ । ਜਿਉ ਪ੍ਰਭ ਜਾਨੇ ਤਿਵੈਂ ਨਿਬੇਰੇ। ਹਮ ਕਉ ਪ੍ਰਭ ਕੇ ਜਾਨਉਂ ਚੇਰੇ । ਬੈ ਖਰੀਦ ਜੋ ਚੇਰਾ ਹੋਈ। ਤਿਨਕੀ ਬਿਨੈ ਨ ਕਛੁਐ ਹੋਈ। ਭਨ ਘੜ ਅਪਨੀ ਸਕਲ ਗਵਾਏ ।ਤਬ ਓਹ ਚੇਰਾ ਸੋਭਾ ਪਾਏ। ਜੋ ਕਛ ਕਰੈ ਸੁਆਮੀ ਮੇਰਾ। ਓਹੀ ਪੂਰੀ ਜਾਨੈ ਚੇਰਾ ।੫੬।

॥ ਦੋਹਿਰਾ ॥

ਚੇਰਾ ਭਾਵਨ ਸਭ ਤਜੈ, ਹੋਵੈ ਮਿਰਤਕ ਰੂਪ।
ਤਬ ਪ੍ਰਭੁ ਜੀਵਨ ਆਪਨੀ ਚੇਰੇ ਦੇ ਅਨੂਪ।

॥ ਚੌਪਈ॥ ਏਹ ਬਚਨ ਜਬ ਸੰਤ ਬਖਾਨੇ। ਤਬ ਸੱਭਸ ਜਨਕੇ ਮਨ ਬਹੁ ਭਾਨੇ। ਮੇਘ ਨ ਬਸਿਆ ਬੂੰਦ ਪਿਆਰੇ। ਅਪਨੇ ਕਾਜ ਪ੍ਰਭ ਆਪ ਸਵਾਰੇ। ਬਹੁੜ ਕੂਪ ਜਬ ਬਨਿਆ ਭਾਈ।

Digitized by Panjab Digital Library | www.panjabdigilib.org

ਸਿਕਦਾਰ ਆਨ ਏਹ ਬਾਤ ਚਲਾਈ। ਮੈ ਜੋ ਕੂਪ ਬਨਾਇਆ ਸੰਤ। ਉਨ ਪਰ ਲਾਗੇ ਦਿਵਸ ਬਿਅੰਤ। ਦਾਮ ਭੀ ਖਰਚ ਬਹੁਤ ਮੈ ਕੀਏ। ਨਗਰ ਲੋਗ ਭੀ ਸ਼ਾਮਲ ਥੀਏ।੫੭।

॥ ਦੋਹਰਾ ॥

ਹੁਕਮ ਬੱਲ ਬਹੁਤਾ ਕੀਆ, ਫੜੇ ਬਿਗਾਰੀ ਮੋਹਿ।
ਤਉਂ ਭੀ ਤੁਰਤ ਨ ਬਨ ਸਕਾ, ਜਿਉਂ ਤੁਰਤ ਬਨਾਇਆ ਤੋਹਿ।

॥ ਚੌਪਈ ॥ ਸਿਕਦਾਰ ਕਉ ਸੰਤ ਇਉ ਬੋਲਤ ਭਏ। ਏਹੁ ਕਾਮ ਸਾਹਿਬ ਕਰ ਗਏ। ਹਮ ਅਰਪਨ ਸਭ ਸਾਹਿਬ ਕਰੀ। ਅਪਨਾ ਕਾਮ ਕਰਹੁ ਨਰ ਹਰੀ। ਤਬ ਉਨ ਸਕਲ ਜਨਾ ਕਉਂ ਪ੍ਰੇਰਾ। ਪ੍ਰੀਤਿ ਦਾਮ ਲਾਇ ਕੀਓ ਨਿਬੇਰਾ। ਇਤ ਕਰ ਤੁਰਤ ਬਨਿਓ ਹੈ ਕੂਪ ॥੫॥ ਅਵਰ ਬਾਤ ਕਛ ਸੁਨਹੁ ਅਨੂਪ। ਫਿਰ ਉਨ ਪੁਰ ਸਿਉਂ ਕੀਓ ਪਿਆਨਾ। ਬਹੁਰ ਸੰਤ ਆਇ ਬਚਨ ਬਖਾਨਾ ੫੮ ॥

॥ ਦੋਹਰਾ ॥

ਹਮਰਾ ਚਿਤ ਚਿੰਤਤ ਭਇਆ, ਜਗਤ ਮਾਨ ਸਿਉਂ ਮੀਤ।
ਭਲਾ ਭਇਆ ਅਬ ਨੀਕਸੇਂ, ਨਿਕਸਨ ਚਾਹਤ ਚੀਤ।

॥ ਚੌਪਈ ॥ ਹਮਰਾ ਚਿਤ ਬਾਂਛਨ ਇਹ ਬਾਛਾਂ। ਈਹਾਂ ਸਿਉਂ ਨਿਕਸਨ ਹੈ ਆਛਾ। ਕੂਪ ਬਨਾਇ ਸੰਤ ਬਾਤ ਬਨਾਈ। ਹਮ ਅਪਨੇ ਪੀਛੇ ਫਕੜੀ ਲਾਈ। ਹੱਮ ਕਉਂ ਅਬ ਪੂਜੇ ਅਰਮਾਨੇ। ਇਤ ਕਰ ਹਮ ਅਬ ਨਿਕਸਨ ਭਾਨੇ। ਫਿਰ ਹਮ ਈਹਾਂ ਕਰਉਂ ਨ ਫੇਰਾ। ਹਮ ਕਉਂ ਜਗ ਈਹਾਂ ਬਹੁ ਘੇਰਾ। ਜਗਤ ਮਾਂਨ ਸਿਉਂ ਬਹੁ ਸੁਕਚਾਵਤ। ਜਿਉ ਜਗ ਕਉ ਅਪਮਾਨ ਨ ਭਾਵਤ।੫੯।

॥ ਦੋਹਰਾ ॥

ਜਬ ਹਰਿਜਨ ਉਠ ਕਰ ਚਲਾ, ਬਾਟ ਜੁ ਆਵਤ ਗ੍ਰਾਮ।
ਤਿਸ ਪਾਸਹੁ ਉਠ ਜਾਵਹੀ, ਅਉਝੜ ਪਹਿ ਅਭਰਾਮ।

॥ ਚੌਪਈ ॥ ਮਨ ਮਹਿੰ ਇਹੀ ਜਾਨ ਕਰ ਭਾਈ। ਮੁਖ ਸਿਉਂ ਬਚਨ ਸੰਤ ਇਉਂ ਪ੍ਰਾਹੀ। ਹਮ ਜੋ ਦੂਰੇ ਜਗਤ ਸਿਉਂ ਦੂਰੇ। ਪ੍ਰੀਤ ਵਾਨ ਜੋ ਗੁਰਮੁਖ ਨਰੇ। ਤਿਨ ਸਿਉਂ ਤਉਂ ਹਮ ਦੂਰਤੇ ਨਾਹੀ। ਤਿਨ ਕਉ ਇਉਂ ਜਾਨਉਂ ਮਨਮਾਹੀ। ਹਮ ਅਰ ਇਸ ਕਾ ਤਨ ਹੈ ਜੁਦਾ। ਬੀਚਹੁੰ ਏਕੋ ਏਕ ਸੁ ਰਿਦਾ। ਜੋ ਏਕੋ ਹੋਇ ਰਹੇ ਸਮਾਨੀ। ਤਿਨ ਸਿਉਂ ਕਿਆ ਦੂਰਨਾ ਹੈ ਗਿਆਨੀ ॥੯੦।

॥ ਦੋਹਰਾ ॥

ਦੂਰਉਂ ਜਗਤ ਸਿਉਂ ਭੀ ਦੂਰਉਂ ਰਖਉਂ ਦੂਰਨ ਕੀ ਚਾਹ।
ਜਗ ਮਾਨ ਭੂਤ ਪਾਸਾਰ ਹੈ, ਤਾਂਤੇ ਬੇਪਰਵਾਹ।

॥ ਚੌਪਈ ॥ ਆਵਤ ਜਾਤ ਉਨ ਬਾਰ ਨ ਭਾਈ। ਗਨਿਨ ਕਰਾਹਿੰ ਜੋ ਕਰਹਿੰ ਹਿ ਕਾਈ। ਦੇਖਾ ਦੇਖੀ ਪਿਆਰ ਹੈਂ ਕਰਹਿੰ। ਦੇਖਾ ਦੇਖੀ ਡੰਡ ਵਹਿ ਧਰਹਿੰ। ਐਸੇ ਬਾਵਰ ਲੋਗ ਜੁ ਮੀਤਾ। ਤਿਨ ਸਿਉ ਦੂਰ ਜਾਨਉਂ ਹੈ ਨੀਕਾ। ਜਗਤ ਮਿਲਾਪ ਜਲ ਮਥਨ ਨਿਆਈ। ਇਨ ਮਹਿੰ ਤਤ ਕਛ ਨਿਕਸੈ ਨਾਹੀ। ਜਗਤ ਲੋਗ ਤਨ ਕਉਂ ਦੁਸਾਵਹਿੰ। ਇਨ ਬਿਨ ਅਉਰ ਕਛ ਬੂਝ ਨ ਪਾਵਹਿੰ। ਇਉਂ ਹੀਂ ਰਿਦ ਅਹੰਕਾਰੀ ਹੋਵਹਿੰ। ਕਹਹਿੰ ਦਰਸ ਕਰ ਕਿਲ ਵਿਖ ਖੋਵਹਿੰ। ਕਿਲ ਵਿਖ ਖੋਵਨ ਸਾਰ ਨ ਪਾਈ। ਇਉਂ ਹੀਂ ਬਕਤ ਬਿਨ ਬਿਦਿਆ ਭਾਈ। ਤਾਂਤੇ ਇਨ ਸਿਉਂ ਆਪ ਛਪਾਈਐ ਐਸੇ ਸਿਉਂ ਛਪਿਆ ਬਨ ਆਈਐ ।।੯੧ ॥

॥ ਦੋਹਰਾ ।

ਅਉਰ ਬਚਨ ਹਰਿ ਜਨ ਕਹੇ, ਮਨ ਭੇਦੀ ਜੋ ਹੋਇ। ਤਾਹਿੰ ਮਿਲਨ ਕੀ ਵੰਛਿਆ, ਅਧਿਕੀ ਰਾਖਉਂ ਮੋਹਿ ॥

॥ ਚੌਪਈ ॥ ਦੋਇ ਸੈ ਕੋਸ ਜਉਂ ਉਨਹਿੰ ਟਿਕਾਨਾ। ਗਊ ਪਦ ਪੰਥ ਦੁਸਉਂ ਪ੍ਰਮਾਨਾ। ਚਲ ਜਾਵਉ ਕਛ ਕਠਿਨ ਨ

ਗਨ ਹਉਂ। ਉਨ ਜਨ ਜਾਇ ਸੁ ਸੰਗੀ ਬਨਹੌਂ। ਬਚਨ ਪ੍ਰਸਾਦਿ ਕਛ ਦੇਵਉਂ ਲੇਵਉਂ। ਮਾਨ ਛਾਡ ਉਨ ਚਰਨਨ ਸੇਵਉਂ। ਅਉਰ ਬਚਨ ਹਰਿ ਜਨ ਬਤਲਾਵਉਂ। ਜਉਂ ਕੋਊ ਮਹਾ ਪੁਰਖ ਸੁਨ ਪਾਵਉਂ। ਪੰਜ ਸੌ ਕੋਸ ਸੁਨਉਂ ਜਉਂ ਸੰਤ। ਮਨ ਭਾਵਤ ਜੋ ਹੋਇ ਮਹੰਤ। ੬੨।

॥ ਦੋਹਰਾ ॥

ਤਨ ਹਮਰੇ ਮਹਿ ਰੋਗ ਜੋ, ਹੋਵੇ ਅਧਿਕ ਅਪਾਰ।
ਕਮਰ ਭਾਂਧ ਤਬ ਹੀਂ ਚਲਉਂ ਮਨ ਮਹ ਹੁਲਸਉਂ ਯਾਰ।

॥ ਚੋਪਈ॥ ਜਾਇ ਦ੍ਰਸਉਂ ਸੰਤ ਹੋਵੈ ਜਹਾਂ। ਪਰਮ ਹੁਲਾਸ ਮਾਨੀਐ ਮਹਾਂ ॥੬॥ ਅਉਰ ਬਾਤ ਹਰਿਜਨ ਕੀ ਭਾਈ। ਸੁਨ ਲੇਵਹੁ ਹਿਰਦਾ ਠਹਰਾਈ। ਜਬ ਦਰਸ਼ਨ ਕਉਂ ਜਗ ਬਹੁ ਆਵੈ। ਤਬ ਇਹ ਬਚਨ ਸੰਤ ਬਤਲਾਵੈ। ਮਮ ਤਨ ਦਰਸ ਇਉਂ ਮਾਨੀਐ ਭਾਈ। ਗੋਰ ਮੜੀ ਜੈਸੇ ਦਰਸਾਈ। ਗੋਰ ਮੜੀ ਸੇਵੇ ਤਨ ਏਕ। ਜਉਂ ਕਛ਼ ਰਿਦੇ ਨ ਗਹਹੁ ਬਿਬੇਕ। ਜੋ ਮੈ ਬਚਨ ਬਖਾਨਉਂ ਮੀਤਾ। ਕਛ ਸੁਨ ਜਉਂ ਧਾਰਹੁ ਲੇ ਚੀਤਾ।੬੩।

॥ ਦੋਹਰਾ ॥

ਤਬ ਤੁਮ ਆਵਨ ਜਾਵਨਾ, ਸਫਲਾ ਮਾਨਉਂ ਚਿਤ।
ਜਬ ਤੁਮ ਬਚਨ ਰਿਦ ਮਹਿ ਗਹਿਆ, ਤਬ ਇਉਂ ਮਾਨਉਂ ਮਿਤ।

॥ ਚੌਪਈ ॥ ਅਪਨੇ ਘਰ ਕੀ ਘਾਲ ਸਿਉਂ ਗਇ। ਮਨ ਮਹਿ ਦਰਸ ਅਹੰਕਾਰੀ ਭਏ। ਬਾਟ ਮਾਹਿ ਕਈ ਕੀਰੀ ਚੀਥੀ। ਹਮ ਕਉਂ ਭੀੜ ਕਰੀ ਘਰ ਬੀਥੀ। ਜੈਸੇ ਆਇ ਤੈਸੇ ਨਹੀਆਇ। ਇਹ ਆਵਨ ਮਹਿਂ ਕਿਆ ਫਲ ਪਇ ॥੭॥ ਬਹੁੜ ਬਾਤ ਹਰਿਜਨ ਕੀ ਅਉਰ। ਜਬ ਪ੍ਰੇਮੀ ਆਵਹਿਂ ਸੰਤ ਠਉਰ। ਤਿਨ ਕਉਂ ਟਹਲ ਮਾਹਿ ਸੋ ਲਾਵੈਂ। ਉਨ ਕਉ ਕਹਿ ਧੂਮ ਸਾਲ ਰਚਾਵਹਿ। ੬੪।

Digitized by Panjab Digital Library | www.panjabdigilib.org

॥ ਦੋਹਰਾ ॥

ਮੁਖ ਸਿਉਂ ਬਚਨ ਸੰਤ ਇਹ ਕਹਹਿ, ਇਨ ਮਹਿੰ ਲਾਭ ਅਨੰਤ।
ਸੋ ਮੈ ਬਰਨ ਸੁਨਾਉ ਅਬ, ਜਿਉਂ ਬਰਨੇ ਥੇ ਸੰਤ।

॥ ਚੋਪਾਈ। ਪ੍ਰਿਥਮੇ ਤੋ ਇਹ ਪਰਚੇ ਰਹੇਂ। ਕਾਰਜ ਭੀ ਇਨ ਮਹਿੰ ਸਿਧ ਭਏ। ਦੂਸਰ ਸਰਬ ਪ੍ਰਸੰਨਤਾ ਠਾਨੀ। ਹੁਇ ਪ੍ਰਸੰਨ ਜੋ ਵਰਤਹ ਪ੍ਰਾਨੀ। ਤ੍ਰਿਤੀਆ ਸਫਲੇ ਭਏ ਸਰੀਰਾ। ਪ੍ਰਉਪਕਾਰ ਮਹ ਰਾਚੇ ਬੀਰਾ। ਮਨ ਦੁਰਜਨ ਕਉਂ ਮਿਲੀ ਨ ਢੋਈ। ਚਤਰਥ ਇਹ ਮਨ ਚਹਿਆ ਨ ਹੋਈ। ਚਾਂਹੇਂ ਸੁਖ ਅਰ ਦੁਖ ਮਹਿ ਬੀਤੀ। ਜਨ ਕੀ ਪੁਖਤ ਭਈ ਪ੍ਰਭ ਪ੍ਰੀਤੀ। ਸਕਲ ਸੰਕਲਪ ਸੁਢਾਕੇ ਰਹੇ। ਏਕ ਤਜੇ ਤਬ ਦੂਸਰ ਗਹੇ॥ ੬੫॥

॥ ਦੋਹਰਾ ॥

ਚਿਤਹੁ ਚਿਤਉਨੀ ਫਸ ਰਹੀ, ਹਰਿ ਕਾਰਜ ਕੇ ਮਾਹਿ।
ਅਉਰ ਕਹਾਂ ਤਬ ਜਾਇ ਸੋ, ਜਾਵਨ ਵੇਰ ਨ ਪਾਹਿ।

॥ ਚੌਪਈ॥ ਦਸ ਇੰਦ੍ਰੀ ਭੀ ਹੋਕੀਰਹੀ। ਆਪੋ ਅਪਨੀ ਬਿਖੈ ਨ ਚਹੀਥਕਤ ਹੋਇ ਕੈ ਪਰੀਆਂ ਰਹਹਿ। ਅਪਨ ਪਦ ਛਾਡ ਸਰੀਰ ਪਦ ਗਹਹਿ। ਸਰੀਰ ਬਿਖੈ ਨਹੀ ਕੋਊ ਚਾਹੈ। ਤੈਸੇ ਇੰਦ੍ਰੀ ਮਾਨਿੰਦ ਤਾਂਹੈਂ। ਟਹਲ ਤਪੁ ਤਪੁ ਨੀਕਾ ਭਾਈ। ਅਵਰ ਤਪੁ ਇਨ ਲਵੈ ਨ ਲਾਈ। ਏਤੇ ਗੁਨ ਹੈਂ ਟਹਲ ਮਹਿੰ ਮੀਤਾ। ਜੇ ਘਾਲੈ ਘਾਲ ਨਿਹ ਕਾਮ ਹੋਇ ਚੀਤਾ॥ ੮॥ ਅਵਰ ਚਲਿਤ੍ਰ ਸੁਨ ਹਰਿ ਜਨ ਕੇਰੇ। ਬਹੁਤ ਬਨੇ ਹੈ ਉਨ ਕੇ ਚੇਰੇ॥੬੬॥

॥ ਦੋਹਰਾ ॥

ਚੇਰੇ ਸੰਤ ਕੇ ਬਹੁ ਭਏ, ਮਾਨਹਿ ਅਪਨੇ ਚੀਤ।
ਹਰਿ ਜਨ ਤਾਕਉਂ ਇਉਂ ਭਨਹਿ, ਗੁਰ ਭਾਈ ਸਭਮੀਤ।

॥ ਚੋਪਈ ॥ ਅਪਨਾ ਭੇਖ ਨ ਕਾਹੂ ਦੀਆ। ਉਦਾਸੀ

Digitized by Panjab Digital Library | www.panjabdigilib.org

ਭੇਖ ਸੰਤ ਅਪਨਾ ਕੀਆ। ਜਿਹ ਜਿਹ ਭੇਖ ਮਿਲਹਿ ਜਨ ਆਏ। ਸੰਤ ਨ ਭੇਖ ਕੋਊ ਉਤ ਰਾਏ। ਉਸੀ ਭੇਖ ਮਹਿੰ ਰਾਖਹਿੰ ਜਨਾ। ਜਉ ਆਏ ਤੈਸੇ ਹੀਂ ਬਨਾ। ਸੰਤ ਕਹੇ ਕਿਆ ਭੇਖੀ ਹੱਥ। ਗਹ ਲੇਵਹੁ ਕਛ ਸਾਚੀ ਲੱਛ। ਕਣ ਸ਼ੁਭ ਲੱਛ, ਤੁਹ ਸਕਲੇ ਭੇਖ। ਭੇਖ ਛਾਡ ਕਣ ਗਹਿ ਵਿਸੇਖ। ਭੇਖ ਸਕਲ ਈਹਾਂ ਰਹਿੰ ਜਾਵਹਿੰ। ਜੀਅ ਕੇ ਸੰਗ ਸੁ ਧਰਮ ਸਿਧਾਵਹਿੰ।੬੭।

॥ ਦੋਹਰਾ ॥

ਤਾਂਤੇ ਸ਼ੁਭ ਕਰਮਨ ਗਹੋ, ਛਾਡੋ ਭੇਖ ਸੁ ਡੰਝ।
ਭੇਖ ਅਖਰ ਹੈ ਭਰਮ ਕਾ, ਗਹੁ ਅਭੇਖ ਮਨ ਮੰਝ।

॥ ਚੌਪਈ ॥ ਭੇਖ ਪੰਥ ਤੁਮ ਸਕਲ ਬਿਸਾਰਹੁ। ਸਾਚ ਨਾਮ ਹਿਰਦੇ ਮਹਿੰ ਧਾਰਹੁ। ਗੁਰਮਤ ਪੰਥ ਰਿਦੇ ਮਹਿੰ ਠਾਨਉਂ। ਸੋ ਗੁਰ ਭਾਈ ਜੁ ਗੁਰਮਤ ਜਾਨਉ। ਗੁਰਮਤ ਤਜ ਅਨ ਪਾਉਂ ਜੁ ਘਾਲੋ।ਤਾਂਹਿ ਪੰਥ ਨਹੀ ਅਪਨਾ ਭਾਲੋ।ਏਹੁ ਬਚਨ ਹੈ ਸੰਤ ਸੁਨਾਵਹਿੰ। ਨਿਜ ਜਗਿਆਸੀ ਕਉਂ ਬਤਲਾਵੈਂ।ਕਹੂੰ ਚੇਲੇ ਕਾ ਭੇਖ ਸੰਨਿਆਸੀ। ਕਹੂੰ ਭੇਖ ਹੈ ਸਹਜ ਉਦਾਸੀ। ਕਹੂੰ ਭੇਖ ਕੰਠੀ ਜਪਮਾਲੀ। ਕਹੂੰ ਭੇਖ ਬੈਰਾਗੀ ਭਾਲੀ। ਆਪ ਨ ਦੇਂਇ ਭੇਖ ਕਹੂੰ ਜਨੈਂ। ਜੈਸੇ ਆਏ ਤੈਸੇ ਬਨੈ। ਜਗ ਮਹਿੰ ਭੇਖ ਬਹੁ ਤੇਰੇ ਦੇਖਹਿੰ। ਆਪਸ ਮੈ ਵੈ ਸਭ ਇਕ ਪੇਖਹਿੰ। ਏਕੈ ਜਾਨਾਂ ਏਕੈ ਮਾਨਾ! ਇਕ ਬਾਸਨ ਪਰੋਸ ਸਭ ਖਾਨਾ।੬੮।

॥ ਦੋਹਰਾ ॥

ਕਹੂੰ ਭੇਖ ਸੋ ਗ੍ਰਿਸਤ ਕਾ, ਜਾਮਾ ਫੈਂਟਾ ਜੋਰ।
ਏਹ ਭੇਖ ਸੰਤ ਖੁਸ਼ ਕਰੇ, ਕਹੇਂ ਏਹੁ ਸਿਰ ਮੋਰ।

॥ ਚੌਪਈ ॥ ਭੇਖ ਕਰਨ ਨਹ ਸੰਤ ਖੁਸ ਹੋਇੰ। ਕਰਨੀ ਬਾਝਹੁੰ ਤਰੈ ਨ ਕੋਇ। ਕਹੈਂ ਸੰਤ ਇਹ ਆਛਾ ਇਤ। ਸੁਨ ਲੇਵਹੁ ਹੇ ਭਾਈ ਮਿਤ। ਗ੍ਰਿਸਤ ਕਰਮ ਜੋ ਦੋਖ ਪਿਆਰੇ। ਸੇ ਸਕਲੇ ਤੁਮ

ਮਨਹੁੰ ਬਿਸਾਰੇ। ਝੂਠ ਪ੍ਰਪੰਚ ਅਰ ਚਿਤ ਚਿਤਉਨੀ। ਤ੍ਰਿਸਨਾ ਲੋਭ ਜਾਰੈ ਦਿਨ ਰੈਨੀ। ਕਾਮ ਕ੍ਰੋਧ ਲੋਭ ਮੋਹ ਅੰਹਕਾਰ। ਉਪਾਧ ਸੰਕਟ ਅਮਿਤ ਜੰਜਾਰਾ।੬੯।

॥ ਦੋਹਰਾ ॥

ਸੁਤ ਬਨਿਤਾ ਫਾਂਸੀ ਬਨੀ, ਸਭ ਗ੍ਰਿਸਤੀ ਭਏ ਪੰਖ।
ਬਧਿਕ ਕਾਲ ਕੇ ਪਿੜ ਪੜੇ, ਜੋ ਕੀਨੇ ਭੋਗ ਅਸੰਖ।

॥ ਚੌਪਈ ॥ ਇਹੈ ਕਰਮ ਗ੍ਰਿਸਤੀ ਕੇ ਮਧ। ਇਨ ਮਹ ਜਨ ਨਹੀ ਹੋਈਐ ਬਧ। ਪਾਛੇ ਰਹਿਓ ਗ੍ਰਿਸਤ ਕੋ ਭੇਖ। ਭੇਖ ਮਾਹਿੰ ਸੁਨ ਏਹ ਬਿਸੇਖ। ਗ੍ਰਿਸਤ ਭੇਖ ਸਭ ਕੋ ਹੈ ਦਾਸ। ਪੂਜਤ ਮਾਨਤ ਕੋਊ ਨ ਤਾਸ। ਖਟ ਦਰਸ਼ਨ ਸਭ ਪੰਥ ਜੋ ਮੀਤ। ਪੰਡਤ ਪਾਂਧੇ ਗਰੀਬ ਅਤੀਤ। ਕਈ ਅਰਥੀ ਜਾਚਕ ਜਾਚਾਈ। ਸਭ ਕੋ ਡੰਡ ਸਿਰ ਗ੍ਰਿਸਤੀ ਭਾਈ।੭੦। ॥ ਦੋਹਰਾ ॥

ਸਭਨ ਡੰਡ ਗ੍ਰਿਸਤੀ ਭਰੇ, ਜੋ ਸਕਲੇ ਯੇਹ ਆਹਿ।
ਇਤਕ ਲਾਭ ਗ੍ਰਿਸਤੀ ਜਨਹਿੰ, ਭੇਖ ਨੀਕਾ ਇਤ ਆਹਿ।

॥ ਚੌਪਈ ॥ ਤਾਂਤੇ ਭੇਖ ਗ੍ਰਿਸਤ ਸ਼ੁਭ ਆਹਿ। ਆਦਰ ਕੋਊ ਦੇਤ ਨਹ ਤਾਹਿ। ਇਤ ਕਰ ਮਨ ਬਹੁ ਸੁਕਚਿਆ ਰਹੇ। ਸਹਜੇ ਸਭ ਕੇ ਦਾਸ ਸੁ ਅਹੇ। ਤਾਂਤੇ ਭੇਖ ਗ੍ਰਿਸਤ ਕੋ ਨੀਕਾ। ਇਨ ਮਹਿ ਸੁਖ ਕਛ ਹੋਵੈ ਜੀਕਾ। ਸੰਤ ਕਹੈਂ ਮੋਕਉ ਬਹੁ ਭਾਵੈ। ਗ੍ਰਿਸਤ ਭੇਖ ਜੇ ਕਰ ਬਨਿ ਆਵੈ। ਸੰਤ ਕਹੈਂ ਭੇਖ ਗ੍ਰਿਸਤ ਬਨਾਵਹੁ। ਕਿਰਤ ਕਰੋ ਨਿਜ ਖਾਇ ਖਵਾਵਹੁ। ਕਿਰਤ ਭਿ ਐਸੀ ਕਰੀਅਹੁ ਭਾਈ। ਜਾਮਹਿੰ ਏਤੇ ਗੁਨ ਦਰਸਾਈ।੭੧।

॥ ਦੋਹਰਾ ॥

ਜਾਮਹਿੰ ਕਿਰਤ ਸਰੀਰ ਕੋ, ਕਛ ਡੰਡ ਹੋਵੈ ਮੀਤ।
ਕਾਮ ਨ ਪਰੈ ਕੁਸੰਗ ਸਿਉਂ, ਭਟ ਕੈ ਨਾਹੀ ਚੀਤ।

॥ ਚੌਪਈ ॥ ਹਿੰਸਾ ਪਾਪ ਅਰ ਝੂਠ ਨ ਆਵੈ।ਲਾਹਾ ਥੋਰਾ ਸੰਤ ਬਤਾਵੈ। ਲੇਨ ਦੇਨ ਗੁਰਮੁਖ ਸਿਉਂ ਪਰੇ। ਉਦਰ ਪੂਰਨਾ ਤ੍ਰਿਸ਼ਨ ਨ ਕਰੇ। ਕਿਰਤ ਏਕ ਕਉਂ ਹਾਥ ਲਗਾਵਹੁ। ਨਾ ਨਾ ਕਿਰਤ ਨਿਕਟ ਨਹੀ ਜਾਵਹੁ। ਅਮਿਤ ਠਉਰ ਲੇ ਬਸਤ ਨ ਧਰੇ। ਏਕ ਜਗਾ ਲੇਨ ਦੇਨ ਕਰਉ। ਜਬ ਬਰਖਾ ਚਉ ਮਾਸਾ ਆਵੈ। ਤਿਹ ਰੁਤ ਕਿਰਤ ਹਾਥ ਨਹੀ ਲਾਵੈ। ੭੨।

॥ ਦੋਹਰਾ ॥

ਤਿਹੁ ਰੁਤ ਕਿਰਮ ਬਹੁ ਉਪਜਤੇ, ਧਰ ਪਰ ਬਿਥਰਹਿ ਮੀਤ।
ਚਾਲਤ ਫਿਰਤ ਲਤਾੜੀਅਹਿ, ਤਿਹ ਰੁਤਿ ਕਿਰਤ ਅਨੀਤ।

॥ ਚੌਪਈ ॥ ਤਿਹ ਰੁਤ ਮਾਂਹਿ ਕਿਰਤ ਨਹੀ ਕਰੀਏ। ਕਛ ਸੰਚਾ ਏਤਾ ਲੇ ਧਰੀਏ। ਤਿਹ ਰੁਤ ਕਿਰਤ ਨ ਕਰਨੀ ਪਰੇ। ਇਹੁ ਸੰਚਾ ਤੁਮ ਮਾਫੀ ਨਰੇ। ਇਨ ਸਿਉ ਵਧ ਸੰਚਾ ਜਉਂ ਹੋਵੈ। ਇਹ ਸੰਚਾ ਤੁਮ ਬਹੁਤ ਵਿਗੋਵੈ। ਓਹ ਸੰਚਾ ਤ੍ਰਿਸ਼ਨਾ ਹੋਇ ਜਾਵੈ। ਇਹੁ ਸੰਚਾ ਹਮ ਕਉਂ ਨਹੀ ਭਾਵੈ। ਜ਼ਿਹ ਕਰ ਕਾਮ ਉਦਰ ਕਾ ਚਲੇ। ਵਹੁ ਕਛ ਕਰ ਲੀਜੈ ਜਨ ਭਲੇ। ੭੩।

॥ ਦੋਹਰਾ ॥

ਰੂਖਾ ਖਾਇ ਗੁਦਾਰਨਾ, ਸ ਭਿਖ ਅੰਨ ਜੋ ਹੋਇ।
ਪਹਿਰਾਵਾ ਸੁਭ ਭਗਲ ਕਾ, ਤਨਹਿੰ ਉਢਾਵਹੁ ਸੋਇ।

॥ ਚੌਪਈ ॥ ਸੁੰਦ੍ਰ ਅੰਬਰ ਨਾਰੀ ਵੇਸ। ਇਨ ਮਹ ਜਨ ਨਹੀ ਕਰਹੁ ਪ੍ਰਵੇਸ਼। ਮਦਰਾ ਮੰਸ ਕਾਮੀ ਕੋ ਭੱਛਨ। ਇਨਕਾ ਭੀ ਨਹੀ ਕਰਨਾ ਚੱਖਨ। ਘਿਉ ਅਰ ਖੰਡ ਸੂਰਮੇ ਖਾਵਹਿੰ। ਬਲ ਬਧਾਇ ਦਲ ਸਨ ਮੁਖ ਧਾਵਹਿੰ। ਘੋੜੇ ਚੀਰੇ ਕੰਗਣ ਜਾਮੇ। ਚੱਕਰ ਰਾਜੇ ਬਰਤਹ ਯਾਮੇ। ਲੇਫ ਤੁਲਾਈ ਖਾਟਹਿੰ ਸਉਨਾ। ਇਨ ਮਹਿ ਮਾਇਆ ਧਾਰੀ ਗਉਨਾ। ੭੪।

Digitized by Panjab Digital Library | www.panjabdigilib.org

॥ ਦੋਹਰਾ ॥

ਖਟੇ ਮਿਠੇ ਚਰਚਰੇ, ਭੋਗੀ ਲੇਤੇ ਸੁਆਦ।
ਜਿਨਹਿ ਲਾਭ ਹੈ ਜੀਭ ਕੀ, ਤਿਨ ਕਉਂ ਇਹ ਅਹਲਾਦ

॥ ਚੌਪਈ ॥ ਮਹਲ ਝਰੋਖੇ ਸੋਈ ਬਨਾਵਹਿੰ। ਜਿਨ ਕਉਂ ਚਿਤ ਮਰਨਾ ਨਹੀ ਆਵਹਿੰ। ਮਹੀਂ ਗਾਂਈ ਡੰਗਰ ਵੱਛੇ। ਇਹ ਰਾਖਹਿੰ ਚਾਰਕ ਬਨ ਕੱਛੇ। ਅਨੰਤ ਭੇਖ ਅਤੀਤ ਬਨਾਵਹਿੰ। ਭੇਖ ਬਨਾਇ ਜੱਗ ਮਹਿੰ ਪੂਜਾਵਹਿੰ। ਜੋ ਜਨ ਗਹੇ ਪ੍ਰਭੂ ਕੀ ਪ੍ਰੀਤਾ। ਤਿਨ ਇਉਂ ਕਰਨ ਬਨੇ ਸੁਨ ਮੀਤਾ। ਬਹੁਤ ਭੂਖ ਅਰ ਥੋਰਾ ਰੱਜਨ। ਰਹੈ ਸਰੀਰ ਸੋਈ ਕਰ ਕੱਜਨ ।੭੫।

॥ ਦੋਹਰਾ ॥

ਚਹੈ ਨ ਮਾਇਆ ਭੋਗ ਸੁਖ, ਚਾਹੇ ਨ ਮਾਨ ਮਹੱਤ।
ਏਕ ਚਾਹ ਰਿਦ ਪ੍ਰਭ ਗਹੈਂ, ਛਾਡੇ ਸਗਲ ਮੱਮਤ।

॥ ਚੌਪਈ ॥ ਪ੍ਰਭ ਕੀ ਪ੍ਰੀਤ ਬਨਾਵੇ ਚੋਲਾ। ਕਾਮ ਪ੍ਰਭੂ ਸਿਉ ਜਗ ਸਿਉਂ ਓਲਾ। ਦੁਖ ਸੁਖ ਅਪਨਾ ਪ੍ਰਭ ਸਿਉਂ ਕਹੇ। ਆਨ ਬਾਤ ਚਾਹਨ ਨਹੀ ਚਹੇ। ਤਨ ਕਉ ਭਾਰ ਰਿਦੈ ਕਰਮਾਨੈ ਇਨਹਿੰ ਕ੍ਰਿਆ ਪਰ ਆਲਸ ਠਾਨਹਿੰ। ਨੀਂਦ ਨੰਗੇਜ਼ ਪਿਆਸ ਅਰ ਭੂਖ। ਇਨਕਾ ਤਨਹਿ ਸਹਾਵੇ ਦੂਖ। ਦੁਸ਼ਟ ਪੁਰਖ ਦੁਰ-ਬਚਨ ਜੁ ਭਾਖੇ। ਤਾਸਿਉਂ ਬਦਲੇ ਰਸ ਨਹੀਂ ਚਾਖੇ। ਸਭ ਕਿਛ ਪ੍ਰਭ ਕਾ ਜਾਨੈ ਭਾਈ। ਹੋਇ ਰਹੇ ਸਭ ਕੋ ਸੁਖਦਾਈ ।੭੬।

॥ ਦੋਹਰਾ ॥

ਜੋ ਅਹਾਰ ਹੈ ਮੱਨਕਾ, ਮੱਨ ਸਿਉ ਲੇਵੈ ਖੱਸ।
ਅਚਰ ਚਰੈ ਹੋਇ ਨਿਰਮਲਾ, ਭਗਤਿ ਅਨੰਦ ਬਿਗੱਸ।

॥ ਚੌਪਈ ॥ ਜਗ ਕੋ ਖਾਜ ਪਸੂ ਕੋ ਜਾਨੈ। ਆਤਮ ਰਸ ਨਿਜ ਖਾਜ ਪਛਾਨੈ। ਇੰਦ੍ਰੀ ਭੋਗ ਅਨਾਤਮ ਮੀਤਾ। ਇਨ ਮਹਿੰ

Digitized by Panjab Digital Library | www.panjabdigilib.org

ਘਾਲੈ ਨੈਕ ਨ ਚੀਤਾ। ਮਰਨ ਆਪਨਾ ਨਿਕਟ ਪਛਾਨੈ। ਬਹੁਤ ਪਸਾਰੇ ਜਗਤ ਨ ਠਾਨੈ। ਤਨ ਮਨ ਸਕਲ ਸਮੇਟਿਆ ਰਾਖੈ। ਪ੍ਰੀਤਮ ਪ੍ਰੇਮ ਰਿਦੇ ਰਸ ਚਾਖੈ। ਗਿਆਨ ਅਭਿਆਸ ਰਿਦੇ ਲੇ ਧਾਰੇ। ਦ੍ਵੰਦ ਦੁਵੈਤ ਸਕਲੇ ਮਨ ਟਾਰੇ।੭੭।

॥ ਦੋਹਰਾ ॥

ਇਉਂ ਉਪਦੇਸ ਸਗਲੇ ਜਨਾ, ਖੋਲ੍ਹ ਸੁਨਾਇਓ ਸੰਤ।੯।
ਅਉਰ ਬਚਨ ਹਰਿ ਜਨ ਕਹੇ, ਸਿਖ ਸੁਨਾਇ ਗੁਰ ਮੰਤ।

॥ ਚੌਪਈ ॥ ਆਪ ਕਉਂ ਨਾਰੀ ਮਨਹੁ ਨ ਭਾਈ। ਨਹ ਮਾਨਉਂ ਪੁਰਖਾ ਪੁਰਖਾਈ। ਨਹ ਮਾਨਉਂ ਗ੍ਰਿਸਤੀ ਆਤੀਤ। ਜੋਗੀ ਜੰਗਮ ਮਨਹੁ ਨ ਮੀਤ। ਨਹ ਮਾਨਉਂ ਬੈਰਾਗੀ ਮੁੰਡਤ। ਨਹ ਮਾਨਹੁੰ ਬਿਦਿਆ ਧਰ ਪੰਡਤ। ਸੰਨਿਆਸੀ ਉਦਾਸੀ ਨਹੀ ਮਾਨਹੁ। ਹਿੰਦੂ ਤੁਰਕ ਨ ਪੱਖ ਰਿਦ ਠਾਨਹੁੰ। ਸੱਰਧਨ ਨਿੱਰਧਨ ਊਚ ਅਰ ਨੀਚ। ਜਾਤੀ ਪਾਤੀ ਜਗਮਹਿੰ ਮੂਚ ॥੭੮॥

॥ ਦੋਹਰਾ ॥

ਖਟ ਦਰਸ਼ਨ ਚਤਰਾ ਬਰਨ, ਅਨਿਕ ਪੰਥ ਜੋ ਮੀਤ।
ਇਨ ਕੀ ਮਾਨ ਨ ਮਾਨੀਐਂ, ਸਕਲ ਮਾਨ ਆਨੀਤ।

॥ ਚੌਪਈ ॥ ਆਪ ਕਉ ਜੋਤ ਭਗਵੰਤ ਕੀ ਮਾਨਹੁ। ਪਾਂਚ ਤਤ ਕੋ ਤਨ ਪਹਿਚਾਨਉ। ਜਿਉਂ ਨਿਜ ਮਾਨਉਂ ਤਿਉ ਪਰ ਜਾਨਹੁ। ਪੰਥ ਭੇਖ ਸਭ ਝੂਠ ਪਛਾਨਹੁੰ। ਜਾਤ ਪਾਤ ਪ੍ਰਭ ਕੀ ਸਭ ਕੋਈ।ਉਤਪਤ ਸਕਲ ਬ੍ਰਹਮ ਤੇ ਹੋਈ। ਜਿਨਤੇ ਓਹੀ ਉਪਜੇ ਜਾਤ। ਅਵਰ ਜਾਤ ਅਨਜਾਤ ਬਿਲਾਤ। ਜੋ ਪਿਤ ਜਾਤ ਸੋਈ ਹੈ ਤਾਤ। ਇਨ ਮਹਿੰ ਭੇਦ ਨ ਮਾਨਹੁੰ ਗਿਆਤ।੭੯।

॥ ਦੋਹਰਾ ॥

ਬ੍ਰਹਮ ਬਿੰਦ ਤੇ ਬ੍ਰਹਮਣਾ, ਬੇਦ ਬਤਾਵਤ ਚਾਰਿ।
ਸਕਲ ਅੰਸ ਹੈ ਬ੍ਰਹਮ ਕੀ, ਸੁਨ ਲੇਵਹੁ ਨਿਰਧਾਰ।

॥ ਚੌਪਈ ॥ ਤਾਂਤੇ ਏਕੋ ਬ੍ਰਹਮ ਪਛਾਨਹੁ । ਦੂਸਰ ਭਾਉ ਨ ਰਿਦ ਕੋ ਆਨਹੁ । ਅਪਨਾ ਜੀਉ ਸਕਲ ਕਉਂ ਦਰਸਹੁ । ਦਇਆ ਮੇਘ ਸਭ ਹੂੰ ਪਰ ਬਰਸਹੁ । ਜੋ ਨਿਜ ਚਹੇ ਸੁ ਪਰ ਕਉਂ ਚਾਹੇ । ਸਰਬ ਸਜਨ ਹੋਇ ਲੇਵਹੁ ਲਾਹੇ । ਛੋਡਹੁ ਦੂਖ ਦੁਖਾਵਨ ਪਾਪ । ਛੋਡਹੁ ਗਰਬ ਨਿੰਦਿਆ ਆਪ । ਇਹ ਉਪਦੇਸ ਦੀਓ ਜਨ ਸੰਤ । ਸਭ ਜਗਿ ਆਸਨ ਕਹਿਓ ਮਹੰਤ ।੮੦।

। ਦੋਹਰਾ ॥

ਇਕਸ ਆਨ ਕਰ ਪੂਛਿਆ, ਹਰਿ ਜਨ ਪਾਸਹੁੰ ਆਇ ।
ਤੁਮ ਜਗਿਆਸੀ ਕੇਤੜੇ, ਮੋਹਿ ਦਿਹੁ ਬਤ ਲਾਇ ।੧੦

॥ ਚੌਪਈ ॥ ਤਬ ਹਰਿਜਨ ਉਤ੍ਰ ਬਤ ਲਾਇਆ । ਪੂਛਨ ਵਾਰੇ ਕਉਂ ਸਮਝਾਇਆ । ਮਮ ਜਗਿਆਸੀ ਕੋਊ ਨਾਹੀ । ਜਗਿਆਸੀ ਸਭ ਪ੍ਰਭ ਕੇ ਆਹੀਂ । ਜਿਹ ਜਨ ਮਾਹਿਂ ਪ੍ਰਭੂ ਕੀ ਪ੍ਰੀਤ । ਸੋ ਹਮਰੇਂ ਸਭ ਭਾਈ ਮੀਤ । ਹਰਿ ਹੇਤੀ ਸਭ ਮੀਤ ਹਮਾਰੇ । ਹਮ ਉਨ ਕੇ ਓਇ ਹਮਰੇ ਪਿਆਰੇ । ਪ੍ਰਸ਼ਨ ਕੀਆ ਜਗਿਆਸੀ ਕੇਤੇ । ਬਰਨ ਨ ਸਾਕਉਂ ਪ੍ਰਭ ਕੀਏ ਜੇਤੇ ।੮੧।

॥ ਦੋਹਰਾ ॥

ਭੂਤ ਭਵਿੱਖ ਅਰ ਵਰਤਮਾਨ, ਜੋ ਜਗਿਆਸੀ ਮੀਤ ।
ਗਨਤੀ ਕੋਊ ਨ ਗਨ ਸਕੈ, ਸੁਨ ਲੇਵਹੁ ਦੇ ਚੀਤ ।

॥ ਚੌਪਈ ॥

ਹਰਿ ਹੇਤੀ ਜੋ ਭਏ ਜਗਿਆਸੀ । ਬਹੁ ਅਨ-ਗਨਤ ਕੀਨੇ ਅਬਿਨਾਸੀ । ਹਮ ਉਨਕੇ ਓਇ ਹਮਰੇ ਭਾਈ । ਸੁਨ ਲੇਵਹੁ ਸੁ ਜਨ ਸੁਖਦਾਈ । ਜੋ ਹਮਰੇ ਜਗਿਆਸੀ ਜਾਨੈ । ਸੋ ਨਹੀ ਹਮਰਾ ਰਿਦਾ ਪਛਨੈ । ਰਿਦੇ ਪਛਾਨਨ ਕੀ ਯਹ ਬਾਤਾ । ਜਾਨੈ ਸਭ ਗੁਰਮਤ ਕੋ ਨਾਤਾ । ਗੁਰਮਤ ਬਾਤ ਜੁ ਸੁਨੈ ਸੁਨਾਵੈ ।

Digitized by Panjab Digital Library | www.panjabdigilib.org

ਓਨ ਹਮ ਭਾਇ ਹਮ ਕਉਂ ਓਹ ਭਾਵੈ । ਗੁਰਮਤੀਆ ਜੋ ਜਨ ਹੋਇ ਬੀਤਾ। ਜਉਂ ਕਰ ਹਮ ਓਇ ਮਿਲੇ ਨਾ ਮੀਤਾ। ਉਨ ਬਾਤਾਂ ਸੁਨ ਸੁਨ ਉਮ ਗਾਵਉ। ਫੂਲ ਫੂਲ ਜਨ ਕਾ ਜਸ ਗਾਵਉਂ ॥੯੨॥ ॥ ਦੋਹਰਾ ॥

ਕਾਹੂ ਕੋਊ ਅਧਾਰ ਹੈ, ਕਾਹੂੰ ਕੋਊ ਅਧਾਰ।
ਮੋਹਿ ਤਿਨਕਾ ਆਧਾਰ ਹੈ, ਜਿਨ ਜਪਿਆ ਸਿਰਜਨ ਹਾਰ ।੯॥

॥ ਚੌਪਈ ॥ ਅਉਰ ਬਾਤ ਸੁਨ ਹਰ ਜਨ ਰਾਇਆ। ਇਕ ਜਨ ਸੇਲੀ ਪੱਟ ਕੀ ਲਿਆਇਆ। ਸੁਪੇਦ ਪੱਟ ਕੀ ਸੇਲੀ ਭਾਈ। ਭੇਟ ਸੰਤ ਪਹਿ ਆਨ ਚੜ੍ਹਾਈ। ਜਨਹਿੰ ਸੰਤ ਪਹਿ ਕਹੀ ਕਹਾਨੀ। ਪੰਥ ਪੜੋਸ ਚਾਲੋ ਹੇ ਗਿਆਨੀ। ਤਬ ਤੁਮ ਕਮਰ ਬਾਂਧ ਯਹ ਲੈਨੀ। ਜਿਸ ਤੇ ਤੁਮ ਤਨ ਹੋਇ ਸੁਖ ਚੈਨੀ। ਸੰਤ ਕਹਿਆ ਹਮਰੇ ਨਹੀ ਕਾਮਾ । ਸੇਲੀ ਲੇਹੁ ਉਠਾਇ ਅਭਿਰਾਮਾ ।੯੩॥ ॥ ਦੋਹਹਾ ॥

ਤਬ ਜਨ ਕਹਿਆ ਹੇ ਸੰਤ ਜੀ, ਹਮਰੀ ਰੁਚ ਇਹ ਆਹਿ।
ਤੁਮ ਸੇਲ੍ਹੀ ਕਉਂ ਲੇਵਹੋ, ਗਨਤੀ ਗਨਹੁੰ ਨ ਕਾਇ।

॥ ਚੋਪਈ ॥ ਸੰਤ ਕਹਿਆ ਇਨ ਕਾ ਕਹੁ ਮੋਲ। ਤਬ ਉਨ ਕਹਿਆ ਸੰਤ ਸਿਉਂ ਬੋਲ। ਜੋ ਕਛ ਮੋਲ ਤਿਨ ਭਾਖ ਸੁਨਾਇਆ। ਪਾਂਚ ਰੁਪੈ ਤਿਨ ਕਹੇ ਸੁਨਾਇਆ। ਸੰਤ ਕਹੀ ਤਬ ਬਾਨੀ ਗੂੜ੍ਹੀ। ਪਾਂਚ ਰੁਪੈ ਨਿਰਧਨ ਕੀ ਮੂੜੀ । ਏਹ ਮੂੜੀ ਜਬ ਨਿਰ ਧਨ ਪਾਵੈ। ਸਕਲ ਕੁਟੰਬ ਕਉਂ ਪਾਲ ਦਿਖਾਵੈ। ਹਟੀ ਬਾਹੇ ਯਾ ਫੇਰਾ ਫਿਰੈ। ਇਨ ਸੰਗ ਅਪਨੀ ਰੋਜ਼ੀ ਕਰੈ ਜਬ ਇਨ ਮੋਹਿ ਕਮਰ ਬੰਧ ਦੀਨਾ। ਤਬ ਇਨ ਕੱਮ ਹਮਰਾ ਕਿਆ ਕੀਨਾ ॥ ੯੪ ॥ ॥ ਦੋਹਰਾ ॥

ਕਮਰ ਬੰਧਨ ਕਉਂ ਅੰਚਲਾ, ਹਮਰੇ ਹੈ ਜਨ ਪਾਸ ।
ਕਮਰ ਕਾਮ ਉਨ ਸਿਉਂ ਚਲੇ, ਸੇਲੀ ਵਾਧੂ ਆਸ ।

Digitized by Panjab Digital Library | www.panjabdigilib.org

॥ ਚੋਪਈ ॥ ਤਾਂਤੇ ਇਨ ਕਹੁੰ ਬੇਚਹੁ ਭਾਈ। ਨਿਰਧਨ ਅਰਥੀ ਦੇਵਹੁ ਜਾਈ। ਉਨ ਕਾ ਕਾਮ ਇਨ ਸਿਉਂ ਚਲ ਪਰੇ। ਹਮ ਇਨ ਕਾਜ ਨਹੀ ਕੋਊ ਪਰੇ। ਪਟ ਸੇਲ੍ਹੀ ਹਰਿ ਜਨ ਨਹਿ ਲਈ। ਔਰ ਬਾਤ ਹਰਿ ਜਨ ਕੀ ਭਈ ॥ ੧੦ ॥ ਇਕ ਦਿਨ ਏਕ ਪ੍ਰਸ਼ਾਦਿ ਲਿਆਇਆ। ਸੰਤ ਅਗੇ ਧਰ ਸੀਸ ਨਿਵਾਇਆ। ਕਾਢ ਦਾਂਤ ਬਿਨਤੀ ਇਹ ਠਾਨੀ। ਮਨਹੁੰ ਕਾਮਨਾ ਪੂਰਹੁ ਗਿਆਨੀ। ਤਬ ਹਰਿ ਜਨ ਇਉਂ ਬੋਲਤ ਭਏ। ਇਹੁ ਪ੍ਰਸ਼ਾਦਿ ਚਾਇ ਤੂੰ ਲੈ। ਇਸਕਾ ਕਾਮ ਹਮਰਾ ਕੋ ਨਾਹੀਂ। ਖੋਲ੍ਹ ਸੁਨਾਊ ਸਮਝਿ ਮੰਨ ਮਾਹੀ ॥ ੮੫ ॥ ॥ ਦੋਹਰਾ ॥

ਤੁਮ ਜੋ ਮਾਂਗਤ ਏਹ ਕਛ, ਮੋ ਸਿਉਂ ਹੋਇ ਨਾ ਪੂਰ।
ਮਨ ਤੋ ਪਰਮ ਅਗਿਆਨ ਰੂਪ, ਮਨੋਰਥ ਭੀ ਇਨ ਕੂਰ।

॥ ਚੋਪਈ ॥ ਲੈ ਪ੍ਰਸ਼ਾਦ ਹਾਥ ਹਮ ਜੋਰੇਂ। ਕਰਉਂ ਬੇਨਤੀ ਤੁਮਰੇ ਓਰੇਂ। ਜਉਂ ਕਹੂੰ ਠਾਕੁਰ ਮਾਨੈ ਰਾਇਆ। ਮਾਨੋ ਹਮਹਿੰ ਨਰਕ ਤੁਮ ਪਾਇਆ। ਮਨ ਮਨੋਰਥ ਫਲ ਨਰਕਹਿੰ ਪਰਨਾ। ਏਹੁ ਪਾਪ ਹਮ ਤੇ ਨਹੀਂ ਸਰਨਾ। ਜਉਂ ਕਹੂੰ ਠਾਕੁਰ ਮਨਹ ਨਾ ਭਾਈ। ਤੁਮ ਪ੍ਰਸ਼ਾਦਿ ਤਬ ਲੇਨ ਭਲਾਈ। ਤੁਮਰਾ ਕਾਮ ਨ ਪੂਰਾ ਹੂਆ। ਇਉਂ ਹੀਂ ਬਿਨ ਬਦਲੇ ਲੁਟ ਲੀਆ। ਸੋ ਖਾਵਨ ਠੱਗ ਚੋਰ ਨਿਆਈ, ਤਾਤੇ ਇਨ ਕਉਂ ਖਾਵਓਂ ਨਾਹੀ ॥ ੮੬ ॥ ॥ ਦੋਹਰਾ ॥

ਚੋਰ ਠੱਗ ਕੇ ਪਦਹਿੰ ਕਉਂ, ਮੈ ਨਹੀ ਪਾਵਉਂ ਮੀਤ।
ਦੁਹੂ ਵਿਧ ਨਹੀ ਖਾਵਨਾ, ਖਾਂਵਨ ਮਹਾ ਅਨੀਤ।

॥ ਚੋਪਈ ॥ ਤਾਂਤੇ ਏਹ ਪ੍ਰਸ਼ਾਦਿ ਲੇ ਜਾਵਹੁ। ਇਨ ਸੁਆਦ ਮੋਕਉਂ ਨਹੀ ਭਾਵਉਂ ॥ ੧੧ ॥ ਅਉਰ ਏਕ ਪ੍ਰਸ਼ਾਦਿ ਲਿਆਇਆ ਤਾਂ ਸਿਉਂ ਬਚਨ ਸੰਤ ਬਤ ਲਾਇਆ ਕਿਹ ਕਾਰਨ

Digitized by Panjab Digital Library | www.panjabdigilib.org

ਤੈਂ ਹਮਰੇ ਆਗੈ। ਕੀਆ ਭੇਟ ਪ੍ਰਸ਼ਾਦਿ ਸਭਾਗੇ। ਕਾਮਨਾ ਅਪਨੀ ਖੋਲ੍ਹ ਸੁਨਾਵਹੁ। ਜਿਉਂਕੀ ਤਿਉਂ ਹਮ ਸਾਥ ਬਤਾਵਉ। ਤਬ ਜਨ ਸੰਤ ਸਿਉਂ ਬਚਨ ਉਚਾਰੇ। ਹਮਹੁੰ ਕਾਮਨਾ ਏਹੁ ਪਿਆਰੇ। ੯੭।

॥ ਦੋਹਰਾ ॥

ਗੁਰਮਤ ਦਾਨ ਮੈ ਮਾਂਗਤਾ, ਏਹ ਕਾਮਨਾ ਮੋਰ।
ਖਾਇ ਪ੍ਰਸ਼ਾਦਿ ਤੁਮ ਦੇਵਹੋ,ਦੁਰਮਤ ਬੰਧਨ ਤੋਰ।

॥ ਚੌਪਈ ॥ ਸੰਤ ਕਹਿਆ ਸੁਨ ਲੇਵਹੁ ਜਨਾ ਇਸ ਪ੍ਰਸ਼ਾਦਿ ਖਾਵਨ ਕੀ ਮਨ੍ਹਾ। ਜਿਹ ਪ੍ਰਕਾਰ ਹਮ ਖਾਵਉਂ ਨਾਹੀ। ਸੋ ਤੁਮ ਕੋ ਮੈ ਬਰਨ ਸੁਨਾਈਂ। ਪ੍ਰਿਥਮੇ ਇਹ ਪ੍ਰਕਾਰ ਸਮਝਾਈਂ। ਗੁਰਮਤ ਹੈ ਤਉਂ ਗੁਰ ਪਹਿ ਭਾਈ। ਜਿਨ ਪਹਿ ਗੁਰਮਤ ਸੋਈ ਦੇਵੈ। ਲੇ ਪ੍ਰਸ਼ਾਦਿ ਤੁਮ ਗੁਰਮਤ ਦੇਵੈ। ਹਮ ਪਹਿ ਤੇ ਗੁਰਮਤ ਨਹੀ ਐਸੀ। ਲੇ ਪ੍ਰਸ਼ਾਦਿ ਤੁਮ ਦੇਵਉਂ ਜੈਸੀ ॥ ੯੮ ॥

॥ ਦੋਹਰਾ ॥

ਗੁਰਮਤ ਲੈਨ ਜੁ ਆਇਆ,ਦੇ ਪ੍ਰਸ਼ਾਦਿ ਕਰ ਮੀਤ।
ਸ਼ਰਧਾ ਗੁਰਮਤ ਥੋੜਲੀ,ਜਾਨਉਂ ਤੁਮਰੇ ਚੀਤ।

॥ ਚੌਪਈ ॥ ਗੁਰਮਤ ਕਉਂ ਸਉਦਾ ਮਨ ਮਾਨਾ। ਕਛ ਦੇ ਕੇ ਵਹੁ ਲੇਨੀ ਜਾਨਾ। ਸੋ ਤੋ ਗੁਰਮਤ ਦਾਤ ਖਸਮ ਕੀ। ਦੇਨ ਲੇਨ ਯਹ ਬਾਤ ਰਸਮ ਕੀ। ਰੀਤ ਰਸਮ ਸਿਉਂ ਗੁਰਮਤ ਪੱਰੇ। ਮਨ ਮਹਿੰ ਜਾਨਹੁੰ ਸੁੱਜਨ ਨਰੇ। ਇਉਂ ਰਿਦ ਧਾਰ ਪ੍ਰਸ਼ਾਦਿ ਖਵਾਵਹੁ। ਤਬ ਹਮ ਕਉਂ ਬਹੁਤਾ ਰਿਦ ਭਾਵਉਂ। ਪ੍ਰਭ ਕੈ ਜੀਅ ਜਾਂਨ ਕੈ ਭਾਈ ॥ ਹਮਰੀ ਪ੍ਰਾਲਭ ਹਮ ਸਉਂਪਾਈ ॥ ੯੯ ॥

॥ ਦੋਹਰਾ ॥

ਗੁਰਮਤ ਜੋ ਮਨ ਮਾਗੀਐ, ਦਾਤ ਜਾਨੀਐ ਸੋਇ।
ਲੈਨ ਦੇਣ ਕੇ ਬੱਦਲੇ,ਬੀਚ ਨ ਲਿਆਈਐ ਓਇ।

Digitized by Panjab Digital Library | www.panjabdigilib.org

ਚੌਪਈ ॥੧੨॥ ਪ੍ਰਸ਼ਾਦਿ ਮਨਾਵਨ ਇਕ ਜਨ ਆਇਆ। ਤਿਨੈ ਬੇਨਤੀ ਬਚਨ ਚਲਾਇਆ। ਹਮ ਗਰੀਬ ਕੀ ਮਾਨਹੁ ਰੋਟੀ ਆਪ ਸੰਤ ਹੈਂ ਪ੍ਰਭੁ ਕੇ ਮੋਦੀ।ਤਬ ਹਰਿ ਜਨ ਇਹ ਬਾਤ ਬਤਾਈ। ਹਮ ਗਰੀਬ ਨਹੀ ਰੋਟੀ ਖਾਈ। ਤਬ ਫਿਰ ਜਨ ਯਹ ਬੋਲੀ ਬਾਨੀ ਗਬਰਾਂ ਕੀ ਖਾਵਤ ਹੋ ਗਯਾਨੀ ? ਉਤ੍ਰ ਸੰਤ ਬਤਾਇਓ ਏਹੀ। ਦੋਨਉਂ ਕੀ ਨਹੀ ਖਾਵਹੁੰ ਮੋਹੀ। ਗਬਰ ਗਰੀਬ ਦੋਨਹੁ ਕੀ ਰੋਟੀ। ਰਿਦ ਮਹਿੰ ਜਾਨੀ ਹੈ ਯਹ ਖੋਟੀ ॥ ੯੦ ॥

॥ ਦੋਹਰਾ ॥

ਦਾਨ ਪ੍ਰਭੂ ਕੇ ਖਾਵਤੇ,ਬੀਤੇ ਕਈ ਜੁਗ ਲਾਖ।
ਅਗੈ ਦਾਨ ਪ੍ਰਭ ਕਾ ਚਹਹੁੰ,ਮਾਨਸ ਆਸ ਨ ਰਾਖ ॥੧੩॥

ਚੌਪਈ ॥ ਬਹੁੜ ਸੰਤ ਇਕ ਪੁਰ ਸਿਉਂ ਚਲਿਆ। ਜਨ ਪ੍ਰਸ਼ਾਦਿ ਲੈ ਹਰਿ ਜਨ ਮਿਲਿਆ।ਕਾਰਨ ਸੰਤ ਪ੍ਰਸ਼ਾਦਿ ਲਿਆਇ-ਆ। ਆਗੇ ਦੇਖੇ ਲੋਗ ਸਬਾਇਆ। ਲੋਕਾਂ ਦੇਖ ਪ੍ਰਸ਼ਾਦਿ ਦੁਰਾਇਆ। ਅਪਨੀ ਬਗਲੀ ਮਾਹਿੰ ਲੁਕਾਇਆ। ਸੰਤ ਪਹੁੰਚਾਇ ਲੋਕ ਘਰ ਗਏ। ਪਾਛੇ ਸੰਤ ਇਕੇਲੇ ਭਏ। ਤਬ ਉਨ ਜਨ ਪ੍ਰਸ਼ਾਦਿ ਕਢ ਲੀਆ। ਕਾਢ ਸੰਤ ਆਗੇ ਧਰਦੀਆ॥ ੯੧ ॥

॥ ਦੋਹਰਾ ॥

ਸੰਤ ਕਹਿਆ ਪ੍ਰਸ਼ਾਦਿ ਏਹੁ,ਘਰ ਲੇ ਜਾਵਹੁ ਮੀਤ।
ਸਭ ਕੋ ਦੇਖ ਲੁਕਾਇਆ,ਅਬ ਕਿਉਂ ਕਾਢਨ ਕੀਤ।

॥ ਚੌਪਈ ॥

ਇਹੁ ਪ੍ਰਸ਼ਾਦਿ ਕਛ ਭਲਾ ਨ ਜਾਪਤ। ਇਨ ਸਿਉ ਗੰਧ ਕਛ ਸ਼ੁਭ ਨਹੀਂ ਆਵਤ। ਜਬ ਇਹੁ ਹੋਵਤ ਭਲਾ ਪ੍ਰਸ਼ਾਦਿ। ਤਬ ਹਮ ਸਭ ਮਿਲ ਲੇਵਤ ਸੁਆਦ। ਅਬ ਤੈ ਹਮਹੀਂ ਕਉਂ ਸਉਂ ਪਾਇਆ।ਹਮ ਜਾਨਉ ਇਹ ਕਾਮਨਾ ਆਇਆ

। ਕਾਮਨ ਤਬ ਪੂਰੀ ਹੋਇ ਤੇਰੀ। ਜਉਂ ਇਹ ਰੀਤ ਹਮ ਕਰਹਿੰ ਨਿਬੇਰੀ। ੯੨। ॥ ਦੋਹਰਾ ॥

ਤੁਮਰਾ ਇਸਹੀਂ ਮਹਿੰ ਭਲਾ, ਇਹ ਅਰਥੀ ਜਨ ਦੇਇ।
ਏਕ ਪਤਾਸਾ ਜਨ ਦੀਆ, ਸੰਗ ਸੰਤ ਜੋ ਥੇਇ।

ਚੌਪਈ ॥ ਦੋਇ ਜਨ ਸੰਗ ਸੰਤ ਕੇ ਭਾਈ। ਤੇ ਜਗਿਆਸੀ ਹਰਿ ਜਨ ਆਹੀ। ਏਕ ਪਤਾਸਾ ਜੋ ਜਨ ਦੀਆ। ਸੋ ਭੀ ਫਿਰ ਜਨ ਪਾਸਹੁੰ ਲੀਆ। ਇਕ ਗਰੀਬ ਦੇਖਿਓ ਹੈ ਸੰਤ। ਉਹ ਪਤਾਸਾ ਦੀਓ ਮਹੰਤ। ਜਨ ਕਉਂ ਸੰਤ ਕਹੀ ਇਹ ਬਾਤਾ। ਇਹ ਤੁਮ ਕਉਂ ਨਹੀ ਭਲੀ ਗਿਆਤਾ ਇਨ ਅਧਕਾਰੀ ਏਹੀ ਦੇਖਾ। ਜਿਨ ਕਉਂ ਦੀਆ ਪਤਾਸਾ ਪੇਖਾ। ੯੩।

॥ ਦੋਹਰਾ ॥

ਸਹਕਾਮੀ ਕਉਂ ਧਾਨ ਇਹੁ, ਤੁਮ ਕਉਂ ਭਲਾ ਨ ਮੀਤ।
ਪ੍ਰਭੁ ਪ੍ਰੀਤ ਕਉਂ ਖੋਵਈ, ਜਉਂ ਕਛ ਹੋਵੈ ਚੀਤ।

॥ ਚੌਪਈ ।ਸਹ ਕਾਮੀ ਕਉਂ ਧਾਂਨ ਲੇ ਖਾਈਐ। ਬੱਲ ਨ ਹੋਇ ਜਉਂ ਉਨ੍ਹਹਿ ਪਚਾਈਐ। ਤਬ ਬੁਧ ਪਰ ਸੋ ਬੱਜਰ ਪਰੈ। ਦੀਪਕ ਜੋਤ ਪਵਨ ਪਰ ਹਰੈ। ਇਤ ਕਰ ਤੁਮਹਿੰ ਨ ਖਾਵਨ ਦੀਨਾ। ਤੁਮ ਪਾਸਹੁੰ ਪਾਤਾਸਾ ਲੀਨਾ। ਤਬ ਜਨ ਸੰਤ ਸਿਉਂ ਬਚਨ ਚਲਾਇਆ। ਇਹ ਪ੍ਰਸ਼ਾਦਿ ਐਸਾ ਥਾ ਗਾਇਆ। ਸਾਚੀ ਬੁਧਿ ਨਾਸ ਲੇ ਕਰੇ। ਤਬ ਕਿਉਂ ਦੀਆ ਅਉਰਨ ਨਰੇ?।੯੪।

॥ ਦੋਹਰਾ ॥

ਜੋ ਪ੍ਰਭ ਜੀਨੇ ਬਿਖ ਰਚੀ, ਸੋ ਸਭ ਹੀਂ ਕਉਂ ਧਾਇ।
ਜੋ ਠਾਕੁਰ ਅੰਮ੍ਰਿਤ ਕੀਆ, ਸਭ ਹੀਂ ਕਉਂ ਜਿਵਲਾਇ?

॥ ਚੌਪਈ ॥ ਪ੍ਰਸ਼ਾਦਿ ਸਕਾਮ ਤੁਮ ਕਿੰਦ ਬਤਾਯਾ। ਸੋ ਤੌਂ ਸਭ ਹੀਂ ਕਉ ਸਮਤਾਯਾ। ਹਮ ਸਿਉਂ ਲੇਇ ਜੁ ਅਉਰਨ ਦੀਆ।

ਯਹ ਹਰਿ ਜਨ ਕਿਆ ਕਉਤਕ ਕੀਆ। ਹਮਹਿ ਨਿੰਦ ਤਉ ਉਨਹਿ ਭਿ ਨਿੰਦ। ਇਹ ਹਮਰੀ ਤੁਮ ਮੇਟਹੁ ਚਿੰਦ। ਤਬ ਹਰਿ ਜਨ ਉਤ੍ਰ ਉਚਾਰੇ। ਸੰਤ ਕਹਿਆ ਸੁਨ ਮੀਤ ਹਮਾਰੇ। ਏਹ ਪ੍ਰਸ਼ਨ ਤੁਮ ਨੀਕਾ ਕੀਨਾ। ਹਮ ਕਉਂ ਬਹੁਤ ਭਾਇਆ ਪ੍ਰਬੀਨਾ। ਬਿਖ ਕੇ ਅਬ ਸੁਭਾਵ ਸੁਨ ਭਾਈ ਕਾਹੂ ਸੁਖ ਕਾਹੂਦੁਖਦਾਈ ॥ ੯੫ ॥

॥ ਦੋਹਰਾ ॥

ਬਕਰੀ ਮਕਰੀ ਆਕ ਕਉਂ, ਖਾਇ ਰਜੇ ਬਹੁ ਭਾਇ।
ਉਨਕਉਂ ਕੜੂਆ ਨਾਲਗੇ,ਨਾ ਉਨ ਕਉਂ ਉਹਧਾਇ।

॥ ਚੌਪਾਈ ॥ ਓਹੀ ਆਕ ਮਾਨਸ ਜਬ ਖਾਵੈ। ਖਾਵਤ ਹੀਂ ਤਹ ਉਰ ਮਹਿ ਧਾਵੈ। ਏਕ ਵਸਤ ਭਈ ਦੋਇ ਪ੍ਰਕਾਰਾ। ਬਿਖ ਅੰਮ੍ਰਿਤ ਇਕ ਹੀਂ ਮਹਿੰ ਧਾਰਾ। ਤਿਉਂ ਸਹ ਕਾਮ ਪ੍ਰਸ਼ਾਦਿ ਕੀ ਬਾਤਾ। ਬਿਖ ਅੰਮ੍ਰਿਤ ਉਨ ਮਹਿੰ ਭੀ ਗਿਆਤਾ। ਜਗਿਆਸੀ ਕਉਂ ਬਿਖ ਸੋ ਭਾਈ। ਅਗੁ ਤਗ ਕਉਂ ਅੰਮ੍ਰਿਤ ਆਹੀ। ਤਗੁ ਸੰਤ ਬਲ ਕਰਿ ਕਰਿ ਭਛਣ। ਇਤ ਕਰ ਉਨਹਿੰ ਨ ਲਾਗੈ ਲਛਣ ।੯੬।

॥ ਦੋਹਰਾ ॥

ਅਗੁ ਅਜਾਨ ਨ ਜਾਨਈ,ਭਲੇ ਬੁਰੇ ਕਉਂ ਮੀਤ।
ਤਾਕਉਂ ਭੀ ਨਹ ਲੇਪ ਕਛ,ਲਾਗਤ ਮਾਨਹੁ ਚੀਤ।

॥ ਚੌਪਈ ॥ ਅਗੁ ਅਰਥੀ ਕਉਂ ਜੋ ਕੋਊ ਦੇਵੈ। ਤਾਕਾ ਬਦਲਾ ਹਰਿ ਸਿਉਂ ਲੇਵੈ। ਨਿਹ ਕਾਮੀ ਕਉ ਦੇਨਾ ਬਨੇ। ਅੱਗੁ ਅਰਥੀ ਦੇਖੀਐ ਜਨੇ।ਇਤ ਕਰ ਤੁਮ ਸਿਉਂ ਲੇਕਰ ਭਾਈ। ਅੱਗੁ ਅਰਥੀ ਦੀਆ ਝੁਲਾਈ। ਜੱਨ ਸੰਤ ਸਿਉਂ ਕਹਿਆ ਸਭਾਗੇ। ਜਉਂ ਅੱਗ ਅਰਥੀ ਦੇਖ ਨ ਲਾਗੇ। ਕਾਹੇ ਗੁਰੂ ਗੋਬਿੰਦ ਸਿੰਘ ਕੀਆ। ਸਗਲ ਮਾਲ ਜਲ ਅਗਨੀ ਦੀਆ ॥ ੯੭ ॥

॥ ਦੋਹਰਾ ॥

ਸਹਕਾਮ ਮਾਲ ਹੈ ਦੇਖ ਕੈ, ਨਾਮ ਧਰਿਆ ਤਹ ਬਿਖ।
ਕਾਹੂੰ ਕਉਂ ਤਿਨ ਨ ਦੀਆ, ਡਾਰਿਓ ਅੱਗ ਜਲ ਤਿਖ।

॥ ਚੌਪਈ ॥ ਅਗ੍ਰ ਅਰਥੀ ਭੀ ਪਾਸ ਥੇ ਸੰਤ। ਉਨ ਕਉਂ ਕਾਹੇ ਨ ਦਇਓ ਮਹੰਤ। ਜਉ ਅਗ੍ਰ ਅਰਥੀ ਦੋਖ ਨ ਲਾਗੈ ਸਤਿਗੁਰ ਕਾਹੇ ਨ ਦੀਓ ਸਭਾਗੈ। ਕ੍ਰਿਪਾ ਕਰਹੁ ਦੇਹੁ ਉਤ੍ਰ ਹਰਿਜਨ। ਜਿਉ ਕਰ ਮਾਨੀਐ ਹਮਰਾ ਬਹੁ ਮਨ? ਤਬ ਹਰਿ ਜਨ ਉਤ੍ਰ ਉਚਾਰੇ। ਸੰਤ ਕਹਿਆ ਸੁਨ ਮੀਤ ਹਮਾਰੇ। ਜੋ ਤੁਮ ਪੂਛੀ ਹੈ ਯਹ ਬਾਤਾ। ਇਨਕੇ ਉਤ੍ਰ ਬਹੁਤ ਗਿਆਤਾ। ਪ੍ਰਿਥਮੇ ਉਤਰ ਸੁਨਹੁ ਸਿਆਨੇ। ਗਿਆਨੀ ਕੀ ਗਤਿ ਗਿਆਨੀ ਜਾਨੇ।੯੮।

॥ਦੋਹਰਾ॥

ਗੋਬਿੰਦ ਸਿੰਘ ਗੁਰ ਗਿਆਨ ਵਾਨ, ਪੂਰਨ ਜਾਕੋ ਨਾਮ।
ਪੂਰਨ ਬਾਤ ਸਭ ਅਟਪਟੀ, ਸਮਝਣ ਮੁਸ਼ਕਲ ਕਾਮ।

॥ ਚੌਪਈ ॥ ਪੂਰਨ ਬਾਤ ਸਭ ਪੂਰੀ ਭਾਈ। ਜਿਉ ਕਰ ਕਾਈ ਓਹ ਕਹਾਈ। ਅੰਤ੍ਰ ਜਾਮੀ ਸਭ ਬਿਧ ਜਾਨਹਿ। ਆਗਾ ਪੀਛਾ ਕਛੂ ਨ ਛਾਨਹਿ। ਦੇਖਨ ਕਉ ਕਛ ਅਉਰ ਦਿਖਾਵਹਿ। ਹਿਰਦੇ ਮਹਿ ਕਛ ਔਰ ਰਖਾਵਹਿ। ਏਕ ਕਾਮ ਮਹਿ ਕਾਰਨ ਲਾਖ। ਪੂਰਨ ਕੀ ਅਦਭੁਤ ਹੈ ਸਾਖ। ਕਛੂ ਕਹੂੰ ਮੈ ਸੰਤਨ ਬਾਤ। ਬਰਨ ਸੁਨਾਵਹੁੰ ਸੁਨਹੁ ਗਿਆਤ। ੯੯।

॥ ਦੋਹਰਾ।

ਜਲ ਅਗਨੀ ਜੋ ਮਾਲ ਤਿਨ, ਪਾਇਆ ਅਪਰ ਅਪਾਰ।
ਲਾਖ ਸਹੰਸ ਨ ਗਾਂਵ ਕਛ, ਅਗਨਤ ਭਰੇ ਭੰਡਾਰ।

॥ ਚੌਪਈ ॥ ਪਾਸ ਸੰਤ ਕੇ ਸਭ ਜਗਿਆਸੀ। ਤਿਨ ਕਉ ਧਾਂਨ ਏਹੁ ਥਾ ਫਾਸੀ। ਅਗ ਸੁ ਏਤੇ ਪਾਸ ਨ ਭਾਈ। ਜਿਨ ਮਹਿ

ਏਤੀ ਵੰਡ ਵੰਡਾਈ। ਅੱਗ ਕੱਉਂ ਭੀ ਏਤਾ ਭਲਾ। ਖਾਇ ਲਏ ਰਹਿ ਜਾਇ ਨ ਤਿਲਾ। ਜਬ ਅਗਿਆਨੀ ਮਿਲਹਿੰ ਸਹੰਸਾ। ਕਰਹੈਂ ਕਾਮ ਕਰੋਧ ਜੀਅ ਹਿੰਸਾ। ਨਰਕ ਮਹਿੰ ਤਾਕਾ ਘਰ ਹੋਈ। ਊਹਾਂ ਉਨ ਕਉਂ ਦੇਵਹਿੰ ਢੋਈ।੧੦੦।

॥ ਦੋਹਰਾ ॥

ਹਮ ਪਹਿ ਹੋਇ ਕਛ ਥੋੜੜਾ, ਦੇਉ ਅਗੁ ਕਉ ਇਤ।
ਖਾਇ ਲੇਇ ਅਰ ਪਹਿਰ ਲੇਇ, ਪੀਛੇ ਰਹੇ ਨ ਮਿਤ।

॥ ਚੌਪਈ ॥ਬਹੁਤਾ ਧਨ ਸਹ ਕਾਮੀ ਹੋਈ। ਤਾਕਉਂ ਇਉਂ ਕਰਨਾ ਹੀਂ ਸੋਹੀ। ਜਲ ਪਾਈਐ ਕੈ ਅਗਨ ਜਰਾਈਐ। ਅਉਰ ਅਰਥ ਨਹ ਤਿਸਹਿੰ ਲਗਾਈਐ। ਉਤ੍ਰ ਅਉਰ ਸੁਨਹੁ ਕਛ ਮੀਤਾ। ਬਰਨਨ ਕਰਉਂ ਸੰਤ ਕੀ ਰੀਤਾ। ਪੂਰਨ ਸੰਤ ਹੈ ਸਮਰਥ ਭਾਈ। ਸੁਇਨਾ ਰੂਪਾ ਖਾਕ ਜਨਾਈ। ਰੰਗ ਭਿੰਨ ਗਿਆਨੀ ਤਿਹ ਜਾਨੈ। ਕਦਰ ਏਕ ਹੀਂ ਸੰਤ ਪਛਾਨੈ। ਮਾਟੀ ਕਉਂ ਜਬ ਜਲ ਲੇ ਪਾਈਐ। ਕਛ ਸੰਕਾ ਮਨ ਨੈਕ ਨ ਲਿਆਈਐ। ਸੰਕਾ ਸੋ ਜਨ ਮਨ ਮਹਿੰ ਠਾਨੈ। ਜੋ ਸੁਵਰਨ ਕਉਂ ਅਦਭੁਤ ਜਾਨੈ। ੧੦੧।

॥ ਦੋਹਿਰਾ ॥

ਸੰਤ ਸੁਵਰਨ ਕੀ ਕਦ੍ਰ ਰਿਦ੍ਹ ਮਾਨਹਿੰ ਅਤਿ ਬਹੁ ਥੋਰ।
ਲਾਖ ਸੁਮੇਰ ਇਕ ਪਲਕ ਮੇ, ਕਰ ਲੇਹਿੰ ਸਾਜਨ ਮੋਰ।

॥ ਚੌਪਈ ॥ ਸਕਲ ਸ੍ਰਿਸ਼ਟਿ ਕਉਂ ਪਾਲਨ ਹਾਰਾ। ਸਰਬ ਜੀਵ ਕੀ ਲੇਵਤ ਸਾਰਾ। ਸਭਸ ਕਾਮ ਓਹੀ ਲੇ ਕਰੇ। ਕਿਆ ਗਰੀਬ ਕਿਆ ਗਬਰ ਨਰੇ। ਕਿਆ ਸੰਸਾਰੀ ਕਿਆ ਉਪਕਾਰੀ। ਸਭ ਕੀ ਮਾਨਤ ਦਿਆਲ ਮੁਰਾਰੀ।ਕਛੂਅਕ ਦਾਮ ਜੋ ਜਲ਼ ਅੱਗ ਪਾਏ। ਉਨ ਬਲ ਕਿਆ ਥੋਰਾ ਹੋਇ ਜਾਇ? ਅੱਗ ਅਰਥੀ ਭੀ ਪਾਲਨ ਹਾਰਾ। ਜਲ ਅਗਨੀ ਭੀ ਡਾਰ ਮੁਰਾਰਾ ॥ ੧੦੨ ॥

Digitized by Panjab Digital Library | www.panjabdigilib.org

॥ ਦੋਹਰਾ ॥

ਗਯਾਨੀ ਹਾਥ ਨ ਏਹ ਹੈ, ਜੋ ਦੇਵੈ ਤਨ ਕੈ ਹਾਥ।
ਗਿਆਨੀ ਹਾਥ ਓਹ ਜਾਨੀਐ,ਸਾਰ ਕਰਤ ਸਰਬ ਨਾਥ।

॥ ਚੌਪਈ ॥ ਸਾਰ ਕਰਤ ਸਰਬ ਕੀ ਸੋਚਿਤ। ਗਿਆਨੀ ਹਾਥ ਓਹ ਜਾਨਹੁੰ ਮਿੱਤ। ਉਨ ਕਰ ਸਿਉਂ ਪਾਲਤ ਹੈ ਸਭੂ। ਸਭ ਪ੍ਰਤਿਪਾਲਕ ਗਿਆਨੀ ਪ੍ਰਭੂ। ਉਤ੍ਰ ਅਉਰ ਸੁਨ ਲੇਹੁ ਸਿਆਨੇ। ਜਿਉਂ ਕਰ ਮਨ ਤੁਮਰਾ ਬਹੁ ਮਾਨੇ। ਅੱਗ ਜੱਲ ਜੋ ਮਾਇਆ ਸੰਤ ਪਾਈ। ਇਹ ਭੀ ਹਾਰਦ ਤਿਨ ਕਾ ਭਾਈ। ਸੂਖਮ ਭੇਦੁ ਬਿਰਲਾ ਕੋਊ ਜਾਨਤ। ਬਾਹਰ ਦ੍ਰਿਸ਼ਟੀ ਸਕਲ ਪਛਾਨਤ.।੧੦੩।

॥ ਦੋਹਰਾ ॥

ਸੂਖਮ ਬਾਤ ਅਗੋਚਰੀ, ਇਨ ਸਮਝਤ ਕੋਊ ਮੀਤ।
ਇਨਕਾ ਸਮਝਨ ਕਠਿਨ ਅਤਿ, ਆਵੈ ਵਿਰਲੇ ਚੀਤ।

॥ ਚੌਪਈ ॥ ਸੋ ਸੰਤ ਪਛਾਨਤ ਐਸੇ ਥੋਰੇ। ਦਾਮ ਦੇਤ ਦਰਸ਼ ਰਹਹਿ ਜੁ ਠਉਰੇ।ਸਹਿਕਾਮ ਦਾਮਸਰਬ ਬਿਖ ਬਤਲਾਈ। ਬਿਖ ਬਤਲਾਇ ਅੱਗ ਜਲ ਪਾਈ। ਬਿਖ ਬਤਾਇ ਅੱਗ ਅਰਥੀ ਦੇਵਤ। ਤਬ ਸਭ ਇਉਂ ਰਿਦਮਾ ਨ ਸੁ ਲੇਵਤ। ਹਮ ਕਉਂ ਗੁਰੂ ਖਿਜਾਵਤ ਭਾਈ। ਉਨਹਿੰ ਦੇਇ ਹਮ ਬਿਖ ਬਤਲਾਈ। ਜਉਂ ਹਮ ਬਿਖ ਉਨ ਭੀ ਬਿਖ ਠਾਨੀ। ਇਹ ਕਿਆ ਜੋ ਉਨ ਕਉ ਦੈ ਗਿਆਨੀ।੧੦੪।

॥ ਦੋਹਰਾ ॥

ਬਹੁੜ ਓਇ ਇਉਂ ਮਾਨਈ, ਹਮ ਸਿਉਂ ਖਸ ਕਰ ਮੀਤ।
ਦੇਵਤ ਦਾਮ ਹੈਂ ਅਵਰ ਕੋ, ਹਮਹਿੰ ਖਿਝਾਵਤ ਚੀਤ।

॥ ਚੌਪਈ ॥ ਤਾਂਤੇ ਦਾਮ ਸੰਤ ਅੱਗ ਜਲ ਪਾਏ। ਖਿਝਤ ਮਿਟਤ ਦੇਖੀ ਇਉਂ ਤਾਹੇਂ। ਭਾਉ ਸਕਲ ਜਨ ਪੂਰਾ ਰਾਖਾ। ਸਮਝਤ ਦੇਖੇ ਇਉਂ ਹੀਂ ਲਾਖਾ। ਦ੍ਰਿੜ ਕਰ ਉਨ ਕਉਂ ਬਿਖ

ਜਤਵਾਈ। ਦਾਮ, ਸਹਕਾਮ ਸਿਉਂ ਡਰ ਉਪਜਾਈ। ਉਤ੍ਰ ਅਉਰੁ ਕਛ ਸੁਨਹੁ ਗਿਆਤੇ। ਕਛ ਉਤ੍ਰ ਕੀ ਅਵਰ ਭੀ ਬਾਤੇ। ਅੱਗ ਅਰਥੀ ਜੋ ਸੰਤ ਨ ਲਾਇ ਕਾਂਮਾ। ਬਹਾਇ ਦੀਏ ਜਲ ਅਗਨੀ ਦਾਮਾ। ਇਤ ਕਰ ਸੁਨ ਲੇਵਹੁ ਹੇ ਭਾਈ। ਕਛ ਹਾਰਦ ਸਮਝਿਆ ਜਾਇ ਭਾਈ। ੧੦੫। ॥ ਦੋਹਰਾ ॥

ਲਾਖ ਜਨਾ ਜੋ ਦਾਮ ਯਹ, ਭੇਟ ਗੁਜਾਰੇ ਆਨ।
ਸਕਲੇ ਅਹੰ ਮਿਟਾਨਕਉਂ, ਕਉਂਤਕ ਰਚਿਓਠਾਨ।

॥ ਚੌਪਈ ॥ ਉਨ ਦੇਖਤ ਸਭ ਅੱਗ ਜਲ ਪਾਏ। ਸਕਲ ਮਨਹੁੰ ਅਹੰਕਾਰ ਤਜਾਏ। ਸਭ ਜਗ ਇਉਂ ਮਾਨਨ ਤਬ ਮਾਨੀ। ਮਾਇਆ ਬਸਤ ਕਛ ਜਾਨ ਨ ਗਿਆਨੀ। ਕੰਚਨ ਮਾਟੀ ਸੰਤ ਕਉਂ ਏਕ। ਸਭ ਇਉਂ ਧਾਰਿਓ ਰਿਦੇ ਬਿਬੇਕ। ਇਉਂ ਵਿਖਾਇ ਅਹੰਕਾਰ ਤਜਾਇਓ। ਬਹੁੜ ਜਗਤ ਕਉਂ ਇਉਂ ਸਿਖ ਲਾਇਓ। ਘਰ ਮਹਿੰ ਅਰਥ ਲਗਾਵਹਿੰ ਦਾਮ। ਈਹਾਂ ਤਉਂ ਕਹੂੰ ਨਹੀ ਹੈ ਕਾਮਾ। ਜਲ ਅਗਨੀ ਮਹਿੰ ਈਹਾਂ ਪਾਈਐ। ਘਰ ਮਹਿੰ ਭੁਖੇ ਕਉਂ ਖਉਲਾਈਐ। ੧੦੬। । ਦੋਹਰਾ।

ਉਨ ਸਿਉ ਦਾਮ ਲੇ ਦੇਵਤੇ, ਜਉਂ ਅੱਗ ਅਰਥੀ ਮੀਤ।
ਤਬ ਸਗਲੇ ਇਉਂ ਮਾਨਤੇ, ਅਪਨੇ ਮਨ ਸੇ ਚੀਤ।

॥ ਚੌਪਈ ॥ ਹਮ ਜੋ ਆਨ ਚੜ੍ਹਾਏ ਦਾਮ। ਤੇ ਸਤਿਗੁਰ ਸਭ ਲਾਇ ਕਾਮਾ। ਹਮਰੀ ਭੇਟ ਕਉਂ ਆਦਰ ਹੋਵਤ। ਇਹ ਰਿਦ ਧਾਰ ਅਹੰਕਾਰ ਨ ਖੋਵਤ। ਸੋ ਇਹ ਬਿਰਦ ਸੰਤ ਕੋ ਭਾਈ, ਸੰਤ ਸਕਲ ਅਹੰਕਾਰ ਤਜਾਈ। ਅਹੰ ਮਿਲਤ ਜੋ ਕਰਨੀ ਕਰੇ, ਸੋ ਕਰਨੀ ਦੁਖ ਦਾਇਕ ਨਰੇ। ਦੁਖ ਸਿਉ ਕਾਢ ਲੀਏ ਸਭ ਪ੍ਰਾਨੀ ਦਰਸ਼ਨ ਕਉਂ ਫਲ ਦੀਉ ਗਿਆਨੀ। ਜਗ ਮਮਤਾ ਸੋ ਭੀ ਹਿਰ ਲੀਨੀ। ਉਨ ਸਿਉਂ ਲੇ ਸੁਟ ਦਏ ਪ੍ਰਬੀਨੀ। ਜਨ ਕਉਂ ਸੰਤ ਇਹ

ਉਤ੍ਰ ਦੀਆ। ਸੁ ਪ੍ਰਸੰਨ ਜਨ ਸੁਨ ਸੁਨ ਥੀਆ ॥੧੦੭॥ ੧੪

॥ ਦੋਹਰਾ ॥

ਅਉਰ ਬਾਤ ਸੁਣ ਸੰਤ ਕੀ, ਜਿਉਂ ਬੀਤੀ ਹੈ ਮੀਤ।
ਸੋ ਮੈਂ ਬਰਨ ਸੁਨਾਵਹੌਂ, ਸੁਨ ਲੇਵਹੁ ਦੇ ਚੀਤ।

॥ ਚੌਪਈ ॥ ਸੰਤ ਸਭਾ ਇਕ ਬਾਲਕ ਆਵਤ। ਸੋ ਅਤਿ ਸੁੰਦ੍ਰ ਮਨ ਕੌਂ ਭਾਵਤ। ਸੰਤ ਬਚਨ ਰਸ ਤਿਨ ਕਛ ਆਵੈ। ਇਤ ਕਰ ਓਹ ਨਿਤ ਆਵੈ ਜਾਵੈ। ਆਗੈ ਸੰਤ ਸੁਭਾਵ ਸੁ ਐਸਾ। ਸਭ ਕਉਂ ਆਦ੍ਰ ਆਵੈ ਜੈਸਾ। ਸੁੰਦ੍ਰ ਅਨ ਸੁੰਦ੍ਰ ਹੋਇ ਕੋਈ। ਨਿਰਧਨ ਸਰਧਨ ਦੇਵਹਿਂ ਢੋਈ। ਚਾਰ ਬਰਨ ਤੁਰਕ ਅਰ ਹਿੰਦੂ। ਖਟ ਦਰਸ਼ਨ ਜੋ ਮਾਨਸ ਜਿੰਦੂ ॥ ੧੦੮ ॥

॥ ਦੋਹਰਾ ॥

ਸਭ ਆਦ੍ਰ ਹਰਿ ਜਨ ਕਰੈਂ, ਜੋ ਆਵੈ ਸੰਤ ਪਾਹਿ।
ਕਹੇਂ ਸੰਤ ਜੋ ਪ੍ਰਭੂ ਕਾ, ਸਭ ਸੋ, ਹਮਰੋ ਆਹਿ।

॥ ਚੌਪਈ ॥ ਸੰਤ ਪਾਸ ਜੋ ਜਨ ਥਾ ਆਵਤ। ਗੁਰਮਤ ਬਾਤ ਸੁ ਸੁਨਤ ਸੁਨਾਵਤ। ਤਾਕਉਂ ਸੰਤ ਨ ਦੇਵਹਿਂ ਵਿੱਦਾ। ਜਦ ਤਕ ਜਨਕਾ ਦੇਖਹਿਂ ਰਿਦਾ। ਆਪੇ ਜਾਇ ਤ ਮਨ-ਹਿਂ ਨ ਕਰਤੇ। ਆਏ ਕਉਂ ਕਢ ਦੇਹਿਂ ਨ ਘਰ ਤੇ। ਸੋ ਬਾਰਕ ਭੀ ਆਵਹਿਂ ਤਹਾਂ। ਇਕ ਜਨ ਉਨ ਪਰ ਮਾਇਲ ਮਹਾਂ। ਸੁੰਦ੍ਰ ਬਾਰਿਕ ਕਉਂ ਇਉਂ ਜਾਨੈ। ਇਹੁ ਹਮਰੋ ਸਤਿਗੁਰ ਭਗਵਾਨੈ ।੧੦੯।

॥ ਦੋਹਰਾ॥

ਕਾਮੀ ਕੋ ਗੁਰ ਇਸਤ੍ਰੀ, ਲੋਭੀ ਕੋ ਗੁਰ ਦਾਮ।
ਕਬੀਹੇ ਕੇ ਗੁਰ ਸੰਤ ਹੈਂ, ਸੰਤਨ ਕੋ ਗੁਰ ਰਾਮ।

॥ ਚੌਪਈ ॥ ਜਿਨ ਕਾ ਕਾਹੂੰ ਸਿਉਂ ਹੈ ਮੋਹੂ। ਓਹ ਉਨ ਕਾ ਸਭ ਕਿਛ ਹੈ ਓਹੂ। ਪ੍ਰਭੂ ਭਿ ਉਨਕਾ ਓਹੀ ਭਾਈ। ਜਿਨ

Digitized by Panjab Digital Library | www.panjabdigilib.org

ਸਿਉਂ ਹੈ ਇਨ ਪ੍ਰੀਤ ਲਗਾਈ। ਸਿਮਰਨ ਭੀ ਉਨ ਹੀਂ ਕੋ ਕਰੇ। ਜਿਨ ਕੀ ਪ੍ਰੀਤ ਹੋਤ ਹੈ ਉਰੇ। ਕਰਮ ਭਿ ਓਹੀ ਓਹ ਲੇ ਧਾਰਤ। ਜਿਮ ਪ੍ਰਾਪਤ ਹੋ ਤਿਵੇਂ ਨਿਹਾਰਤ। ਬਾਰਿਕ ਮੂੰਦ੍ਰ ਸਿਉਂ ਜਨ ਪ੍ਰੀਤ। ਬਾਰਿਕ ਪ੍ਰੀਤ ਪ੍ਰਭੁ ਸੰਗ ਕੀਤ ॥ ੧੧੦ ॥

॥ ਦੋਹਰਾ ॥

ਹਰਿ ਜਨ ਸੰਗਤ ਆਇ ਕੇ, ਬਾਰਿਕ ਰਹੇ ਬਿਹਾਲ।
ਪੋਚ ਪ੍ਰਚਾਰ ਤਨੁ ਨਾ ਰਖੇ, ਸੰਤਨ ਦੇਖ ਨਿਹਾਲ।

॥ ਚੌਪਈ ॥ ਕਪੜਾ ਮੈਲਾ ਹੋਇ ਤ ਹੋਵੈ। ਉਦਮ ਕਰਿ ਤਾਕਉਂ ਨਹਿੰ ਧੋਵੈ। ਅੰਜਨ ਬਿੰਜਨ ਬਸਤ੍ਰ ਜੁ ਭਾਈ। ਸਕਲੇ ਦੀਨੇ ਤਾਹਿੰ ਭੁਲਾਈ। ਜੋ ਤਿਨ ਮਾਹਿਲ ਸੋ ਤਨ ਦ੍ਰਸੇ। ਉਨ ਕਾ ਚਿਤ ਮੋਸੋ ਇਹੁ ਹੱਸੇ। ਸੋ ਬਾਰਿਕ ਚਿੰਤਾ ਭਗਵਾਨੀ। ਓਹ ਹਰਿ ਨਾਮ ਸਦ ਮੁਖੋਂ ਵਖਾਨੀ। ਜਨ ਸੰਗ ਬਾਰਿਕ ਕਰੈ ਨ ਚੋਜਾ। ਉਨ ਅਨ ਖੋਜਾ, ਉਨ ਅਨ ਖੋਜਾ ॥ ੧੧੧ ॥

॥ ਦੋਹਰਾ ॥

ਬਾਰਿਕ ਜਨ ਅਜੋੜ ਅਤਿ, ਦੀਰਘ ਬਨਿਓ ਆਹਿ।
ਜਨ ਹਰਜਨ ਪੈ ਆਇਕੈ, ਬਾਤ ਬਖਾਨੀ ਤਾਂਹਿ।

॥ ਚੌਪਈ ॥ ਹੇ ਹਰਿ ਜਨ ਇਹ ਬਾਰਿਕ ਜੋਹੈ। ਤੁਮਰੀ ਸੰਗਤ ਮਹਿੰ ਨਹੀਂ ਸੋਹੈ। ਤੁਮ ਇਨ ਕਉਂ ਨਿਜ ਘਰ ਸਿਉਂ ਕਾਢੋ। ਹਮ ਕੋ ਦੂਖ ਬਨਿਓ ਅਤਿ ਡਾਢੋ। ਤੁਮਰੀ ਸੰਗਤ ਕਰ ਕੈ ਮੀਤਾ। ਇਨ ਨੇ ਗਹੀ ਹੈ ਸਕਲ ਅਨੀਤਾ। ਪੱਟੇ ਚੀਰੇ ਕੰਙਣ ਭਾਈ। ਸਕਲੇ ਦੀਨੇ ਇਨ ਬਿਸਰਾਈ। ਅਤਿ ਕੁਚੀਲ ਕੁਹਤਰਾ ਰਹੇ। ਹਮਰਾ ਦੇਖ ਜੀਅਰਾ ਦਹੇ। ਤਾਂਤੇ ਇਨ ਕੋ ਈਹਾਂ ਟਾਰੋ। ਹਮਰੀ ਬਿਨਉਂ ਰਿਦੇ ਤੁਮ ਧਾਰੋ ॥ ੧੧੨ ॥

ਦੋਹਰਾ

ਹਮ ਸੋਂ ਹਾਸ ਬਿਲਾਸ ਜੋ, ਕਰਤਾ ਹੋਤਾ ਨਿਤ।
ਜਬ ਕਾ ਸੰਗ ਤੁਮਰੇ ਮਿਲਾ, ਤਬ ਕਾ ਕਰੇ ਨਹਿਤ।

ਚੋਪਈ ॥ ਸੰਤ ਕਹਿਆ ਸੁਨ ਮੀਤ ਹਮਾਰੇ। ਜੋ ਤੁਮ ਸਾਕ ਹਮ ਉਹ ਨਾ ਪਿਆਰੇ। ਇਨ ਸੁੰਦ੍ਰਾਈ ਮੈ ਨਹੀ ਦੇਖਉਂ। ਤੁਮਰਾ ਸਾਕ ਇਹੀ ਹੈ ਪੇਖਉ। ਗੁਰਮਤ ਸਾਕ ਰਖਉ ਮੈ ਮੱਨਾ। ਸੁੰਦ੍ਰ ਕੋੜ ਕੋਊ ਹੈ ਜਨਾ। ਜੋ ਆਵੈ ਤਿਹ ਕਾਢਹੂੰ ਨਾਹੀ। ਨਹ ਆਵੈ ਤਉ ਸਡਣ ਨਾ ਜਾਹੀ। ਤੁਮ ਜੋ ਕਹੋ ਇਨ ਈਹਾਂ ਕਾਢੋ। ਯਹ ਹੈ ਅਨ ਵਿਚਾਰ ਬਹੁ ਡਾਢੋ। ੧੧੩।

। ਦੋਹਰਾ।

ਮਨ ਮਤੀਏ ਜਨ ਕੇ ਕਹੇ, ਗੁਰ ਮਤੀਏ ਦਿਉਂ ਡਾਰ।
ਇਉਂ ਤੋ ਮੋਹਿ ਨ ਕਰਤ ਹੋਂ, ਸੁਨ ਹਿਰਦੇ ਮਹਿਂ ਧਾਰ।

॥ ਚੌਪਈ ॥ ਨਹ ਇਨ ਨੇ ਕਛ ਜੂਆ ਖੇਲਾ। ਨਹਿ ਇਨ ਨੇ ਹੈ ਪਾਸਾ ਮੇਲਾ। ਨਹ ਇਨ ਨੇ ਪਰ ਨਾਰਿ ਭੁਗਾਨੀ। ਨਹ ਕਹੂੰ ਨਿੰਦ ਨਾ ਉਸਤਤ ਠਾਨੀ॥ ਨਹ ਕਾਹੂੰ ਇਨ ਦਰਬ ਚੁਰਾਇਆ। ਨਹ ਕਾਹੂੰ ਸਿਉਂ ਵੈਰ ਰਚਾਇਆ। ਗੁਰਮਤ ਬਾਤ ਏਹ ਹੈ ਕਰੇ। ਤੁਮ ਮਨ ਮਤ ਕਰ ਹੀਅਰਾ ਜਰੇ। ਬਿਨਾ ਦੋਸ ਇਨ ਕਢੋਂ ਨਾ ਘਰਤੇ। ਮਨ ਮਤ ਤੁਮਰੀ ਸਿਉਂ ਨਹੀਂ ਡਰਤੇ। ੧੧੪।

॥ ਦੋਹਰਾ ॥

ਦੁਰਮਤ ਜਨ ਕੇ ਕਹੇ ਤੇ, ਸਿਆਨੇ ਕਰਏ ਡੰਡ।
ਇਹੁ ਅਨਿਆਉ ਨ ਮੈ ਸਹੋਂ, ਸੁਨ ਜਨ ਮਨਮਹਿਂ ਮੰਡ।

॥ ਚੌਪਈ ॥ ਇਹੁ ਜਬਾਬ ਜਬ ਤਿਨ ਨਰ ਪਾਇਆ। ਤਬ ਉਨ ਇਹੁ ਲੇ ਕਪਟ ਰਚਾਇਆ। ਸ਼ਰਬਤ ਕਟੋਰਾ ਕੋ ਭਰ ਭਾਈ। ਬੀਚ ਆਨ ਤਿਨ ਬਿਖ ਰਚਾਈ ਮਨ ਮਹਿਂ ਤਿਨ

Digitized by Panjab Digital Library | www.panjabdigilib.org

ਇਹ ਸੋਚੀ ਸੋਚਾ। ਕਹੂੰ ਸੁਨਹੁੰ ਉਨ ਚਿਤਕੀ ਹੋਚਾ। ਕਹਿ ਪ੍ਰਸ਼ਾਦਿ ਪੀਆਵਹੁ ਸੰਤਾ। ਸੰਤ ਸਰੀਰ ਹੋਇ ਜਾਵੈ ਅੰਤਾ। ਮਮ ਮਸ਼ੂਕ ਤਬ ਜਾਵੈ ਕਹਾਂ। ਹਮ ਓਇ ਮਿਲ ਕਰ ਕੇਲ ਕਰਾਹਾਂ। ਬਿਖ ਸ਼ਰਬਤ ਕਪਟੀ ਲੈ ਆਇਆ। ਆਨ ਸੰਤ ਕੀ ਭੇਟ ਚੜ੍ਹਾਇਆ ॥ ੧੧੫ ॥ ॥ ਦੋਹਰਾ ॥

ਸੰਤ ਪ੍ਰਿਤ ਸਮ ਦਰਸ, ਬਿਖ ਅੰਮ੍ਰਿਤ ਇਕ ਭਾਇ।
ਦੇਖ ਨਿਰਾਦਰ ਨਾ ਕੀਆ, ਜੋ ਧਰੀ ਭੇਟ ਤਿਨ ਆਇ।

॥ ਚੌਪਈ ॥ ਮੁਖ ਸਿਉ ਬਾਤ ਕਪਟੀ ਬਤਲਾਈ। ਖੋਲ ਸੁਨਾਵਉਂ ਤੁਮ ਕਉਂ ਭਾਈ। ਹੇ ਹਰਿ ਜਨ ਹਮਰੀ ਰੁਚਿ ਆਈ। ਤੁਮ ਪਹਿ ਕਬੀ ਪ੍ਰਸ਼ਾਦਿ ਲਿਆਈਂ। ਆਜ ਮੋਰ ਮਨ ਇਉਂ ਹੀਂ ਮੰਗਾ। ਸ਼ਰਬਤ ਪ੍ਰਸ਼ਾਦਿ ਬਨਾਇਆ ਚੰਗਾ। ਹਮ ਦੇਖਤ ਤੁਮ ਇਸ ਕਉ ਪੀਵਹੁ। ਤਬ ਮਮ ਜੀਉ ਖੁਸ਼ੀ ਬਹੁ ਥੀਉ। ਸੋ ਹਰਿ ਜਨ ਸਭ ਜਾਨੀ ਜਾਨ। ਨਰ ਬਾਰਿਕ, ਵਹੁ ਪਿਤਾ ਸਿਆਨ। ਬਾਰਿਕ ਬਾਤ ਸਭ ਪਿਤਾ ਪਛਾਨੈ। ਬਾਰਿਕ ਬਾਤ ਛਪਾਈ ਮਾਨੈ। ੧੧੬ ॥ ॥ ਦੋਹਰਾ ॥

ਸੰਤ ਜਾਨ ਬਿਖ ਅੱਚਵੀ, ਮਨ ਮਹਿੰ ਏਹ ਬਚਾਰ।
ਜੋ ਕੁਛ ਸਹਜੇ ਆਇਆ, ਭੋਗਨ ਬਨਤਾ ਯਾਰ।

॥ ਚੌਪਈ ॥ ਮਨ ਮਹਿ ਇਹ ਚਿਤਵੀ ਹਰਿ ਜਨੇ। ਅਬ ਬਿਖ ਕਉ ਨਹੀ ਡਾਰਨ ਬਨੇ। ਲਾਖ ਜਨਾ ਮੁਹਿ ਖੰਡ ਖਵਾਈ। ਉਨਕੀ ਪੂਰਨ ਕੀਨੀ ਚਾਹੀ। ਬਿਖਵਾਰੇ ਕੀ ਚਾਹ ਭਿ ਮਾਨਉਂ। ਇਉਂ ਹੀਂ ਪੂਰੀ ਮਨ ਮਹਿੰ ਜਾਨਉਂ। ਖੰਡ ਸਕਾਰਥੀ ਹੋਵੇ ਤੱਬੀ। ਬਿਖ ਸਿਉ ਮੁਖ ਨਹੀਂ ਫੇਰਉਂ ਜੱਬੀ। ਖੰਡ ਬਿਖ ਜਬ ਸਮ ਸਰ ਬਾਨਉਂ। ਤਬ ਦਰਗਹ ਹੋਵਹੁੰ ਪ੍ਰਵਾਨਉਂ। ਇਹੁ ਰਦਧਾਰ ਬਿਖ ਅੱਚ ਵਾਨੀ। ਅਚ ਵਤ ਦੂੰਦ ਪਰੀ ਤਨੁ ਗਿਆਨੀ॥ ੧੧੭ ॥

Digitized by Panjab Digital Library | www.panjabdigilib.org

॥ ਦੋਹਰਾ ॥

ਗਿਆਨੀ ਚਿਤ ਅਡੋਲ ਸਦ, ਤਤ ਸਿਉਂ ਤਤ ਵਿਰੁਧ ।
ਜਿਉ ਜਲ ਅਗਨ ਨਾ ਜੋੜ ਹੈ, ਤਿ ਬਿਖ ਤਨ ਕੋ ਜੁਧ।

॥ ਚੌਪਈ ॥ ਰੱਗ ਰੱਗ ਮਹਿੰ ਧਾਇ ਓਹ ਗਈ । ਹਰਿ ਜਨ ਅਧਿਕ ਪ੍ਰਸੰਨਤਾ ਭਈ । ਤਨ ਬਿਖ ਦੋਨਹੁ ਠਟੀ ਲੜਾਈ ਜਿਉਂ ਸੂਰੇ ਸਿਉਂ ਸੂਰ ਘੁਲਾਈ । ਹਰਿ ਜਨ ਵਖ ਓ ਬੈਠਾ ਵੇਖੈ। ਦੂਹੂੰ ਤਮਾਸ਼ਾ ਰਚਿਆ ਪੇਖੈ। ਮੁਖਸਿਉਂ ਬਚਨ ਤਾਨਇਹ ਲਾਇਆ। ਭਲੇ ਭਲੇ ਭਈ ਬਾਤ ਬਤਾਇਆ। ਪਾਂਚ ਘਰੀ ਲਗ ਰੰਗ ਲਗ ਰਹਿਆ । ਹਰਿ ਜਨ ਫੂਲ ਫੂਲ ਬਹੁ ਪਇਆ ॥ ੧੧੮ ॥

॥ ਦੋਹਰਾ ॥

ਤਨ ਕੀ ਅਉਧ ਕਛ ਰਹਤ ਥੀ, ਸੰਤ ਚਿਤਾਈ ਬਾਤ ।
ਮਰਚ ਘੀਵ ਲੇ ਅਚਵਿਆ ਤਬ ਹੋਈ ਕੁਸਲਾਤ ।

॥ ਚੌਪਈ ॥ ਸੰਤ ਜੀ ਮਹਿੰ ਏਹੀ ਭੇਦਾ । ਬਰਨ ਸੁਨਾਵਤ ਚਾਰੋ ਬੇਦਾ। ਸੰਤਨ ਬਿਖ ਅੰਮ੍ਰਿਤ ਇਕ ਭਾਈ। ਜੀਅ ਬਿਖ ਅੰਮ੍ਰਿਤ ਅੰਮ੍ਰਿਤਾਈ। ਸੰਤ ਨਿਆਰੇ ਤਨ ਤੇ ਭਏ। ਜੀਅ ਬਧ ਇਆਹੂੰ ਮਹਿੰ ਰਹੇ। ਸੁਖ ਦੁਖ ਮਹਿੰ ਸੰਤ ਪਰੇ ਬਸੇਰਾ। ਜੀਅ ਰਹੇ ਸੁਖ ਦੁਖ ਮਹਿੰ ਘੇਰਾ । ਸਹਜ ਸਿਹਜ ਪਰ ਸੰਤ ਬਿਰਾਜੈ ਜੀਅ ਉਦਮ ਕਰ ਕਬਹੂੰ ਰਾਜੈ ॥ ੧੧੯ ॥

॥ ਦੋਹਰਾ ॥

ਏਹ ਜਰਨ ਹਰਿ ਜਨ ਜਰਹਿੰ, ਦੁਸ਼ਟ ਕਹਿਆ ਮਨ ਲੇਹ।
ਦੁਸ਼ਟ ਕਰਮ ਸੋ ਦੁਸ਼ਟ ਹੈ, ਹਰਿਜਨ ਆਦਰ ਦੇਹਿੰ।

॥ ਚੌਪਈ ॥ ਦਈਵ ਸੰਜੋਗ ਕਰਿ ਬਾਰਿਕ ਸੁਨੀ। ਬਿਖ ਪਿਲਾਈ ਨਰ ਸੰਤ ਮੁਨੀ । ਬਾਰਿਕ ਕਹੀ ਪਿਤਾ ਕਉ ਬਾਤਾ। ਇਹੁ ਅਨਰਥ ਸੁਨਿਆਂ ਮੈ ਤਾਤਾ। ਮੱਮ ਕਰਕੇ ਸੰਤਨ ਬਿਖ ਭੋਗੀ।

ਇਸ ਕਰ ਮੈ ਹੂਆ ਬਹੁ ਸੋਗੀ। ਬਾਰਿਕ ਪਿਤਾ ਚੌਧਰੀ ਭਾਈ। ਜੋ ਕਿਛ ਚਾਹੇ ਕਰ ਸਕਤਾਈ। ਬਾਰਿਕ ਪਿਤਾ ਹਰਿ ਜਨ ਪਹਿ ਆਇਆ। ਆਇ ਸੰਤ ਪਹਿ ਇਉ ਬਤਲਾਇਆ॥ ੧੨੦॥

॥ ਦੋਹਰਾ॥

ਹੇ ਹਰਿਜਨ ਜਉਂ ਤੁਮ ਕਹੋ, ਉਨ ਕਉਂ ਸੂਲੀ ਦੇਉਂ।
ਕਹੋ ਤਾ ਤੀਰੇ ਲਿਖ ਕਰਉਂ, ਕਹੋ ਤਾ ਧਰਨ ਗਡੇਉਂ।

॥ ਚੌਪਈ॥ ਜੀਵਤ ਹੀ ਕਉਂ ਧਰਨੀ ਗਾਡਉਂ। ਕਹੋ ਤ ਬਾਧਾ ਕਬਹੂੰ ਨਾ ਛਾਡਉਂ। ਗਟੀ ਹਥਉੜੀ ਤਉਂਕ ਗਰ ਪਾਵਉਂ। ਇਨਹੀਂ ਕਰ ਉਨ ਜਿੰਦ ਕਢਾਵਉ। ਜੈਸਾ ਕਹੋ ਤੈਸਾ ਡੰਡ ਕਰੀਏ। ਕਰਉਂ ਡੰਡ ਤਬ ਹਿਰਦਾ ਠਰੀਏ। ਜਿਨ ਤੋਕਉਂ ਹੈ ਬਿਖ ਪਿਲਾਈ। ਤਿਨ ਕਉ ਮੈ ਇਹ ਦਿਉਂ ਸਜਾਈ। ਸੰਤ ਕਹਿਆ ਸੁਨ ਪ੍ਰੇਮੀ ਜਨੇ। ਇਨ ਕਉ ਕੂਛ ਨਾ ਕਹਨਾ ਬਨੇ। ॥ ੧੨੧॥

॥ ਦੋਹਰਾ॥

ਭਗਤਿ ਜੋਗ, ਵਈਰਾਗ, ਗਿਆਨ, ਚਹੁੰ ਮੈ ਪੂਰੀ ਨਾਹਿੰ।
ਕਿਸੀ ਸਿਉ ਬਦਲਾ ਲੇਵਨਾ, ਬਰਜਿਆ ਹੈ ਸਭ ਮਾਹਿੰ।

॥ ਚੌਪਈ॥ ਭਗਤਿ ਮਾਹਿ ਇਉਂ ਬਦਲਾ ਬਰਜਾ। ਸੁਆਮੀ ਰੂਪ ਹੈ ਸਭ ਜਗ ਸਿਰਜਾ। ਸੇਵਕ ਸੁਆਮੀ ਕਛੂ ਨਾ ਕਹੈ। ਸੇਵਕ ਬਨੈ ਜੋ ਸਿਰ ਪਹਿ ਸਹੇ। ਜੋਗ ਅਰਥ ਜੁੜਬੇ ਕੋ ਨਾਮ। ਤਿਨ ਮਹਿ ਭੀ ਇਹ ਬਰਜਿਆ ਕਾਮ। ਬਦਲਾ ਲੈਨਾ ਜੋਗੀ ਚਾਹੇ। ਜੁੜਬਾ ਅਪਨਾ ਸਕਲ ਬਿਨਾਹੇ। ਕਛ ਨ ਕਹੇ ਨ ਚੀਤ ਡੁਲਾਇ। ਤਬ ਓਹ ਜੋਗ ਸੰਪੂਰਨ ਪਾਏ॥ ੧੨੨॥

॥ ਦੋਹਰਾ॥

ਵਈਰਾਗ ਅਰਥ ਸੁਨ ਮੀਤ ਮਮ, ਸਭ ਕਉਂ ਕਰੀਐ ਤਿਆਗ।
ਹਉਮੈ ਤ੍ਰਿਸਨਾ ਭੋਗ ਸੁਖ, ਤਜੇ ਦੋਖ ਅਰ ਰਾਗ।

॥ ਚੌਪਈ ॥ ਰਾਗ ਦੁਖ ਜਬ ਹਉਮੈ ਤਿਆਗੀ। ਦੁਸ਼ਟ ਨ ਰਹਿਆ ਸੋਈ ਵਈਰਾਗੀ। ਤਉਂ ਭੀ ਬਦਲਾ ਲੇਨ ਨ ਬਨੇ। ਗਿਆਨ ਬਾਤ ਸੁਨ ਲੇਵਹੁ ਜਨੇ। ਆਪਨ ਰੂਪ ਸਕਲਾ ਸਰੂਪ। ਅਪਨਾ ਤਨ ਸਭ ਤਨ ਅਨੂੰਪ। ਜਿਤੇ ਜੀਉ ਸੁ ਅਪਣੇ ਜੀਉ। ਸਭ ਮਹਿ ਸਾਚਾ ਏਕੋ ਪੀਉ।ਜਿਉਂ ਸਰੀਰ ਕੇ ਸਗਲੇ ਅੰਗਾ। ਹੈ ਏਕੋ ਚੇਤਨ ਆਭੰਗਾ ॥੧੨੩॥ ॥ ਦੋਹਰਾ ॥

ਮੁਖ ਧੋਵਤ ਜੋ ਅੰਗਰੀ, ਲੋਚਨ ਮੇਂ ਧਸ ਜਾਇ।
ਤਾਕਉਂ ਕਾਟ ਨ ਡਾਰੀਐ,ਸੁਨ ਲੇਵਹੁ ਮਨ ਲਾਇ।

॥ ਚੌਪਈ ॥ ਜਿਹਵਾ ਦਾਂਤ ਟੋਕ ਲਗ ਜਾਵੇ। ਦਾਂਤ ਨਾ ਕੋਊ ਭਾਨਨ ਪਾਵੇ। ਐਸੀ ਗਿਆਨ ਕਹਾਨੀ ਭਾਈ। ਸਭ ਮਹਿੰ ਏਕੋ ਰਹਿਆ ਸਮਾਈ। ਜਉਂ ਕਹੂੰ ਬਦਲਾ ਵੈਰ ਨਾ ਲੇਵੈ। ਤਉਂ ਓਹ ਗਿਆਨੀ ਪੂਰਾ ਹੋਵੈ। ਤਾਂਤੇ ਸੁਨਹੁੰ ਚਉਧਰੀ ਪਿਆਰੇ।ਉਨ ਕਉਂ ਕਹੋ ਨਾ ਮੀਤ ਹਮਾਂਰੇ। ਜਿਨ ਮੋਕਉਂ ਨਰ ਬਿਖ ਹੈ ਦੀਨੀ। ਉਨ ਕੈ ਹਾਥ ਨ ਕਛ ਮੈ ਚੀਨੀ। ਜਬ ਉਨਕੈ ਕਛ ਹੋਵਤ ਹਾਥ। ਤਬ ਮਰ ਜਾਵਤ ਛਿਨ ਮਹਿੰ ਨਾਥ ॥ ੧੨੪ ॥

॥ ਦੋਹਰਾ ॥

ਉਨਕੀ ਭਾਵਨ ਇਹੀ ਥੀ, ਬਿਖ ਖਾਵਤ ਮਰ ਜਾਇ।
ਸੋ ਤੋ ਉਨਕੀ ਭਾਵਨੀ, ਪੂਰੀ ਪਰੀ ਨਾ ਕਾਇ।

॥ ਚੌਪਈ ॥ ਜੀਆਵਨ ਮਾਰਨ ਵਾਰਾ ਅਉਰ। ਜੰਤਾਂ ਹਥ ਨਾ ਕਛ ਸਿਰ ਮੌਰ। ਜੰਤ ਸਕਲ ਬਜਾਏ ਬਜਤੇ। ਜੋ ਜੋ ਧੁਨ ਜੰਤੇਨੀ ਸਜਤੇ। ਸੋ ਸੋ ਧੁਨ ਅਲਾਪ ਸੁਨਾਵਹਿੰ। ਤਿਉਂ ਬਜਤੇ ਜਿਉਂ ਉਨਹਿੰ ਬਜਾਵਹਿੰ। ਤੈਸੇ ਪ੍ਰੇਰਕ ਸਭ ਕੋ ਪ੍ਰਭੂ। ਸਕਲ ਸ੍ਰਿਸ਼ਟ ਜੇਤੀ ਹੈ ਸਭੂ। ਸਭ ਕਿਛ ਹਾਥ ਪ੍ਰਭੂ ਕੇ ਯਾਰ। ਰੋਗ ਸੋਗ ਅਰ ਭੋਗ ਅਪਾਰ। ਇਕ ਲੇਵਤ ਇਕ ਦੇਵਤ ਦੇਖਹੁ।

Digitized by Panjab Digital Library | www.panjabdigilib.org

ਦੇਖਣਹਾਰਾ ਸਕਲ ਪਰੇਖਹੁ ॥ ੧੨੫ ॥ ਦੋਹਰਾ ॥

ਬਾਜੀਗਰ ਕੀ ਪੂਤਰੀ, ਨਾਚਤ ਕਰਤ ਖਿਆਲ ।
ਕਲਾ ਨੱਟ ਕੀ ਜਾਨੀਐ, ਦੇਖਨ ਮਾਤਰ ਦਿਆਲ ।

॥ ਚੌਪਈ ॥ ਜਰਾ ਮਰਾ ਅਰ ਸਿਰਤ ਜੁ ਤਾਪ । ਆਪਹੁੰ ਕੋ ਨਾ ਲਗੈ ਸੰਤਾਪ ॥ ਤੀਰ ਲਗੈ ਜਉਂ ਮਾਹੈ ਕੋਈ। ਤੀਰ ਸ਼ਕਤ ਆਪਹੁੰ ਨਹੀ ਹੋਈ। ਦੁਸ਼ਟ ਡੰਡ ਅਰ ਬਿਸੀਅਰ ਡੰਗ । ਬਿਖ ਕੀ ਧਾਵਨ ਸਿੰਘ ਕੀ ਜੰਗ। ਜਲ ਡੂਬਨ ਅਰ ਅਗਨੀ ਜਰਨਾ। ਸੰਪਤ ਬਿਪਤ ਜੀਵਨ ਅਰ ਮਰਨਾ। ਮੁਕਤ ਬੰਧ ਰਾਚੀ ਅਬਿਨਾਸੀ ਆਪਹੁੰ ਪਰਿਆ ਨਾ ਨਿਕਸਿਆ ਫਾਸੀ ॥ ੧੨੬ ॥

॥ ਦੋਹਰਾ ॥

ਸਭ ਕਿਛ ਹਾਥ ਹੈ ਪ੍ਰਭੂ ਕੇ, ਸੁਨਉਂ ਚਉਧਰੀ ਮੀਤ ।
ਤਾਂਤੇ ਕਾਹੂੰ ਕਉਂ ਕਛੂ, ਦੋਸ ਨਾ ਲਾਵਹੁ ਚੀਤ।

॥ ਚੌਪਈ ॥ ਸਭ ਕਿਛ ਹਾਥ ਪ੍ਰਭੂ ਕੇ ਭਾਈ। ਆਗੈ ਓਹ ਸਰਬ ਸੁਖ ਦਾਈ। ਜੋ ਮਾਤਾ ਬਾਰਿਕ ਸੰਗ ਕਰੈ। ਓਹੀ ਨੀਕਾ ਰਿਦ ਲੈ ਧਰੈ। ਮਨ ਬਚ ਕਰਮ ਸੁਖ ਮਾਤਾਂ ਮੰਗਾ। ਕਰੇ ਬਾਰਿਕ ਸੰਗ ਓਹੀ ਚੰਗਾ। ਜਉਂ ਕਹੂੰ ਖੰਡ ਅਰ ਦੂਧ ਪਿਲਾਵੈ। ਤਉਂ ਭੀ ਕੁਸਲ ਬਾਰਿਕ ਕਉ ਭਾਵੈ। ਜਉਂ ਕਹੂੰ ਨਿੰਮ ਮਰਚਾਂ ਅਚਵਾਵੈ ਤਉਂ ਭੀ ਰਿਦ ਮਹਿੰ ਕੁਸਲ ਜਨਾਵੈ ॥ ੧੨੭ ॥

॥ ਦੋਹਰਾ ॥

ਸਭ ਬਿਧ ਕੁਸਲ ਮਾਤਾ ਚਹੈ, ਬੂਝਹੁ ਪੁਰਖ ਸੁਜਾਨ ।
ਤੈਸੇ ਪ੍ਰਭ ਜੋ ਕਛ ਕਰੈ, ਓਹੀ ਨੀਕਾ ਮਾਨ ।

੧੫ ॥ ਚੌਪਈ ॥ ਅਉਰ ਬਾਤ ਹਰ ਜਨ ਕੀ ਭਾਈ। ਸੁਨ ਲੇਵਹੁ ਹਿਰਦੇ ਠਹਿਰਾਈ। ਇਕ ਜਨ ਸੰਤ ਪੂਛਨ ਕਉਂ ਗਇਆ। ਵਹੁ ਜਨ ਥਾ ਰੋਗੀ ਘਰ ਪਇਆ। ਸੰਤ ਮਿਲਨ ਕੀ ਚਾਹ ਉਨ

ਮਨਾ। ਇਤ ਕਰ ਤਹਾਂ ਗਇਓ ਹਰਿ ਜਨਾ। ਸੰਤ ਦਰਸ ਰੋਗੀ ਜਬ ਪਾਇਆ। ਪ੍ਰਮ ਕਿਰਪਾ ਪ੍ਰਭ ਸੰਤ ਮਿਲਾਇਆ। ਪਲਕ ਘਰੀ ਜਬ ਸੰਤ ਮਿਲੇ ਹੈਂ। ਤਉਂਭੀ ਮੂੰਦਿਓ ਕਉਲ ਸੁਖਿਲ ਹੈਂ। ੧੩੯। ॥ ਦੋਹਰਾ ॥

ਏਕ ਘਰੀ ਆਧੀ ਘਰੀ,ਆਧੀ ਹੂੰ ਤੇ ਆਧਿ।
ਸੰਤਨ ਸੇਤੀ ਗੋਸ਼ਟੇ ਜੋ ਕੀਨੇ ਸੋ ਲਾਭ।

॥ ਚੌਪਈ ॥ ਸੰਤ ਮਿਲਾਪ ਰੋਗੀ ਸੰਗ ਕੀਆ। ਤਬ ਓਹ ਜਨ ਕ੍ਰਿਤ ਕ੍ਰਿਤ ਬਹੁ ਥੀਆ। ਬਹੁੜ ਸੰਤ ਕਛ ਬਚਨ ਪ੍ਰਸ਼ਾਦਿ। ਜਨਹਿੰ ਸੁਨਾਇ ਦੀਓ ਸ਼ੁਭ ਸੁਆਦ। ਸੰਤ ਕਹਿਆ ਸੁਨ ਲੇਵਹੁ ਜਨਾ। ਇਉਂ ਤੁਮ ਜਾਨ ਲਿਹੁ ਨਿਜ ਮੱਨਾ। ਮਰਨ ਆਪਨਾ ਮੂੜੀ ਜਾਨ। ਜੀਵਨ ਕਉਂ ਕਛ ਲਾਭ ਪਛਾਨ। ਬਹੁਤ ਬੇਰ ਜੋ ਰੋਗੀ ਭਇਆ। ਰੋਗੀ ਹੋਇ ਛੂਟ ਛੂਟ ਤੂੰ ਗਇਆ।੧੨੯।

॥ ਦੋਹਰਾ ॥

ਮਤ ਇਉਂ ਜਾਨਹੂੰ ਸੁਜਨ ਜਨ,ਅਬ ਭੀ ਛੂਟਉਂ ਮਿਤ।
ਇਹੁ ਜਾਨਨ ਅਨ ਜਾਨਤਾ, ਜਾਨਨ ਸ਼ੁਭ ਇਹ ਚਿਤ।

। ਚੌਪਈ। ਮਮ ਤਨ ਜੋ ਰੋਗੀ ਹੋਇ ਗਇਆ। ਕਾਰਣ ਮ੍ਰਿਤ ਵੇਸ ਇਹੁ ਲਇਆ। ਜਿਉ ਤਨ ਰੋਗ ਬਸਿਆ ਆਏ ਮੇਰੇ। ਤੈਸੇ ਆਇ ਮ੍ਰਿਤ ਮੋਹਿ ਘੇਰੇ। ਇਹੁ ਤਨ ਧਾਰ ਵਾਸ਼ਨਾ ਖੰਡਹੁ। ਭੇਡ ਗਿਆਨ ਨਾ ਮਨ ਮਹਿੰ ਮੰਡਹੁ। ਖਟਵੇਂ ਮਾਸ ਭੇਡ ਕਉਂ ਪਕੜਹਿੰ। ਪਸ਼ਮ ਉਤਾਰਲੇਹ ਤਿਹ ਜਕੜਹਿੰ। ਜਬ ਗਲ ਕਾਟਨ ਬੰਛਹਿੰ ਭੇਡ ॥ ਧਰਨ ਡਿਗਾਇ ਕਰਹਿੰ ਵਹੁ ਖੇਡ ।੧੩੦।

॥ ਦੋਹਰਾ ॥

ਤਬ ਵੀ ਭੇਡ ਇਹ ਮਨ ਮਨਹਿੰ,ਅਬ ਭੀ ਪਸ਼ਮ ਉਤਾਰ।
ਜਿਉਂ ਆਗੇ ਥੀ ਛੂਟਤੀ ਅਬ ਭੀ ਛੁਟਨ ਨਿਹਾਰ।

Digitized by Panjab Digital Library | www.panjabdigilib.org

। ਚੌਪਈ । ਭੇਡ ਗਿਆਨ ਛਪਿਆ ਹੀਂਰਹਿ । ਸੀਸ ਕਸਾਬ ਕਾਟ ਤਿਨ ਲਏ । ਤੈਸੇ ਜੀਅ ਸਕਲ ਇਉਂ ਜਾਨਹਿੰ । ਰੋਗੀ ਹੋਇ ਫਿਰ ਛੂਟਨ ਮਾਨਹਿੰ । ਉਨ ਕੀ ਮਾਨ ਕਾਲ ਨਹੀਂ ਮਾਨੇ । ਕਾਲ ਕਰੇ ਅਪਨੇ ਮਨ ਭਾਨੇ । ਤਾਂਤੇ ਦ੍ਰਿੜ ਇਉਂ ਜਾਨਨ ਬਨੇ । ਰੋਗ ਆਵੈ ਮ੍ਰਿਤ ਆਈ ਮਨੈ । ਜਬ ਬਾਦਲ ਜੁਰ ਆਵਹਿੰ ਕਾਰੇ । ਸ਼ਬਦ ਘੋਰ ਬਿਜਲੀ ਚਮਕਾਰੇ । ਬੁਧ ਵੰਤ ਜੋ ਪੁਰਖਾ ਹੋਈ ॥ ਇਉਂ ਰਿਦ ਜਾਨ ਲਏ ਤਬ ਸੋਈ । ਬਾਦਲ ਮੇਘ ਕਾਰਨ ਭਏ ਭਾਈ । ਪ੍ਰੋਜਨ ਅਉਰ ਨਹੀ ਦਰਸਾਈ । ੧੩੧ ।

॥ ਦੋਹਰਾ ॥

ਸਾਂਭ ਲਏ ਵਥ ਆਪਨੀ, ਬਾਦਲ ਦੇਖ ਜੁ ਕੋਇ ।
ਵੁਠੇ ਮੇਘ ਤੇ ਬੁਧ ਵੰਤ ਹੋਵੇ ਸੁਖੀਆ ਸੋਇ ।

॥ ਚੌਪਈ ॥ ਜੋ ਮੂਰਖ ਅਗਿਆਨੀ ਹੋਈ । ਅਪਨੇ ਚਿਤ ਇਉਂ ਸੋਚਤ ਸੋਈ । ਕਈ ਬਾਰ ਬਾਦਲ ਆਇ ਭਏ । ਜੁਰ ਜੁਰ ਕੇ ਫਿਰ ਖਿੰਡ ਖਿੰਡ ਗਏ । ਅਬ ਭੀ ਹੋਇ ਜਾਹਿੰ ਗੇ ਨਾਸਾ । ਇਹ ਰਿਦ ਧਾਰ ਰਹੇ ਮਾਵਾਸਾ । ਬਸਤ ਨੈਕ ਤਿੰਨ ਜੋੜੀ ਨਾਹੀ । ਅੰਤ ਮੇਘ ਬਰਸਨ ਲਗ ਪਾਂਈ । ਬਾਦਲ ਜੁਰੇ ਜਾਸ ਕੇ ਕਾਰਨ । ਉਨਹਿੰ ਧਰੀ ਓਹੀ ਲੇ ਧਾਰਨ । ੧੩੨ ।

॥ ਦੋਹਰਾ ॥

ਮੇਘ ਨਾ ਠਾਟੀ ਓਹ ਜੋ, ਠਾਟੀ ਜਨ ਮੁਰਖਾਹਿੰ ।
ਬਰਸਿਓ ਬਲਕਰ ਛੋਹ ਨਿਜ, ਭਾਵਨ ਭਰਿਆ ਆਇ ।

॥ ਚੌਪਈ ॥ ਅਗਿਆਨੀ ਕੀ ਗਨਤੀ ਭਾਈ । ਸਕਲੀ ਅਪਨੀ ਬਸਤ ਭਿਗਾਈ । ਤਾਕਾ ਤਾਤ ਪਰਜ ਇਹੁ ਜਾਨਹੁ । ਬਾਦਲ ਤਨ ਕੇ ਰੋਗ ਪਛਾਨਹੁ । ਰੋਗ ਦੁਆਰ ਮੇਘ ਮ੍ਰਿਤ ਆਵੈ । ਬੁਧਿ ਵੰਤ ਗੁਰਮੁੱਖ ਜਨਾਵੈ । ਬਸਤ ਬਾਸ਼ਨਾ ਸਕਲ ਸਮੇਟੈ । ਰਹੇ ਏਕ

Digitized by Panjab Digital Library | www.panjabdigilib.org

ਦੂਜਾ ਸਭ ਮੇਟੈ। ਮਰਨ ਤੇ ਆਗੈ ਚੇਤੈ ਸੋਈ। ਅਪਨਾ ਕਾਮ ਨ ਰਾਖੈ ਕੋਈ। ਤਤ ਕਾਲ ਸਭ ਕਾਮ ਸਵਾਰੈ। ਦਰਗਹ ਗਇਆ ਨਾ ਬਾਜੀ ਹਾਰੈ। ੧੩੩। ॥ ਦੋਹਰਾ ॥

ਜਬਹ ਰੋਗ ਕਛ ਅਗੁ ਕੈ ਆਇ ਕਰੈ ਤਨ ਬਾਸ ।
ਅਗੁ ਮ੍ਰਿਤ ਨਹਿੰ ਚਿਤ ਕਰੈ ਰਿਦੈ ਨਾ ਲਿਆਵੈ ਤ੍ਰਾਸ।

॥ ਚੌਪਈ ॥ ਨਾਨਾ ਭਾਂਤ ਜੁ ਆਸ ਅਪਾਰਾ। ਜਿਉਂ ਕੀ ਤਿਉਂ ਰਿਦ ਰਖੈ ਬਿਚਾਰਾ। ਰੋਗ ਬਾਦਲ ਕਉਂ ਜਾਨੈ ਵੈਸਾ। ਕੇਤੀ ਬਾਰ ਹੋਇ ਗਇਆ ਐਸਾ। ਅਬ ਭੀ ਰੋਗ ਬਾਦਲ ਮਿਟ ਜਾਵੈ। ਬਸਤ ਬਾਸ਼ਨਾ ਰਿਦੈ ਨ ਲਾਵੈ। ਸ਼ੁਭ ਕਰਤਤ ਨ ਕੋਊ ਕੀਆ। ਨਹ ਕੁਛ ਖੋਇਆ ਨਹ ਕੁਛ ਲੀਆ। ਜੀਅ ਪਦ ਖੋਇ ਨ ਬ੍ਰਹਮ ਪਦ ਗਹਿਆ। ਜਿਉਂ ਕਾ ਤਿਉਂ ਅਗਿਆਨੀ ਰਹਿਆ। ੧੩੪। ॥ ਦੋਹਰਾ ॥

ਜਿਨੀ ਨ ਪਾਇਓ ਪਿਰਮ ਰਸੁ, ਕੰਤ ਨਾ ਪਾਇਓ ਸਾਉ ॥
ਸੁੰਞੇ ਘਰ ਕਾ ਪਾਹੁਣਾ, ਜਿਉ ਆਇਆ ਤਿਉਂ ਜਾਉ ॥

॥ ਚੌਪਈ ॥ ਬਦਲ ਰੋਗ ਨਾ ਗਇਓ ਤਨ ਤੇ। ਜਿਹ ਕਰ ਕਾਮ ਕੀਏ ਮ੍ਰਿਤ ਘਨ ਤੇ। ਅਗੁ ਕਰਮ ਜੋ ਕੀਨੇ ਝੂਠੇ। ਤਿਹ ਫਲ ਦੂਸੇ ਮੇਘ ਮ੍ਰਿਤ ਵੂਠੇ। ਨਰਕ ਦੂਖ ਸਾਸਨ ਚੌਰਾਸੀ। ਭੋਗੈ ਜੀਉ ਅਧਿਕ ਜਮ ਫਾਸੀ। ਇਉਂ 'ਭੀ' ਕਰਤ ਜੁਗ ਗਾਇ ਅਪਾਰਾ। ਮਾਨਸ ਕੀ ਬਰੀਆ ਭੀ ਹਾਰਾ। ਦਈਵ ਸੰਜੋਗ ਤੇ ਮਾਨਸ ਭਇਆ। ਵਹੁ ਭੀ ਝੂਠ ਗਫਲਤ ਸੰਗ ਗਇਆ। ੧੩੫

॥ ਸੋਰਠਾ ॥

ਕਰਮ ਕਰਹਿੰ ਜੋ ਹੀਨ, ਫਲ ਤਿਨ ਕਾ ਭੀ ਹੀਨਤਾ।
ਦੁਖ ਪਾਹਿੰ ਅਗੁ ਦੀਨ, ਪ੍ਰਭ ਭੁਲਾਇ ਜੋ ਅੱਨ ਰਚੇ।੧੬।

॥ ਚੌਪਈ ॥ ਅਉਰ ਬਾਤ ਹਰਿ ਜਨ ਕੀ ਏਹ। ਸੁਨ

ਲੇਵਹੁ ਹਿਰਦਾ ਕਛ ਦੇਹਿ। ਇਕ ਦਿਨ ਸਭਾ ਅਪਨੀ ਮਹਿ ਸੰਤ। ਇਉਂ ਕਰ ਬੋਲਤ ਭਏ ਮਹੰਤ। ਮ੍ਰਿਤਕਾ ਗੋਲੀ ਤਿਨਹਿੰ ਸਵਾਰੀ ਬਨਾਇ ਸੰਤ ਇਉਂ ਬਾਤ ਉਚਾਰੀ। ਇਨਹੀਂ ਸਾਨੀ ਇਨਹੀਂ ਜੈਸੀ। ਕਰ ਦਿਖ ਰਾਵਹੁ ਗੋਟੀ ਐਸੀ। ਸੋ ਹਰਿ ਜਨਕਾ ਹਿਰਦਾ ਏਹ। ਬੁਧਿ ਪਛਾਣ ਸਕਲ ਜਨ ਲੇਹ॥ ੧੩੬ ॥

॥ ਦੋਹਰਾ ॥

ਹਰਿ ਜਨ ਹਿਰਦਾ ਏਹੁ ਥਾ, ਜੋ ਕੋਊ ਹੋਇ ਸੁਜਾਨ।
ਬੁਧਿ ਵਾਨ ਗੁਰਮੁਖ ਜਨਹਿੰ, ਸਕਲੀ ਬਾਤ ਅਸਾਨ।

॥ ਚੌਪਈ ॥ ਗੁਰਮੁਖ ਕੋ ਮਨ ਅਸਥਿਰ ਮੀਤਾ। ਇਤ ਉਤ ਡੋਲੈ ਨਾ ਤਿਨਕਾ ਚੀਤਾ। ਬਿਸ਼ਿਆ ਖੈਂਚ ਨ ਤਾਂਕਉ ਪਰੇ। ਇਤ ਕਰ ਦੀਰਘ ਬੁਧਿ ਓਹ ਧਰੇ।ਜੇਤੀ ਹੀਂ ਪ੍ਰਭ ਪ੍ਰੀਤ ਲਗਾਨੀ। ਤੇਤੀ ਹੀਂ ਬੁਧਿ ਹੋਇ ਸਿਆਨੀ। ਇਤ ਕਰ ਸੰਤ ਕੱਸਨ ਇਹ ਕੱਸੀ। ਸਕਲ ਬੁਧਿ ਜਾਨੀਐ ਮਨ ਬਸੀ।ਮ੍ਰਿਤਕਾ ਗੋਲੀ ਸਭਨ ਦਿਖਾਈ। ਮੁਖ ਸੇ ਬਾਤ ਏਹੀ ਬਤ ਲਾਈ ॥ ੧੩੭ ॥

॥ ਦੋਹਰਾ ॥

ਸਕਲ ਜਨਾ ਸਿਉਂ ਭਾਖਿਆ, ਇਨ ਹੀਂ ਜੈਸੀ ਮੀਤ।
ਗੋਟੀ ਕਰ ਦਿਖ ਰਾਈਐ, ਦੇਖੀ ਚਾਹਉਂ ਚੀਤ।

॥ ਚੌਪਈ ॥ ਤਬ ਇੱਕ ਇੱਕ ਜਨ ਗੋਟੀ ਕੀਨੀ। ਬੁਧਿ ਅਨਸਾਰ ਬਨਾਵਨ ਕੀਨੀ। ਜੈਸੀ ਸੰਤ ਦਿਖਾਈ ਭਾਈ। ਤੈਸੀ ਕਿਨਹਿੰ ਨ ਸਕੀ ਬਨਾਈ। ਥਕਤ ਭਏ ਸਕਲੇ ਹੀ ਜੱਨਾ। ਹਰਿ ਜਨ ਨਕਲ ਨ ਮਾਨਿਓ ਮਨਾ। ਨਾਹਿ ਬਨੇ ਗੋਟੀ ਉਨ ਜੈਸੀ। ਜੈਸੀ ਸੰਤ ਦਿਖਾਈ ਤੈਸੀ। ਤਬੀ ਸੰਤ ਇਉਂ ਬਚਨ ਉਚਾਰਾ। ਸਕਲ ਸੁਨਾਇ ਕਹਿਓ ਨਿਰਧਾਰਾ। ੧੩੮।

Digitized by Panjab Digital Library | www.panjabdigilib.org

॥ ਦੋਹਰਾ ॥

ਯਹ ਗੋਟੀ ਤਉਂ ਰੂਪ ਵੰਤ, ਦੇਖਨ ਮਾਤ੍ਰ ਅਕਾਰ ।
ਪ੍ਰਥਮ ਬਨਾਇ ਤੁਮ ਹਥ ਦਈ, ਸੋਭੀ ਬਨੀ ਨ ਯਾਰ ।

॥ ਚੌਪਈ ॥ ਤੁਮ ਬਾਂਛਤ ਹਮ ਪਾਵਉਂ ਪ੍ਰਭੂ । ਇਉਂ ਹੀ ਕਹਿਤ ਜੇਤੇ ਹੋ ਸਭੂ । ਸੋਤੋ ਪ੍ਰਭ ਕੋ ਰੰਗ ਨਾ ਰੂਪ । ਨਿਰੰਕਾਰ ਅਕਾਰ ਅਨੂਪ। ਇੰਦ੍ਰੀ ਅਗੋਚਰ ਹੈ ਸੋ ਭਾਈ । ਲੋਚਨ ਦ੍ਰਸਹਿਂ ਨ ਕਰ ਪਕਰਾਈ । ਕਿਨਹੀਂ ਜੈਸਾ ਕਹਿਆ ਨ ਜਾਵੈ । ਨੇਤਿ ਨੇਤਿ ਜਿਹ ਬੇਦ ਬਤਾਵੈ । ਤਾਂਕਾ ਪਾਵਨ ਤੁਮ ਮਨ ਚਾਹੋ। ਕਿਉ ਕਰ ਏਹੁ ਕਰਹੁ ਨਿਰ ਬਾਹੋ ॥ ੧੩੯ ॥

॥ ਦੋਹਰਾ ॥

ਪ੍ਰਭ ਕੋ ਪਾਵਨ ਅਤਿ ਕੱਠਨ, ਅਕੁਲ ਕਲਾ ਕਲਬੂਤ ।
ਅਕੁਲ ਕਲਾ ਕੋ ਪਦ ਤਹਾਂ, ਅਕੁਲ ਕਲਾ ਕੋ ਸੂਤ ।

॥ ਚੌਪਈ ॥ ਅਕੁਲ ਕਲਾ ਗਾਤ ਪ੍ਰਭ ਕੇਰਾ । ਅਕੁਲ ਕਲਾ ਕੋ ਘਰ ਪੁਰ ਡੇਰਾ । ਤਾਕਉਂ ਅਕੁਲ ਕਲਾ ਹੀਂ ਪਾਏ । ਅਉਰ ਨ ਦ੍ਰਸੈ ਨ ਆਪ ਦ੍ਰਸਾਇ । ਤਾਕਉਂ ਕਿਹ ਬਿਧ ਪਾਵਹੁ ਮੀਤਾ। ਅਕੁਲ ਕਲਾ ਨਹੀ ਤੁਮਰੇ ਚੀਤਾ । ਅਕਲ ਕਲਾ ਤੁਮ ਮਹਿਂ ਕਛ ਪਾਵਤਾ । ਤਉਂ ਰੂਪ ਵੰਤ ਮਹ ਅਟਕ ਨ ਲਿਆਵਤ । ਮੁਹਰ ਮੁਕਤ ਜੋ ਪਰਖਹਿਂ ਭਾਈ । ਤਾਂਬਾਂ ਪਰਖਨ ਨਹ ਕਠਨਾਈ ॥ ੧੪੦ ॥

॥ ਦੋਹਰਾ ॥

ਪਰਖਨ ਤਾਂਬੇ ਕੀ ਜਿਨਹ, ਮੋਹਰ ਮੁਕਤ ਨਾ ਜਨਾਹਿ ।
ਯਹ ਹੈ ਬਾਤ ਨਿਰੰਤਰੀ, ਸਮਝਹੁ ਹਿਰਦੇ ਮਾਹਿ ।

॥ ਚੌਪਈ ॥ ਤਾਂਤੇ ਬੁਧਿ ਨਿਰਮਲ ਕਰ ਲੇਵਹੁ । ਬਿਖੈ ਬਿਕਾਰ ਨ ਰਿਦ ਮਹਿਂ ਸੇਵਹੁ। ਜੱਪ ਤੱਪ ਕਸਟ ਗਹੋ ਤਨ ਮੀਤਾ । ਹਰਿ ਸਿਉਂ ਦ੍ਰਿੜ ਕਰ ਕਰੀਏ ਪ੍ਰੀਤਾ । ਇਨ ਬਿਧ ਬੁਧਿ

Digitized by Panjab Digital Library | www.panjabdigilib.org

ਨਿਰਮਲ ਕਰਿ ਡਾਰੋ। ਮੁਕਤਿ ਮੋਰਚਾ ਸਕਲ ਉਤਾਰੋ। ਪ੍ਰਭ ਕੋ ਪਾਵਨ ਕਠਨ ਨ ਹੋਈ।ਇਹ ਬਿਧ ਮੁਕਤ ਭਇਆ ਸਭ ਕੋਈ।੧੭। ਅਉਰ ਬਾਤ ਹਰ ਜਨ ਕੀ ਕਰੀਏ। ਜੈਸੀ ਸੁਨੀ ਤੈਸੀ ਊਚਰੀਐ। ॥ ੧੪੧ ॥

॥ ਦੋਹਰਾ ॥

ਹਰਿ ਜਨ ਗ੍ਰਿਹ ਇਕ ਸੂਆਨ ਥਾ, ਪਰਾ ਰਹੈ ਸੋ ਦੁਆਰ।
ਹਰਿ ਜਨ ਤਾਹਿੰ ਨ ਰਾਖਿਆ, ਆਗੇ ਪਰਿਆ ਬਾਰ।

॥ ਚੌਪਈ ॥ ਕੇਤੇ ਦਿਨ ਤਿਨ ਰੋਟੀ ਮਿਲੀ। ਸੁਆਨ ਮਨੇ ਇਹ ਹੇਲਤ ਹਿਲੀ।ਇੰਵ ਜਾਨ ਕਰ ਰੋਟੀ ਖੁਆਈ। ਭੂਖਾ ਦੁਆਰੇ ਪਰਿਆ ਆਈ। ਸੰਤ ਕੋ ਚਹੀਅਹਿ ਸੁਆਨ ਨਾ ਕੋਈ। ਦਇਆ ਕਰੀ ਚਿਤ, ਪਾਲਿਆ ਸੋਈ। ਇਕ ਦਿਨ ਜਨ ਅਪਨੇ ਕਹੀ ਬਾਤਾ। ਜੋ ਜਨ ਰੋਟੀ ਸੁਆਨ ਪੁਚਾਤਾ। ਤਿਨ ਕੋ ਕਹਿਆ ਸੁਆਨ ਹੂਕ ਭਾਈ। ਪੂਰਾ ਕੀਆ ਜੋ ਇਨ ਕਾ ਆਹੀ। ਇਹੁ ਹੈ ਪਸ਼ੂ ਨਾ ਸਮੰਝੇ ਬਾਤਾ। ਰੋਟੀ ਇਨ ਕੋ ਦੇਹੁ ਨ ਭ੍ਰਾਤਾ॥ ੧੪੨॥

॥ ਦੋਹਰਾ ॥

ਹਮ ਘਰ ਜੈਸੇ ਘਰ ਬਹੁਤ, ਨਗਰ ਮਾਂਹਿ ਹੈਂ ਮੀਤ।
ਅਬ ਘਰ ਜਾਵੈ ਅਵਰ ਕੈ, ਈਹਾਂ ਕਰੈ ਨ ਪ੍ਰੀਤ।

॥ ਚੌਪਈ ॥ ਇਨ ਪ੍ਰੀਤੀ ਮੈਂ ਕਛੁ ਨ ਭਲਾਈ। ਆਵਤ ਜਾਤੇ ਕਉਂ ਭੁਸਾਈ। ਈਹਾਂ ਆਵਹਿੰ ਬਹੁਤੇ ਜਨਾ। ਕਈ ਪਾਹੁਨ ਅਨ ਗਿਨਤ ਨ ਗਨਾ। ਤਾਂਤੇ ਇਨ ਕਉਂ ਦੇਹੁ ਨ ਰੋਟੀ। ਰੋਟੀ ਦੇਨੀ ਅਬ ਇਨ ਖੋਟੀ। ਤਬ ਉਨ ਜਨ ਇਉਂ ਹੀਂ ਮਨ ਲੀਨੀ। ਜਿਉਂ ਆਗਿਆ ਸਤਿਗੁਰ ਨੇ ਕੀਨੀ। ਕਈ ਇਕ ਦਿਨ ਨਾ ਰੋਟੀ ਦਈ।ਹੇਲਤ ਸੁਆਨ ਜਿਉਂ ਕੀ ਤਿਉਂ ਰਹੀ।੧੪੩

ਦੋਹਰਾ
ਪਰਾ ਰਹਿਆ ਸੁ ਦੁਆਰ ਤੇ, ਸੁਆਨ ਨ ਖੋਈ ਠਉਰ।
ਇਤ ਉਤ ਨਗਰ ਨ ਉਹ ਗਇਆ, ਤਾਕੀ ਤਾਕ ਨ ਅਉਰ।

Digitized by Panjab Digital Library | www.panjabdigilib.org

ਚੌਪਈ। ਸੰਤ ਜਨਾ ਕਉਂ ਸਭ ਨੇ ਕਹਿਆ। ਸੁਆਨ ਦੁਆਰ ਓਹ ਪਰਿਆ ਰਹਿਆ। ਕੇਤੇ ਦਿਨ ਉਨ ਬੀਤੇ ਭੂਖੇ। ਮਤ ਮਰ ਜਾਇ ਭੂਖ ਕੇ ਦੂਖੇ। ਜਿਉ ਤੁਮ ਬਚਨ ਕਰੋ ਤਿਉ ਕੀਜੈ। ਕਹੋ ਤ ਰੋਟੀ ਉਨ ਕਉ ਦੀਜੈ ?। ਸੰਤ ਕਹਿਆ ਰੋਟੀ ਉਨ ਪਾਵਹੁ। ਪਾਵਤ ਰਹੋ ਉਨ ਸਦਾ ਰਜਾਵਹੁ। ਤਿਨ ਕੀ ਸਾਰ ਲੇਵਨੀ ਬਨੇ। ਜੋ ਐਸਾ ਹੋਵੈ ਹੈ ਜਨੈ। ੧੪੪।

॥ ਦੋਹਰਾ ॥

ਪਰਾ ਰਹੈ ਜੁ ਦੁਆਰ ਤੇ, ਐਸਾ ਹੋਵੈ ਕੋਇ।
ਤਿਨਹਿ ਸਾਰ ਲੇਵਨ ਬਨੇ, ਯਾਮੈ ਭੇਦ ਨ ਕੋਇ।

॥ ਚੌਪਈ ॥ ਜਬ ਹਰਿ ਜਨ ਏਹ ਬਾਤ ਬਤਾਈ। ਸਭ ਜਗਿਆਸੀ ਸੁਨ ਤੇ ਭਾਈ। ਫਿਰ ਹਰਿ ਜਨ ਇਹ ਸੋਚੀ ਸੋਚਾ। ਮਤ ਕਹੂੰ ਜਨ ਇਉਂ ਹੋਵੈ ਲੋਚਾ। ਸੁਆਨ ਪਰਾ ਹਮ ਭੀ ਪਰ ਰਹੇਂ। ਇਹ ਮਨ ਸੋਚ ਪਰਿਆ ਚਿਤ ਚਹੇ। ਅਬ ਇਨ ਢੋਲੁ ਸੁਨਾਈਐ ਸਾਰ। ਜਿਉਂ ਕੀ ਤਿਉਂ ਸਮਝਹਿੰ ਸਭ ਯਾਰ। ਬਹੁੜ ਸੰਤ ਲੇ ਪ੍ਰਸ਼ਨ ਬਨਾਇਆ। ਮੁਖੋਂ ਬੋਲ ਇਉਂ ਕਰ ਸਮਝਾਇਆ। ੧੪੫। ॥ ਦੋਹਰਾ ॥

ਅੱਡਣ ਨਾਮ ਇਕ ਸੰਤ ਕਾ, ਉਨਹੀ ਜੈਸਾ ਸੋਇ।
ਦੀਪਕ ਦੀਪ ਜਗਾਈਐ, ਦੋਨੋ ਏਕੋ ਹੋਇ।

॥ ਚੌਪਈ ॥ ਗੁਰ ਪ੍ਰਸੰਤਾ ਸਿਖ ਜਬ ਲਈ।ਤਬ ਗੁਰ ਸਿਖ ਹੋਇ ਇਕ ਮਈ। ਸੋ ਐਸਾ ਹੀਂ ਥਾ ਉਹ ਗਿਆਨੀ। ਹਰਿ ਜਨ ਮਨ ਉਨ ਪਰ ਬਹੁ ਮਾਨੀ। ਸੰਤ ਪ੍ਰਸੰਨਤਾ ਤਿਨ ਜਬ ਲਈ। ਅਦਭੁਤ ਦਸ਼ਾ ਸੰਤ ਕੀ ਭਈ। ਲਛਨ ਸੰਤ ਸਕਲ ਪਰ ਪੂਰਨ। ਸਭ ਅੰਗ ਸੁੰਦ੍ਰ ਕਛੂ ਨ ਊਰਨ। ਸੰਤ ਦੇਖ ਤਾਂਕਉਂ ਉਮ ਗਾਵੈਂ। ਉਨ ਜਨ ਦੇਖ ਬਹੁਤ ਸੁਖ ਪਾਵਹਿ। ੧੪੬।

Digitized by Panjab Digital Library | www.panjabdigilib.org

॥ ਦੋਹਰਾ ॥

ਲੋਟ ਪੋਟ ਹੋਇ ਜਾਵਹੀਂ, ਸੰਤ ਕਉਂ ਸੰਤ ਨਿਹਾਰ।
ਜਿਉਂ ਕਾਮੀ ਕਉਂ ਭਾਵਹੀ, ਅਤਿ ਸੁੰਦਰ ਬਹੁ ਨਾਰ।

॥ ਚੌਪਈ ॥ ਦੋਨੋ ਆਪਸ ਮਹਿ ਪ੍ਰੇਮੀ ਭਾਈ। ਉਨ ਦੇਖਤ ਉਨਹੀ ਬਲ ਜਾਈ। ਗੁਰ ਜਿਉ ਵਧ ਚੇਲੇ ਕਾ ਮਨ। ਚੇਲੇ ਸਿਉਂ ਵਧ ਗੁਰੂ ਪ੍ਰਸੰਨ। ਜਬ ਓਇ ਦੋਇੰ ਆਪਸ ਮਹ ਰਲਤੇ। ਮਾਨੋ ਦੋਨੋ ਸਿੰਘ ਓਇ ਮਿਲਤੇ। ਗੀਦੜ ਭਰਮ ਤਹ ਰਹੈ ਨਾ ਕੋਈ। ਅਜਾ ਮੂਰਖਤਾ ਨਾਸੈ ਹੋਈ। ਮਾਨੋ ਦੋਇੰ ਸੂਰਜ ਹੋਇ ਉਦੇ। ਤਿਮਰ ਅਗਿਆਨ ਕਛ ਰਹੈ ਨ ਰਿਦੈ। ੧੪੭।

॥ ਦੋਹਰਾ ॥

ਹਰਿ ਜਨ ਸਿਉਂ ਹਰਿ ਜਨ ਮਿਲੈ, ਹੋਵਹਿੰ ਕੇਲ ਅਪਾਰ।
ਸਕਲ ਸੂਖ ਜੋ ਪ੍ਰਭ ਰਚੇ, ਇਨ ਕੇ ਸਮ ਨਹੀ ਯਾਰ।

॥ ਚੌਪਈ ॥ ਸੰਤ ਕਾ ਚੇਲਾ ਸੰਤ ਹੀ ਆਹਾ। ਅਮਿਤ ਸੰਤ ਸਿਉ ਲੀਨੋ ਲਾਹਾ। ਸੰਤ ਪ੍ਰਸਾਦਿ ਤਿਨ ਹਰਿ ਪਦ ਪਾਇਆ 'ਸੰਤ' ਕ੍ਰਿਪਾ ਭਇਓ ਸ੍ਰਿਸ਼ਟ ਕੋ ਰਾਇਆ। ਸਰਬੰਗੀ ਸੋ ਸੀਤਲ ਬੁਧੀ। ਛਿਮਾ ਵਾਨ ਗੁਰਮਖ ਸਚ ਸੁਧੀ। ਸੰਤ ਰਿਦਾ ਅਰ ਚੱਤ੍ਰ ਬਿਬੇਕੀ। ਨਿਹ ਕਾਮੀ ਮਨ ਹਰਿ ਹਰਿ ਟੇਕੀ। ਉਸਤਤਿ ਅਪਰ ਨ ਮਿਤ ਜਨ ਪਾਈਐ। ਅਗਮ ਅਗਮ ਸਭ ਬੇਦ ਬਤਾਈਐ। ।੧੪੮।

॥ ਦੋਹਰਾ ॥

ਉਪਮਾ ਥਾਹ ਨਾ ਤਾਹਿੰ ਕੀ, ਜਿਨ ਪ੍ਰਭ ਜਾਨੀ ਜਾਨ।
ਜੋ ਕਛ ਕਹਉਂ ਬਨਾਇ ਕਰ, ਸੋ ਥੋਰਾ ਹੀਂ ਮਾਨ।

॥ ਚੌਪਈ ॥ ਜਬ ਸੰਤ ਦੁਆਰ ਕੀ ਬਾਤ ਚਲਾਈ। ਇਹੁ ਚੇਲਾ ਭੀ ਢਿਗ ਥਾ ਭਾਈ। ਸੰਤ ਦੁਆਰ ਕਾ ਪ੍ਰਸ਼ਨ ਚਲਾਇਆ। ਅਪਨੇ ਜਨ ਕਉਂ ਖੋਲ੍ਹ ਸੁਨਾਇਆ। ਮੈ ਜੋ ਕਹੀ

ਦੁਆਰ ਕੀ ਬਾਤਾ। ਜੋ ਕੋਊ ਪਰਿਆ ਰਹੈ ਗਿਆਤਾ । ਕਉਨ ਦੁਆਰ ਜੋ ਛਾਡੇ ਨਾਹੀ। ਤਾਹਿੰ ਸਾਰ ਕਰੀਏ ਮਨ ਮਾਹੀ। ਸੰਤ ਕਹਿਆ ਦੇਉ ਉਤ੍ਰ ਭਾਈ। ਹਮਰਾ ਰਿਦਾ ਕਹਹੁ ਸਮਝਾਈ ੧੪੯

॥ ਦੋਹਰਾ ॥

ਅੱਡਣ ਸੰਤ ਗੁਰ ਆਗਿਆ, ਮਨ ਮਹਿ ਲੀਨੀ ਮਾਨ ।
ਖੋਲ੍ਹ ਸੁਣਾਇਓ ਦੁਆਰ ਤਹ, ਉਤ੍ਰ ਕਹਿਓ ਬਖਾਨ।

॥ ਚੌਪਈ ॥ ਇਹ ਉਤ੍ਰ ਹਰਿ ਜਨ ਉਚਾਰੋ। ਹੇ ਸਤਿਗੁਰ ਇਹੁ ਦੁਆਰ ਤੁਮਾਰੋ। ਜੈਸੇ ਤੁਮ ਤੈਸਾ ਤੁਮ ਦੁਆਰ। ਹਮ ਉਨ ਦੁਆਰ ਅਬ ਕਰਉਂ ਉਚਾਰ। ਸਤਿ ਬਿਚਾਰ ਕੋ ਦੁਆਰ ਤੁਮਾਰੋ। ਜੋ ਕੋਊ ਉਨ ਪਰ ਪਰੈ ਪਿਆਰੋ। ਸਤਿ ਬਿਚਾਰ ਮਿਲ ਕਰਨੀ ਕਰੇ। ਮਾਨੋ ਓਹ ਤੁਮ ਦੁਆਰ ਪਰ ਪਰੇ। ਤਬ ਉਨ ਕੀ ਇਹੁ ਲੇਵਤ ਸਾਰ। ਨਿਜ ਪ੍ਰਸੰਤਾ ਸਿਉਂ ਜਨ ਭਾਰ। ੧੫੦॥

॥ ਦੋਹਰਾ ॥

ਜਨ ਬਿਚਾਰ ਕੇ ਦੀਪ ਕਉਂ. ਮਾਇਆ ਪਉਨ ਨ ਡੋਲ।
ਤੁਮ ਪ੍ਰਸੂਨਤਾ ਕਾਮ ਇਹੁ, ਕਰਤ ਜਨਾ ਆਡੋਲ।

॥ ਚੌਪਈ ॥ ਏਹੁ ਦੁਆਰ ਸਤਿਗੁਰੂ ਤੁਮਾਰਾ। ਐਸੀ ਤੁਮ ਲੇਵਤ ਹੋ ਸਾਰਾ। ਤਬ ਹਰਿ ਜਨ ਇਹੁਉਤ੍ਰ ਭਾਇਆ । ਸੁਨਿ ਸੁਨਿ ਹਿਰਦੇ ਮਹਿੰ ਉਮ ਗਾਇਆ। ਉਨ ਕੇ ਉਤ੍ਰ ਐਸੇ ਜਾਨਤ। ਹਮ ਹੀਂ ਬੋਲਤ ਇਉਂ ਰਿਦ ਮਾਨਤ। ਦੋਊਂ ਏਕ ਹਿਰਦਾ ਜਬ ਭਇਆ। ਦੇਖਨ ਮਾਤ੍ਰ ਦੁਇੰ ਦ੍ਰਸਇਆ। ਜੈਸੇ ਲੋਚਨ ਦੁਇੰ ਦਿਸ ਆਵਹਿੰ। ਦ੍ਰਿਸਟਿ ਏਕ ਹੀਂ ਉਭੈ ਦ੍ਰਸਾਵਹਿੰ ॥ ੧੫੧ ॥

॥ ਦੋਹਰਾ ॥

ਜਬ ਦੁਹਿ ਹਿਰਦਾ ਇਕ ਭਇਆ, ਸਭ ਕਿਛ ਇਕ ਹੋਇ ਜਾਇ।
ਮਨਕੇ ਪਾਛੇ ਕਰਮ, ਬਚ, ਓਇ ਭੀ ਇਕ ਦ੍ਰਸਾਇ।

Digitized by Panjab Digital Library | www.panjabdigilib.org

॥ ਚੌਪਈ। ਸਰਬ ਚੀਤ ਜਹ ਇਕ ਹੋਇ ਜਾਈ । ਤਾਸ ਨਾਮ ਸੰਤ ਮੰਡਲੀ ਭਾਈ। ਸੰਤ ਮੰਡਲੀ ਅਦਭੁਤ ਸੁਆਦ। ਸੰਤ ਮੱਡਲੀ ਮਿਟੈ ਬਿਖਾਧ। ਸੰਤ ਮੰਡਲੀ ਬਚਨ ਸੁ ਐਸੇ । ਸੁਨਤ ਸਕਲ ਮਿਟ ਜਾਹਿ ਕਲੇਸ਼ੇ। ਹਿਰਦੇ ਮਹਿੰ ਤਹ ਬਚ ਧਸ ਜਾਵਹਿੰ ਸੰਤ ਮੰਡਲੀ ਮਾਂਹਿ ਸਲਾਵਹਿੰ ।ਅਤਿ ਦੁਰਲਭ ਜੁ ਜਗਤ ਕਹੀਤਾ। ਸੁ ਸੰਤ ਮੰਡਲੀ ਹੈ ਸੁਨ ਮੀਤਾ ॥ ੧੫੨ ॥

॥ ਦੋਹਰਾ ॥

ਜਿਨ ਕੋ ਚਿਤ ਕਠੋਰ ਹੈਂ, ਤੇ ਊਹਾਂ ਭੀ ਰਹਹਿੰ ਕਠੋਰ।
ਮੰਦ ਭਾਗੀ ਤੇ ਜਾਨੀਅਹਿੰ, ਤਿਨ ਤੇ ਸੱਠ ਨਹੀਂ ਔਰ।

॥ ਚੌਪਈ ॥ ਤਿਹ ਅਹਾਰ ਸੰਤ ਮੰਡਲੀ ਨਾਹੀ । ਊਹਾਂ ਜਾਇ ਉਦਾਸ ਰਹਾਈਂ। ਕੂੜ ਕੁਸੱਤ ਅਰ ਤਾਤ ਪਰਾਈ । ਉਨ ਅਹਾਰ ਏਹੁ ਹੈ ਭਾਈ। ਹੰਸ ਸਭਾ ਮਹਿੰ ਕਾਗਾ ਜਾਵੈ। ਉਨ ਸਿਉਂ ਕਛ ਓਹ ਨਾਹਿ ਲਿਆਵੈ। ਜਹ ਬਿਸ਼ਟਾ ਕਹੂੰ ਦ੍ਰਿਸਤ ਕਾਗਾ। ਚਿਹਲ ਬਿਹਲ ਉਨ ਊਹਾਂ ਭਾਗਾ। ਰਾਜ ਗ੍ਰੇਹ ਮੈ ਮਕਰੀ ਜਾਵੈ। ਉਨ ਸਿਉਂ ਉਹ ਕਛ ਫਲ ਨਹੀ ਪਾਵੈ ॥ ੧੫੩ ॥

॥ ਦੋਹਰਾ ॥

ਨਾਨਾ ਭੋਗ ਜੋ ਅਮਿਤ ਸੁਖ, ਧਰੇ ਰਾਜ ਕੇ ਧਾਮ।
ਮਕਰੀ ਕਾਮ ਨ ਤਾਸ ਸਿਉਂ, ਰਹੇ ਤਾਹਿ ਬਿ ਅਕਾਮ।

॥ ਚੌਪਈ ॥ ਜਬਹਿੰ ਆਕ ਕਉਂ ਪਾਵੈ ਮਕਰੀ । ਅਤਿ ਪ੍ਰਿਆ ਮਾਨ ਤਾਹਿੰ ਓਹ ਜਕਰੀ। ਭੋਗ ਸੁਖ ਉਨ ਭਏ ਅਪਾਰਾ। ਉਨ ਕਾ ਸੁਖ ਓਹ ਜਾਨਤ ਯਾਰਾ। ਤੈਸੇ ਸੰਤ ਮੰਡਲੀ ਭਾਈ। ਸਾਕਤ ਉਨ ਕਉਂ ਦੇਖ ਖਿਝਾਈ। ਉਨ ਸੁਆਦ ਉਨ ਸਿਉਂ ਨਹੀ ਆਵੈ। ਸਾਕਤ ਸੁਆਦ ਅਉਰ ਹਿਚ ਭਾਵੈ। ਸਾਕਤ ਹਾਥ ਭਿ ਕਛ ਨਹੀ ਭਾਈ। ਪ੍ਰੇਰਕ ਪ੍ਰੇਰੈ ਤਿਵੈਂ ਕਰਾਈ ॥ ੧੫੪ ॥

॥ ਦੋਹਰਾ ॥

ਅੰਧਲਾ ਜਉਂ ਨਹ ਦਿਸ ਸਕੈ, ਤਉਂ ਕਿਆ ਕਰੈ ਓਹ ਮੀਤ।
ਉਨ ਕਉਂ ਦੋਸ ਨ ਕਛੂ ਹੈ, ਜਨਮ ਅੰਧ ਪ੍ਰਭ ਕੀਤ।

ਚੌਪਈ ॥ ਸਕਲ ਸ੍ਰਿਸਟ ਕੇ ਪ੍ਰੇਰਕ ਪ੍ਰਭੂ। ਕੌਤਕ ਦੇਖਤ ਹੋ ਤੁਮ ਸਭੂ। ਇਕ ਅਸੰਤ ਇਕ ਸੰਤ ਬਨਾਇ, ਇਕ ਉਲਝ ਇਕ ਮਾਰਗ ਪਾਏ । ਇਕ ਬਿਛੋਰੇ ਇਕਨਾ ਮੇਲੇ। ਅਦਭੁਤ ਰੰਗ ਬਨਾਇ ਪ੍ਰਭ ਖੇਲੇ। ਸੰਤਨ ਖੇਲ ਉਨਖਰੀ ਪਿਆਰੀ। ਅਉਰ ਖੇਲ ਸੰਤ ਕਾਰਨ ਧਾਰੀ। ਨਿਸ ਦਿਨ ਰਹੈ ਸੰਤ ਰੰਗ ਰਾਤਾ। ਪ੍ਰਭੂ ਸੁਖ ਸੰਤ, ਸੰਤਨ ਪ੍ਰਭ ਜਾਤਾ। ੧੫੫।

॥ ਦੋਹਰਾ ॥

ਰੋਮ ਰੋਮ ਸੰਤਨ ਧਸਿਓ, ਅੰਗ ਅੰਗ ਤਿੰਨ ਆਹਿੰ।
ਖੇਲੇ ਖੇਲ ਨਿਰੰਤਰੀ, ਸੰਤ ਪ੍ਰਭੂ ਪਟ ਨਾਹਿ।

॥ ਚੌਪਈ ॥ ਸੰਤ ਰੂਪ ਅਪਨਾ ਤਨ ਧਾਰਿਆ । ਸੰਤਨ ਜਿਹਵਾ ਆਪ ਉਚਾਰਿਆ। ਸੰਤਨ ਕਰ, ਕਰਤਾਰ। ਬਸੇਰਾ ਸੰਤ ਨ ਪਾਂਵ ਪ੍ਰਮੇਸ਼ਰ ਡੇਰਾ। ਸੰਤਨ ਆਂਖ ਅਡੋਲ ਦ੍ਰਸਾਵੈ। ਸੰਤ ਕਾਜ ਕਰਤਾ ਸੁਨ ਜਾਵੈ। ਸੰਤ ਨਾਸ ਨਰਹਰ ਗੰਧ ਲੇਵੈ। ਸੰਤ ਸਪਰਸ ਸੋਈ ਚਿਤ ਦੇਵੈ। ਸੰਤ ਜੀਭ ਜਗਦੀਸ਼ ਬਸੇ । ਲੇਵੇ ਸੁਵਾਦ ਆਪ ਸਭ ਰਸੇ। ੧੫੬।

। ਦੋਹਰਾ ।

ਸੰਤਨ ਰਿਦਾ ਸੁ ਰਾਮ ਰਿਦ, ਸੰਤਨ ਕਰਮ ਕ੍ਰਿਪਾਲ।
ਸੰਤਨ ਚਾਲ ਚਲਿਤ੍ਰੀ, ਸੰਤ ਭਾਲ ਭਉਟਾਲ ।

ਚੌਪਈ ॥ ਜੋ ਸੰਤਨ ਕੋ ਆਦ੍ਰ ਕਰੇ। ਸੋ ਨਿਹ ਚਉ ਪ੍ਰਭ ਕਉਂ ਰਿਦ ਧਰੇ। ਜੋ ਸੰਤਨ ਕੋ ਹੋਵਤ ਦਾਸ, ਸੋ ਭਇਓ ਦਾਸ ਠਾਕਰ ਅਬਿਨਾਸ ॥ ਜਿਨ ਸੰਤਨ ਝੂਲਾਇਓ ਪਾਖਾ। ਮਾਨੋ ਤਿਨ ਪ੍ਰਭ ਕੋ ਹਿਤ ਰਾਖਾ। ਜਿਨ ਸੰਤਨ ਪੀਵਾਇਓ ਪਾਣੀ। ਮਾਨੋ

Digitized by Panjab Digital Library | www.panjabdigilib.org

ਅਚਿਵਿਓ ਪ੍ਰਭ ਨਿਰ ਬਾਣੀ। ਜਿਨ ਸੰਤਨ ਕਉਂ ਜੀਉ ਬਖਾਨੀ। ਮਾਨੋ ਤਿਨ ਕਹੀ ਸਾਰਿੰਗ ਪਾਣੀ। ੧੫੭।

॥ ਦੋਹਰਾ ॥

ਸੰਤ ਭਾਇ ਪ੍ਰਭ ਪਾਇਆ, ਸੰਤ ਨਿਖੇਧ ਨਿਖੇਧ।
ਜਿਉਂ ਜੰਤੀ ਵਸ ਜੰਤ ਹੈ, ਤਿਉਂ ਜਨ ਪ੍ਰਭ ਚਿਤ ਬੇਧਿ।

ਚੌਪਈ ॥ਸੰਤ ਨਾਮ ਕਿਸਕਾ ਹੈ ਭਾਈ, ਜਿਨ ਯੇਹ ਭੇਟ ਭਗਵੰਤ ਚੜ੍ਹਾਈ। ਤਨ ਮਨ ਧਨ ਹਰਿ ਅਰਥਿ ਲਗਾਇਆ। ਅਪਨਾ ਆਪ ਸਕਲ ਬਿਸਰਾਇਆ। ਜੀਅ ਪਦ ਖੋਇ ਬ੍ਰਹਮ ਪਦਗਹਾ। ਆਂਨ ਬਾਂਨ ਸਕਲੀ ਕਉਂ ਦਹਾ।ਜੀਅ ਪੱਦ ਏਹ ਸੁਨ ਲੈ ਮੀਤਾ ਖੋਲੁ ਸੁਨਾਵਹੁ ਸਮਝਉ ਚੀਤਾ, ਸੁੱਖ ਦੁਖ ਅਰ ਉਸਤਤ ਨਿੰਦਾ। ਮਾਨ ਅਪਮਾਨ ਅਉ ਆਨੰਦ ਚਿੰਦ। ੧੫੮।

॥ ਦੋਹਰਾ ॥

ਸੰਪਤ ਬਿਪਤ ਅਨੇਕਤਾ, ਜੀਅ ਕਉਂ ਭਾਸੈ ਚਿਤ।
ਇਨ ਤੇ ਪਰੇ ਜੋ ਦੇਖੀਐ, ਨਾਮ ਸੰਤ ਤਿਹ ਮਿਤ।

ਚੌਪਈ। ਸ਼ਾਤ ਸਹਜ ਅਰ ਗਿਆਨ ਅਪਾਰ। ਨਿਹ ਦੰਭੀ ਨਿਹ ਕਾਮ ਬਿਚਾਰ, ਬਿਨਾ ਲੋਭ,ਆਤਮ ਰਸ ਛੱਕੇ। ਬਿਨ ਬਿਚਾਰ ਕਹੀਂ ਬੋਲ ਨ ਤੱਕੇ। ਜਗ ਸਿਉਂ ਕਾਮ ਨ ਤਾਂਕਾ ਰਾਈ, ਦੇਨ ਕਰਹਿੰ ਲੇਵਤ,ਨਹੀ ਭਾਈ। ਬ੍ਰਹਮ ਅਨੰਦ ਬਾਗ ਮਹਿੰ ਬਸਤੇ। ਸਦਾ ਪ੍ਰਫੁਲਤ ਕਬਹੂੰ ਨਹੀ ਖਸਤੇ। ਮ੍ਰਿਤ ਅਮ੍ਰਿਤ ਤਿਨ ਏਕਾ ਭਈ, ਹਰਿ ਅਨੰਦ ਅਨੰਦਤ ਮਈ। ੧੫੯।

॥ ਦੋਹਰਾ ॥

ਏਹ ਲਛਨ ਹੈ ਜਾਸ ਮਹਿੰ, ਤਾਸ ਨਾਮ ਹੈ ਸੰਤ।
ਤਿਹ ਜਨ ਹਰਿ ਅੰਤਰ ਨਹੀ,ਕਹਿਓ ਬਿਚਾਰ ਬ੍ਰਿਤੰਤ।
੧੬੦॥ਚੌਪਈ ॥ ਅਉਰ ਬਾਤ ਸਨ ਹਰਿ ਜਨ ਭਾਈ। ਦਰਸ਼ਨ

Digitized by Panjab Digital Library | www.panjabdigilib.org

ਸੰਤ ਜਨ ਬਹੁਤੇ ਜਾਈ, ਐਸਾ ਇਕ ਜਨ ਦਰਸ਼ਨ ਆਇਆ। ਪੰਜ ਸੈ ਕੋਸ ਪਰ ਘਰ ਤਿਹ ਥਾਇਆ। ਕੁਛ ਦਿਨ ਰਹਿਆ ਹਰਿ ਜਨ ਪਾਸਾ। ਫਿਰ ਜਨ ਚਲਿਆ ਘਰ ਜਿਹ ਆਸਾ। ਜਬ ਓਹ ਵਿਦਾ ਹੋਵਨੇ ਲਾਗਾ। ਥਾਲੀ ਕੀਨੀ ਭੇਟ ਸਭਾਗਾ।੧੬੦

॥ ਦੋਹਰਾ ॥

ਏਹ ਬਾਤ ਹਰਿ ਜਨ ਮਨੀ, ਥਾਲੀ ਰਾਖੀ ਪਾਸ॥
ਭਾਉ ਮਾਨ ਤੇ ਸੰਤ ਜਨ, ਕਛ ਮਾਇਆ ਕੀ ਨਹੀਂ ਆਸ।

॥ ਚੋਪਈ ॥

ਨਗਰ ਮਾਹਿ ਤਹ ਰੂੰਈ ਲੀਨੀ। ਹਰਿ ਜਨ ਕਿਸੀ ਜੱਨ ਕਹ ਦੀਨੀ। ਸੰਤ ਬੁਲਾਇ ਕਹਿਓ ਤਿਹ ਭਾਈ। ਏਹ ਥਾਲੀ ਮੈ ਲੇਵਉਂ ਨਾਹੀ। ਫਿਰ ਜਨ ਕਹਿਆ ਕਿਹ ਕਾਰਨ ਸੰਤ। ਥਾਲੀ ਲੇਵਤ ਨਹੀ ਮਹੰਤ। ਸੰਤ ਕਹਿਆ ਤ੍ਰਿਸ਼ਨਾ ਤੁਮ ਭਾਲੀ। ਇਤ ਕਰ ਮੈ ਨਹੀ ਲੇਵਉ ਥਾਲੀ। ਪੰਜ ਸੈ ਕੋਸ ਪਰ ਘਰ ਤੁਮ ਆਹੀ। ਈਹਾਂ ਸਿਉਂ ਤੁਮ ਪੋਟ ਉਠਾਈ। ਪ੍ਰਿਥਮੇ ਤਉਂ ਇਨ ਮਹਿ ਦੁਖ ਏਹੁ। ਪੋਟ ਦੁੱਖ ਭਾਰੀ ਚੁੱਕ ਲੇਹੁ ॥ ੧੬੧ ॥

॥ ਦੋਹਰਾ ॥

ਦੂਜਾ ਦੁਖ ਤੁਮ ਏਹ ਸੁਨ, ਬਾਟ ਜਗਾਤੀ ਢੇਰ।
ਪੰਜ ਸੈ ਕੋਸ ਤੁਮ ਜਾਵਨਾ, ਹਰਿ ਇਕ ਤੁਮ ਸੰਗ ਝੇਰ।

ਚੌਪਈ॥ ਜਗਾਤੀ ਲੇਇ ਤੁਮ ਦੀਆ ਸੋਈ। ਤਬ ਤੁਮ ਕਉਂ ਕਛ ਲਾਭ ਨਾ ਹੋਈ। ਜਗਾਤੀ ਸ਼ਿਉਂ ਤੁਮ ਝੇੜਾ ਕੀਆ। ਏਹ ਬਿਖਾਦ ਖੜਾ ਹੈ ਕੀਆ। ਤੀਜਾ ਦੁਖ ਇਨ ਮਹਿ ਏਹੁ ਥੱਈ। ਰੂੰਈ ਤੁਮ ਘਰ ਕਾਰਨ ਲਈ। ਘਰ ਹੀਂ ਮਹਿੰ ਤੁਮ ਲੇ ਪਹੁ ਚਾਵੈ। ਇਤ ਉਤ ਜਾਨ ਕਹੂੰ ਨਹਿੰ ਭਾਵੈ। ਜਉਂ ਕਹੂੰ ਸੁਨਹੁ ਸ਼ੁਭ ਸਤਿ ਸੰਗ। ਉਨ ਮਹਿੰ ਭੀ ਇਹ ਪਾਵਹਿ ਭੰਗ॥ ੧੬੨ ॥

Digitized by Panjab Digital Library | www.panjabdigilib.org

॥ ਦੋਹਰਾ ॥

ਚਉਥਾ ਦੁਖ ਸੁਨ ਮੀਤ ਜਨ, ਹੂਈ ਮਹਿ ਜੋ ਹੋਇ।
ਪ੍ਰਦੇਸ ਮਾਹਿ ਸਾਂਭਨ ਕਠਨ, ਮਜਲ ਮਜਲ ਦੁਖ ਸੋਇ।

ਚੌਪਈ॥ ਪੰਚਮ ਦੁਖ ਸੁਨ ਏਹੁ ਪਿਆਰੇ। ਰਿਦ ਮਹਿ ਤੁਮਹਿੰ ਚੋਰ ਭਉ ਮਾਰੇ। ਜੇ ਕੋਊ ਬਾਟ ਦਿਸ ਆਵੈ ਭਾਈ। ਰਿਦ ਮਹਿੰ ਮਨਹੁ ਚੋਰ ਦ੍ਰਿਸ਼ਾਈ। ਜਉ ਓਹ ਆਛਾ ਹੋਵੈ ਜਨਾ ਤਉਂ ਭੀ ਚੋਰ ਤੁਮ ਮਾਨੈ ਮਨਾ॥ ਬ੍ਰਹਮ ਭਾਵਨਾ ਰਿਦੇ ਨ ਆਨਹੁੰ। ਸਕਲ ਜਨਾ ਕਉਂ ਚੋਰ ਪਛਾਨਹੁੰ। ਸਾਥ ਅਨੇਕ ਢੂੰਢ ਨੇ ਪਰ ਹਹਿੰ। ਬਿਨਾ ਸਾਥ ਪਗ ਪੰਥ ਨਾ ਧਰ ਹਹਿੰ॥ ੧੬੩ ॥

॥ ਦੋਹਰਾ ॥

ਐਸੀ ਕਿਰਤ ਜੁ ਦੁਖ ਕੀ, ਤੁਮਹਿੰ ਬਿਹਾਝੀ ਮੀਤ।
ਏਤਾ ਦੁਖ ਸੋਈ ਸਹੈ, ਜਉਂ ਤ੍ਰਿਸ਼ਨਾ ਹੋਵੈ ਚੀਤ।

ਚੌਪਈ॥ ਤ੍ਰਿਸ਼ਨਾ ਹੀਂ ਸਨ੍ਹੀ ਦਿਲ ਵਾਵੈ। ਓੜਕ ਉਨ ਕਉਂ ਨਾਸ ਕਰਾਵੈ। ਤ੍ਰਿਸ਼ਨਾ ਲੇ ਜਾਂਵਹਿ ਨਰ ਧਾੜੇ। ਊਹਾਂ ਜਾਵਹਿ ਓਹ ਚਿਥਾੜੇ। ਤ੍ਰਿਸ਼ਨਾ ਪਾਵਹਿ ਲੇ ਜਹਾਜਹਿੰ। ਘਰ ਸੁਖ ਛਾਡ ਪ੍ਰਦੇਸ ਬਿਰਾਜਹਿੰ। ਜਲ ਅਗਾਧ ਲਹਰੀ ਉਮ ਗਾਵਹਿੰ। ਤ੍ਰਿਸਨਾ ਐਸੇ ਖਿਆਲ ਦਿਖਾਵਹਿੰ। ਘਾਟੇ ਬਨ ਅਰ ਕਾਲੇ ਸੈਲਾ। ਧੂੰ ਧੂੰ ਕਾਰ ਘੋਰ ਬਨ ਬੇਲਾ॥ ੧੬੪ ॥

॥ ਦੋਹਰਾ ॥

ਸਿੰਘ ਰਾਕਸ਼ਾ ਭਉ ਜਹਾਂ, ਤ੍ਰਿਖਾ ਭੂਖ ਭਉ ਜਾਹਿ।
ਤਹ ਤ੍ਰਿਸ਼ਨਾ ਲੇ ਜਾਵਹੀ, ਅਵਰ ਨਾ ਲਿਆਵਹਿ ਤਾਹਿ।

ਚੌਪਈ॥ ਦੁਖੀ ਕਿਰਤ ਤ੍ਰਿਸ਼ਨਾ ਕਰਵਾਵੇ। ਗੁਰਮੁਖ ਇਨ ਕੈ ਨਿਕਟ ਨ ਆਵੈ। ਪ੍ਰਿਥਮੇ ਗੁਰਮੁਖ ਧਰੇ ਭਰੋਸਾ। ਤਨਹਿ ਖਵਾਇ ਬਿਸਵਾਸ ਕੋ ਤੋਸ਼ਾ। ਗੁਰਮੁਖ ਜਉਂ ਕਛ ਕਿਰਤ ਭਿ

ਕਰੇ। ਐਸੀ ਹੀਂ ਤਬ ਲੇ ਉਰ ਧਰੇ। ਸਹਜ ਸੁਭਾਇ ਅਪਨੇ ਘਰ ਮਾਂਹੀ। ਉਦਰ ਪੂਰਨਾ ਅਉਰ ਨ ਚਾਹੀ, ਲੇਨ ਦੇਨ ਗੁਰਮੁਖ ਸਿਉ ਪਰੇ। ਆਜ ਕੀ ਆਜ ਕਲੂ ਕੀ ਕਲੂ ਧਰੇ। ੧੬੫।

॥ ਦੋਹਰਾ ॥

ਗੁਰਮੁਖ ਮ੍ਰਿਤ ਕੋ ਬਹੁਤ ਭੈ, ਇਤ ਕਰ ਤ੍ਰਿਸ਼ਨ ਨ ਤਾਂਹਿ।
ਜਬ ਤਕ ਜੀਵਤ ਤਨ ਦ੍ਰਸੈ, ਤਬ ਤਕ ਕਰੇ ਨਿਰ ਬਾਹਿ।

॥ ਚੌਪਈ ॥ ਸੁ ਤੁਮ ਰੂਈ ਲਈ ਜੁ ਮੀਤਾ। ਗੁਰਮੁਖ ਕਿਰਤ ਨ ਦੇਖੀ ਰੀਤਾ। ਇਤ ਕਰ ਤੁਮਰੀ ਲੇਉਂ ਨ ਥਾਲੀ। ਤੁਮ ਰਿਦ ਮੋਹਿ ਤ੍ਰਿਸ਼ਨ ਹੈ ਭਾਲੀ। ਤਬ ਜਨ ਰੂਈ ਕਉ ਸੁਟ ਪਾਇਆ, ਬਚਨ ਪ੍ਰਤਾਪ ਰਿਦੇ ਮਹਿੰ ਆਇਆ। ਹੋ ਪ੍ਰਸੰਨ ਤਿਨ ਲੀਨੀ ਥਾਲੀ। ਜਨ ਕੋ ਕੀਨੋ ਵਿਦਾ ਦਿਆਲੀ।੧੯ ਅਉਰ ਬਾਤ ਸੁਨ ਸੰਤਨ ਮੀਤਾ। ਬਰਨ ਸੁਨਾਵਉਂ ਹਰਿ ਜਨ ਗੀਤਾ। ੧੬੬।

॥ ਦੋਹਰਾ ॥

ਜੋ ਜਨ ਆਵੈ ਦਰਸ ਸੰਤ, ਤਾਂਕਉਂ ਲਏਂ ਪਛਾਨ।
ਮਾਥਾ ਤਾਂਕਾ ਦੇਖੰ ਕੈ, ਹਿਰਦਾ ਦੇਹਿੰ ਬਖਾਨ।

॥ ਚੌਪਈ ॥ ਮਾਥਾ ਦੇਖ ਸਭ ਵਿਧ ਕਹਿ ਦੇਵੈਂ। ਜੋ ਕਛ ਜਨਕਾ ਹਿਰਦਾ ਹੋਵੈ,ਜਿਉਂ ਕਾ ਤਿਉਂ ਹੋਵੈ ਓਹ ਪੂਰਾ। ਜਿਉਂ ਕਰ ਕਹੈ ਸੰਤ ਸੋ ਬਾਰਾ। ਪ੍ਰੀਤਿ ਵਾਨ,ਕੀ ਪ੍ਰੀਤਾ ਪਰਖੇਂ। ਜਬ ਮਾਥਾ ਜਨ ਹਰਿ ਜਨ ਨਿਰਖੇ। ਰਜ,ਤਮ,ਸਤ ਜੋ ਕਛ ਜਨ ਹੋਈ ਕਹਿ ਦੇਵੈਂ ਹਰਿ ਜਨ ਤਿਸ਼ ਸੋਈ।ਤਾਕੀ ਆਦਿ ਅੰਤ ਕਉਂ ਜਾਨੈ। ਜਨ ਸੁਭਾਵ ਸਭ ਦਿਖ ਪਹਿਚਾਨੈ। ੧੬੭।

॥ ਦੋਹਰਾ ॥

ਜਨ ਪ੍ਰਕਿਰਤ ਕਉਂ ਦਰਸਕੈ,ਹਰਿ ਜਨ ਕਹੈਂ ਬਖਾਨ।
ਇਨ ਪਰ ਫਲ ਏਹ ਲਾਗਨਾ,ਤਿਹ ਫਲੁ ਲਏ ਪਛਾਨ।

Digitized by Panjab Digital Library | www.panjabdigilib.org

। ਚੌਪਈ ॥ ਇਕ ਜਨ ਕਛ ਛੋਡਿਓ ਘਰ ਬਾਰਾ। ਤਿਆਗ ਦਿਖਾਇਓ ਸਭ ਸੰਸਾਰਾ। ਬਸਿਆ ਆਇ ਸਾਧਨ ਕੇ ਮਾਹੀਂ। ਇਤ ਉਤ ਕਉਂ ਜਾਵੈ ਕਹੂੰ ਨਾਹੀ। ਜਪੁ ਤਪੁ ਕਰ ਦੁਰਬਲ ਹੋਇ ਗਇਆ। ਭੇਖ ਜਗਿਆਸੀ ਕੋ ਤਿਨ ਲਇਆ, ਗਾਵੈ ਪੜ੍ਹੈ ਅਰ ਸੁਨੈ ਸੁਨਾਵੈ। ਰੈਨ ਨ ਸੋਵੈ ਨੈਨ ਤ੍ਰਿਪਾਵੈ ।ਨਿਹਚਉ ਸਰਬ ਜਗਿਆਸੀ ਜਾਨਤ। ਤਿਹ ਕੋ ਖੋਟ ਨ ਕੋਊ ਪਛਾਨਤ।੧੬੮।

॥ ਦੋਹਰਾ ॥

ਤਿਹ ਮਨ ਖੋਟ ਸੁਭਾਉ ਰਜ, ਕਹੂੰ ਨ ਲਖਿਆ ਚੀਤ।
ਜਗਤ ਦਿਖਾਵੈ ਸ਼ਾਂਤ ਕੀ, ਅੰਤ ਰਜੁ ਆਨੀਤਿ।

॥ ਚੌਪਈ ॥ ਜਗਤ ਸਕਲ ਜਗਿਆਸੀ ਭਾਖੇ । ਬਾਹਰੋ ਦੇਖ ਸਕਲ ਜਗ ਆਖੇ। ਸੁਤੇ ਸਿਧ ਹਰਿ ਦਰਸ਼ਨ ਆਇਆ, ਦੇਖਾ ਦੇਖੀ ਭੇਖ ਬਨਾਇਆ। ਸਾਤ ਬਰਖ ਸਾਧਨ ਸੰਗ ਕੀਨਾ। ਆਇਓ ਦਰਸ਼ਨ ਸੰਤ ਪ੍ਰਬੀਨਾ। ਤਿਨ ਕਉਂ ਦੇਖ ਸੰਤ ਇਉਂ ਕਹਾ। ਇਨ ਲਛਨ ਜਗਿਆਸ ਨਾ ਗਾਹ। ਇਨ ਕਉਂ ਜਗ ਕਹਤਾ ਜਗਿਆਸੀ। ਹਮ ਕਉਂ ਅਉਰ ਭਾਸ ਹੈ ਭਾਸੀ। ਜੋ ਕਛ ਕਰੇ ਮਾਨ ਕਉਂ ਕਰੇ।ਭਗਵੰਤ ਪ੍ਰੀਤ ਨਹੀ ਇਨ ਉਰੇ। ਇਨ ਸੁਭਾਉ ਰਾਜਸੀ ਭਾਈ। ਕਾਮ ਫਾਸਨਾ ਫਾਸੈ ਭਾਈ। ੧੬੯।

॥ ਦੋਹਰਾ ॥

ਬਨਿਤਾ ਫਾਂਸੀ ਪਰੈਗੋ, ਹੋਇਗੋ ਪੰਚ ਪ੍ਰਧਾਨ।
ਪ੍ਰਭੂ ਪ੍ਰੀਤ ਇਨ ਭੇਖ ਹੈ, ਅੰਗਲੀ ਚੰਚਲ ਮਾਨ।

॥ ਚੌਪਈ ॥ ਸੰਤ ਕਹਿਆ ਤਿਉਂ ਹੀ ਹੋਇ ਪਰਾ। ਰਜ ਸੁਭਾਉ ਪ੍ਰੇਰਿਆ ਓਹ ਨਰਾ। ਸੰਤਨ ਸੰਗ ਉਨ ਭੇਖ ਜੁ ਲਇਆ। ਤਿਨਕਾ ਮੁਸ਼ਕ ਨ ਤਿਨ ਕਛ ਰਹਿਆ। ਬਨਿਤਾ ਫਾਸੀ ਲੇ ਗਰ ਪਾਈ। ਬੇਟੀ ਬੇਟਾ ਬਹੁ ਉਪਜਾਈ। ਜੋ ਅੰਤ੍ਰ ਸੋ ਬਾਹਰ

ਭਇਆ। ਭੇਖ ਮੁਲੰਮਾ ਕਛੂ ਨ ਰਹਿਆ। ਅੰਤ੍ਰ ਰਜੁ ਬਾਹਰ ਭੀ ਰੱਜ। ਰਜ ਤਮ ਫਲ ਲੇ ਸਾਜੇ ਸੱਜ। ੧੭੦।

ਚੰਚਲ ਮਨ ਕੋ ਕਾਮ ਫਲ, ਕਾਮ ਫਲ ਦੁਖ ਖਾਨ।
ਹਿੰਸਾ ਤ੍ਰਿਸ਼ਨਾ ਲੋਭ ਕੋ, ਫਲ ਚਉਰਾਸੀ ਮਾਨ।

॥ਚੌਪਈ॥ ਜਉਂ ਲਉਂ ਰਜ ਸੁਭਾਵ ਰਿਦ ਅੰਤ੍ਰ। ਚਹੈ ਬਡਾਈ ਮਾਨ ਨਿਰੰਤਰ। ਮਾਨ ਬਡਾਈ ਕਾਰਨ ਭਾਈ। ਕਰ ਸ਼ੁਭ ਕਰਮ ਜਗਤ ਦਿਖ ਰਾਈ। ਸ਼ੁਭ ਕਰਮ ਤਿਨ ਭਇਓ ਮੁਲੰਮਾ। ਅਸਲੀ ਮਨ ਮਹਿੰ ਮਾਨ ਮਹਿੰਮਾ। ਓੜਕ ਹੋਵੈ ਅਸਲੀ ਅਸਲੀ। ਭੇਖ ਮੁਲੰਮਾ ਜਾਵੈ ਘਸਲੀ। ਸਾਧਨ ਸੰਗ ਭੇਖ ਤਿਨ ਕੀਆ। ਓੜਕ ਜਾਇ ਅਸਲ ਸੋ ਥੀਆ। ੧੭੧॥

॥ ਦੋਹਰਾ ॥

ਬਾਂਸਿ ਬਡਾਈ ਬੂਡਿਓ, ਇਉਂ ਮਤ ਡੂਬਹੁ ਕੋਇ।
ਚੰਦਨਕੈ ਨਿਕਟੈ ਬਸੈ, ਬਾਂਸ ਸੁਗੰਧਿ ਨ ਹੋਇ।

॥ ਚੌਪਈ ॥ ਬਾਂਸ ਸੁਗੰਧ ਕਿਹ ਕਾਜ ਨ ਹੋਈ। ਤੀਨ ਬ੍ਰਿਥਾ ਤਿਹ ਮਾਹਿੰ ਸਮੋਈ।ਨਿਕਟ ਬਸੈ ਬਾਂਸੋ ਹੀਂ ਰਹੈ। ਤ੍ਰਿਹੁੰ ਕਰ ਸੁਣ ਲੇਵਹੁ ਮੁਹਿ ਕਹੇ। ਪ੍ਰਿਥਮੇ ਤੈਂ ਉਨ ਮਹ ਵਲ ਭਾਈ। ਦੁਤੀਆ ਪੋਲ ਅੰਤ੍ਰਾ ਤਾਹੀ। ਤ੍ਰਿਤੀ ਆਪ ਕਉਂ ਊਚ ਕਹਾਵੈ। ਇਤ ਕਰ ਚੰਦਨ ਪਰਸ ਨ ਪਾਵੈ। ਸੰਤਨ ਸੰਗ ਜੁਰੇ ਰਹੇ ਖਾਲੀ। ਤਾਂਕੀ ਸੁਨਹੁ ਬਾਂਸ ਕੀ ਚਾਲੀ। ੧੭੨।

॥ ਦੋਹਰਾ ॥

ਬਾਂਵਨ ਰੂਪੀ ਸੰਤ ਹੈਂ, ਮਮ ਬੁਧ ਬਾਂਸ ਸਰੂਪ
ਤੀਨ ਬ੍ਰਿਥਾ ਜਹ ਬਾਂਸ ਮਹਿੰ, ਤਿਨ ਮਹ ਭੀ ਤ੍ਰੈ ਰੂਪ।

॥ ਚੌਪਈ ॥ ਬਾਂਸ ਵਲ ਸ਼ੇ ਜਨ ਮਹਿੰ ਵੱਲ। ਕਹੈ ਨ ਸੰਤਨ ਹਿਰਦੇ ਗਲ, ਮਨ ਮਹਿੰ ਹੋਰ ਮੁਖ ਹੋਰ ਸੁਨਾਵੈ। ਜਿਵਿ

Digitized by Panjab Digital Library | www.panjabdigilib.org

ਕਿਵਿ ਆਪਨ ਸਚਾ ਕਹਾਵੈ। ਪੋਲਾ ਬਾਂਸ ਸਿ ਜਨ ਕਿਆ ਪੋਲਾ।
ਪ੍ਰਭ ਕੀ ਪ੍ਰੀਤ ਨ ਹਿਰਦੇ ਵੋਲਾ। ਬਿਨਾ ਸ਼ਰਧ ਰਹੈ ਜਨ ਕੇ
ਪਾਸ। ਇਤ ਕਰਿ ਪਰਸਨ ਲਾਗੇ ਤਾਸ। ਊਚਾ ਬਾਂਸ ਸੁ ਜਨ
ਕਿਆ ਊਚਾ। ਆਪ ਕਉ ਮਾਨ ਸੰਤਨ ਸਿਉਂ ਮੂਚਾ। ੧੭੩।

॥ ਦੋਹਰਾ ॥

ਸੰਤਨ ਸਿਉ ਗਿਲਾ ਧਰੈ,ਅਪੁਸ਼ਟ ਬੁਧ ਸਿਉਂ ਦੇਖ।
ਨੀਕਾ ਮਾਨੇ ਆਪ ਕਉਂ, ਹਰਿ ਜਨ ਕਉ ਘਟ ਪੇਖ।

॥ ਚੌਪਈ ॥ ਇਤ ਕਰ ਸੰਤ ਸਿਉਂ ਪਰਸ ਨ ਪਾਵੈ,
ਮਮਤਾ ਬੁਧੀ ਜੁ ਨਿਕਟ ਬਸਾਵੇ। ਸੰਤਨ ਸੰਗ ਲਾਭ ਸੋ ਲੇਵੈ,
ਜੋ ਇਨ ਤ੍ਰਿਹੁ ਤਜ ਸੰਤਨ ਸੇਵੈ। ਕੱਪਟ ਪ੍ਰੀਤ ਬਡਾਈ ਭਾਈ।
ਇਨ ਤਜ ਸੰਤ ਸੰਗ ਬਸ ਜਾਈ॥ ਸੋ ਸੰਤਨ ਮਿਲ ਸੰਤ ਸੋ ਹੋਵੈ।
ਜੋ ਰਿਦ ਸਾਫ ਪ੍ਰੀਤ ਮਨ ਭੋਵੈ, ਸਦਾ ਰਹੇ ਸੰਤਨ ਆਧੀਨਾ, ਮਨ
ਬਚ ਕਰਮ ਰਿਦ ਮਾਨੈ ਦੀਨਾ। ੧੭੪। ॥ ਦੋਹਰਾ ॥

ਸ਼ਰਧਾ ਸਹਿਤ ਜੁ ਸੰਗ ਬਸੈ, ਹਰਿ ਜਨ ਕੇਰੇ ਮੀਤ।
ਤੇ ਭੀ ਹਰਿਜਨ ਹੋਵਹੀਂ, ਸਤਿ ਕਰ ਮਾਨੋ ਚੀਤ।੨੦।

॥ ਚੌਪਈ ॥ ਅਵਰ ਬਾਤ ਹਰਿ ਜਨ ਕੀ ਭਾਈ। ਸੁਨ
ਲੇਵਹੁ ਹਿਰਦਾ ਠਹਰਾਈ, ਰਹਿਤ ਗਿਆਨੀ ਸੁਨਹੋ ਮੀਤਾ।
ਅਦ ਭੁਤ ਬਾਹਰ ਜਨ ਕੋ ਚੀਤਾ। ਗੁਰਮੁਖ ਜਨ ਹੋਵੈ ਜਉਂ ਕੋਈ,
ਜਉਂ ਕਰ ਲਛਨ ਥੋਰਾ ਹੋਈ, ਗਾਇ ਨ ਜਾਨੈ ਜਉਂ ਸੁਨਿ ਜਾਨੈ,
ਸੁਨ ਨ ਜਾਨੈ ਜੋ ਗਾਵਨ ਠਾਨੈ। ਕੈ ਕੋਊ ਪ੍ਰੀਤ ਪ੍ਰਭ ਥੋਰੀ ਹੋਵੈ,
ਕਛ ਜਾਗਤ ਰਹੈ ਨੀਂਦ ਨ ਸੋਵੈ। ੧੭੫।

॥ ਦੋਹਰਾ ॥

ਥੋਰੀ ਲਛ ਗੁਰ ਮੱਤ ਕੀ, ਜਿਸ ਮਹਿੰ ਦੇਖੈਂ ਸੰਤ।
ਤਾਕਉਂ ਬਹੁ ਰਿਦ ਭਾਵਈ, ਉਸਤਤ ਕਰੈ ਮਹੰਤ।

Digitized by Panjab Digital Library | www.panjabdigilib.org

॥ ਚੌਪਈ ॥ ਜਉਂ ਕੋਊ ਕਛੂ ਉਦਾਰਤਾ ਜਾਂਨੈ । ਜਉਂ ਕੋਈ ਕਛੁ ਕੂਮਲਤਾ ਠਾਨੈਂ । ਜਉਂ ਕੋਊ ਗੁਰਮਤ ਬਾਤ ਸੁਨ ਜਾਵੈ। ਜਉਂ ਕੋਊ ਕਛ ਸੰਤ ਸੁਨਾਵੈ । ਜਉਂ ਕੋਊ ਕਛ ਵਈ ਰਾਗਹਿੰ ਸਾਜੈ । ਜਉਂ ਆਇ ਕੋਊ ਗ੍ਰਿਹ ਅਲਿਪਤ ਬਿਰਾਜੈ।ਜਉਂ ਕੋਊ ਸੁਧ ਜੀਵਕਾ ਕਰੈ । ਜਉਂ ਕੋਊ ਟਹਲ ਸਕਲ ਦੀ ਧਰੈ। ਜਉਂ ਕੋਊ ਹੋਵੈ ਦੀਨ ਬਿਚਾਰਾ । ਸਭਨਾ ਸਿਉਂ ਮੰਤ ਕਰਤ ਪਿਆਰਾ । ੧੭੬।

। ਦੋਹਰਾ।

ਸੰਤ ਕਹੇ ਬਾਤ ਸ਼ਾਤ ਕੀ, ਹਮਰੇ ਪ੍ਰਾਨ ਅਧਾਰ ।
ਮਮ ਅਹਾਰ ਪ੍ਰਭ ਇਹੁ ਰਚਾ, ਦਰਸ ਹੁਲਾਸਉਂ ਧਾਰ ।

॥ ਚੌਪਈ ॥ ਬਹੁੜ ਸੰਤ ਇਹੁ ਬਾਤ ਬਤਾਵੈ । ਸਾਂਤਕ ਗੁਣ ਥੋਰਾ ਭੀ ਭਾਵੈ । ਸੋ ਇਤ ਕਾਰਨ ਸੁਨ ਲੇ ਮੀਤਾਂ । ਖੋਲ੍ਹ ਸੁਨਾਵਉਂ ਅਬ ਇਹ ਰੀਤਾ । ਪ੍ਰਥਮੇ ਤਉਂ ਹਮਰੀ ਹੈ ਭੱਛ । ਇਹ ਮੈ ਭਾਵੈ ਸਾਂਤਕ ਲੱਛ । ਦੁਤੀਆ ਜਨ ਕੇ ਸਵਰੇ ਕਾਜ। ਅਗੇ ਤੇ ਉਹ ਅਧਿਕਾ ਸਾਜ । ਜਉਂ ਮੋਕੋ ਭਾਵਤ ਦ੍ਰਸ ਜਾਵੈ। ਤਉਂ ਅਪ ਨੋ ਲਛਨ ਬਢਾਵੈ ।੧੭੭।

॥ ਦੋਹਰਾ ॥

ਤ੍ਰਿਤੀਆ ਇਤ ਮੈ ਭਾਵਈ, ਸਾਂਤਕ ਗੁਣਨ ਸੁਭਾਵ ।
ਜਗਤ ਮਾਹਿ ਹੈ ਥੋੜਲਾ, ਵਿਰਲੇ ਕਉਂ ਇਹੁ ਦਾਉ ।

॥ ਚੌਪਈ ॥ ਜਗਤ ਸਕਲ ਅਗਿਆਨੀ ਮੀਤ । ਖਾਵਨ ਖਰਚਨ ਮਾਹਿੰ ਬਿਤੀਤ । ਪਹਰੇ ਬ੍ਰਸਤ੍ਰ ਅਰ ਭੋਗੈ ਭੋਗ । ਕਛੂ ਨ ਜਾਨੈ ਗੁਰਮਤ ਜੋਗ । ਖਾਟ ਤੁਲਾਈ ਸਉਨਾ ਜਾਨੈ । ਵੈਰੁ ਵਿਰੋਧ ਹੋ ਦਾਉ ਦਿਵਾਨੈ । ਬਹੁ ਭੋਗਾਂ ਕਉਂ ਸਾਧ ਸੁ ਜਾਨਤ । ਜਿਨਹ ਦੀਏ ਤਿਨ ਨਾਹਿ ਪਛਾਨਤ । ਨਹ ਸਮਝਹ ਕਿਹ ਸਿਉਂ ਹਮ ਆਏ । ਜਾਵਉਂ ਕਹਾਂ ਇਹ ਬੂਝਨ ਤਾਹਿ । ੧੭੮।

Digitized by Panjab Digital Library | www.panjabdigilib.org

। ਦੋਹਰਾ ॥

ਮਰਣਾ ਚੀਤ ਨ ਜਗਤ ਕਉਂ, ਪਿਆਰੀ ਲਾਗੀ ਦਾਤ।
ਦਾਤੇ ਨਾਹਿ ਪਛਾਨਤੇ, ਬਡੇ ਅੱਗ ਅਨ ਜਾਤ।

॥ ਚੌਪਈ ॥ ਪੰਚ ਅੰਧ ਮਹ ਪਰੀ ਬਿਹਾਵੈ। ਸਤਿ ਬਿਚਾਰ ਦਿਲ ਨੈਕ ਨ ਆਵੈ। ਖਾਟ ਖਾਟ ਕਰਤੇ ਅੰਬਾਰ। ਜਿਸ ਕੰਮ ਖਟਹਿੰ ਸੁ ਚਿਤ ਨਿਰਧਾਰ।ਸੁਖ ਕਾਰਨ ਖਟ ਦਾਮ ਸਹੇੜਹਿੰ। ਤਾਂਕਉਂ ਤਉਂ ਸੁਪਨੇ ਨਹੀ ਹੇਰਹਿੰ। ਆਠ ਪਹਿਰ ਧੰਧੇ ਮਹਿੰ ਰਹਤੇ। ਏਕ ਛਾਡ ਦੂਸਰ ਕੋ ਗਹਤੇ। ਧਾਵਤ ਹੀਂ ਉਨ ਅਉਧ ਬਿਹਾਵਹਿ। ਤਬ ਟਿਕ ਬਹਹਿੰ ਰੋਗ ਕੋਊ ਆਵੈ।੧੭੯।

॥ ਦੋਹਰਾ ॥

ਤਨੁ ਅਰਾਮ ਉਨ ਤਬ ਕਰੇ, ਜਬ ਹੋਵਹਿੰ ਮ੍ਰਿਤ ਮੀਤ।
ਕਬਹੂੰ ਨ ਜੀਵਤ ਸੇ ਭਏਂ, ਅਪਨੇ ਚਿਤ ਅਤੀਤ।

॥ ਚੌਪਈ ॥ ਅਕ੍ਰੇ ਹੋਇ ਤੱਬ ਓਹ ਦੇਖੇ। ਜਬ ਮੂਏ ਚਉਕੇ ਮਹਿੰ ਪੇਖੇ। ਸਕਲ ਅਉਧ ਦਾਮਹਿੰ ਕੋ ਦਰਸੇ। ਜਬ ਮਰ ਜਾਹਿ ਅਉਰ ਕਉਂ ਬਿਰਸੇ। ਮੇਰ ਤੇਰ ਉਨ ਤਬ ਬਿਸੱਰੀ। ਜਬ ਜਿਹਵਾ ਕਉਂ ਠਾਕਾ ਪਰੀ। ਸਕਲ ਕਰਮ ਸਿਉ ਤਬ ਭਏ ਖਾਲੀ ਜਬ ਉਨ ਦੇਹ ਸਨ ਬੰਧੀਅਨ ਜਾਲੀ। ਸਾਕਤ ਸਿਉਂ ਤਬ ਕੋ ਬਰਸਾਨਾ। ਜਬ ਉਨ ਕੱਫਨ ਕੀਏ ਉਤਰਾਨਾ। ੧੮੦।

॥ ਦੋਹਰਾ ॥

ਜੀਵਤ ਭਏ ਜੋ ਸ਼ਾਂਤਕੀ, ਤੇ ਬਿਰਲੇ ਹਹਿੰ ਮੀਤ।
ਉਨ ਜੋ ਭਲਾ ਬਿਚਾਰਿਆ, ਹਮ ਕੋ ਭਾਵਹਿੰ ਚੀਤ।

।ਚੌਪਈ। ਮੂਏ ਮ ਹਿੰ ਜੋ ਗੁਨ ਕਾਹੀਤੇ। ਜੈਸੇ ਧਰਨੀ ਮਾਹਿ ਦਿਸੀ ਤੇ। ਧਰ ਕਉਂ ਗੁਨ ਕੇ ਪਾਪ ਨ ਪੁੰਨ। ਤੈਸੇ ਮਿਰਤਕ ਅੱਗ ਲਗ ਸੁੰਨ। ਜੀਵਤ ਹੀ ਕਉਂ ਸਭ ਕਛ ਲਾਗੈ।

ਪਾਪ ਪੁੰਨ ਦੁਖ ਸੁਖ ਅਨ ਰਾਗੈ । ਤਿਲ ਸਮਾਨ ਜੋ ਕਰਹਿ ਜੋ ਬੁਰਾਈ । ਤਉ ਭੀ ਉਨ ਕਉ ਲਾਗੈ ਭਾਈ । ਤਿਲ ਸਮਾਨ ਜੋ ਭਲਾ ਕਮਾਵਹਿੰ । ਤਉ ਭੀ ਬਦਲਾ ਪ੍ਰਭ ਤੇ ਪਾਵਹਿੰ ।੧੯੧।

॥ ਦੋਹਰਾ ॥

ਤਿਲ ਸਮਾਨ ਸ਼ੁਭ ਸ਼ਾਂਤਕੀ, ਜਉ ਕਹੂੰ ਜਗ ਮਹਿੰ ਹੋਇ ।
ਤਉ ਭੀ ਉਨ ਕਉ ਨਰਕ ਮਹਿੰ, ਪਾਵੈ ਨਾਹੀਂ ਕੋਇ ।

॥ ਚੌਪਈ ॥ ਨਿਹ ਦੰਭੀ ਨਿਹ ਕਾਮ ਜੁ ਭੱਲਾ, ਜਉ ਕਰ ਜਨ ਸਿਉ ਹੋਵੈ ਤਿੱਲਾ । ਇਨ ਕਰ ਫਲ ਪ੍ਰਭ ਏਤਾ ਦੇਵੈ । ਪ੍ਰਿਥਮੇ ਤਉ ਦੁਰਮਤ ਹਿਰ ਲੇਵੈ। ਦੁਤੀਆ ਸੰਤਨ ਸੰਗ ਮਿਲਾਵੈ। ਬਧ ਜਗਿਆਸ ਤ੍ਰਿਤੀਆ ਇਹ ਪਾਵੈ । ਚਤਰਥ ਪ੍ਰਭ ਇਨ ਕਰੇ ਬਬੇਕੀ । ਤਿਲ ਭਲਿਆਈ ਫੱਲ ਅਨੇਕੀ । ਇਤ ਕਰ ਜਨ ਸਿਉ ਪ੍ਰੇਮ ਬਢਾਵਹਿੰ । ਤਿਲ ਭਲ ਈ ਫਲ ਬਹੁ ਦ੍ਰਿਸਾਵਹਿੰ ।੧੯੨।

॥ ਦੋਹਰਾ ॥

ਨਿਹ ਦੰਭੀ ਨਿਹ ਕਾਮ ਜੋ, ਤਾਕਾ ਗੁਰਮੁਖ ਨਾਮ ।
ਤਾਂਕੀ ਕਰਨੀ ਥੋੜਲੀ, ਫਲ ਬਹੁਤਾ ਅਭਿਰਾਮ ।

॥ ਚੌਪਈ ॥ ਦੰਭ ਸਹਿਤ ਜੋ ਬਹੁਤਾ ਕਰੇ, ਸੋ ਮੋਕਉ ਨਹੀ ਭਾਵੈ ਉਰੇ । ਮੇਰ ਸਮਾਨ ਉਨ ਕਰਨੀ ਦੇਖਉ । ਤਿਲ ਸਮਾਨ ਤਿਹ ਕਦਰ ਨ ਪੇਖਉ । ਦੰਭ ਸਹਿਤ ਜੋ ਜਾਗੈ ਰੋਵੈ । ਥੋਰਾ ਖਾਵੈ ਕਬਹੁੰ ਨ ਸੋਵੈ, ਦੰਭ ਸਹਤ ਜੋ ਨੈਨ ਤ੍ਰਿਮਾਵੈ ।ਤਾਕਉ ਮੈ ਹਿਰਦੈ ਨਹੀ ਭਾਵੈ । ਨਿਰ ਦੰਭੀ ਭਾਵੈ ਮੋਹਿ ਜਨਾ, ਤਿਹ ਤਿਲ ਕਰਨੀ ਮੇਰ ਮੰਨਾ । ੧੯੩ ।

॥ ਦੋਹਰਾ ॥

ਸੰਤਨ ਭਾਵਨ ਅਦਭੁਤੀ, ਸੰਤਨ ਕਰਮ ਅਨੂਪ ।
ਸੋ ਸੰਤਨ ਕਉ ਭਾਵਈ, ਜੋ ਹੋਵੈ ਸੰਤਨ ਰੂਪ ।

Digitized by Panjab Digital Library | www.panjabdigilib.org

॥ ਚੌਪਈ ॥ ਨਰ ਭਾਵੈ ਬਹੁ ਭੇਖ ਬਨਾਵੈ । ਨਹ ਭਾਵਹਿ ਗ੍ਰਿਸਤੀ ਹੋਇ ਜਾਵੈ । ਨਹ ਭਾਵੈ ਰਹਿ ਸਦਾ ਉਦਾਸੀ, ਨਹ ਭਾਵੈ ਇਕਠਾ ਹਰਿ ਬਾਸੀ, ਨਹ ਭਾਵੈ ਬਹੁ ਬੋਲਤ ਰਹੈ । ਨਹ ਭਾਵੈ ਮੋਨੀ ਹੋਇ ਬਹੈ । ਨਹ ਭਾਵੈ ਜਾਗੈ ਸਭ ਰੈਨਾ, ਭਾਵੈ ਨਹ ਕਰੈ ਬਹੁ ਸੈਨਾ, ਨਹ ਭਾਵੈ ਬਹੁ ਹੱਸਣ ਜੱਨਾ । ਨਹ ਭਾਵੈ ਸੋਗੀ ਉਨ ਮੰਨਾ, । ੧੯੪ ।

॥ ਦੋਹਰਾ ॥

ਇਕ ਜਨ ਐਸਾ ਆਇਆ, ਸੰਤ ਕੈ ਦਰਸਨ ਸੋਇ।
ਜਾਗ੍ਰਤ ਰੋਵਤ ਗਾਵਤੇ ਤਿਨਕੋ ਦਿਨ ਗਇਓ ਹੋਇ।

॥ ਚੌਪਈ ॥ ਸਕਲ ਰੈਨ ਉਨ ਇਉਂ ਬੀਤਾਈ । ਜਾਗ੍ਰਤ ਰੋਵਤ ਮਹਿੰ ਬਿਹਾਈ।ਗਾਵਤ ਰਹਿਆ ਸੰਤ ਚਾਪੀ ਕੀਨੀ। ਰੈਨ ਸਮੂਹ ਉਨ ਇਉਂ ਕਟ ਦੀਨੀ । ਜਬ ਦਿਨ ਹੂਆ ਉਠਿਓ ਹਰਿ ਸੰਤ । ਜਨ ਸੰਗ ਬੋਲਤ ਭਇਓ ਮਹੰਤ । ਦੁਆਦਸ ਬਰਖ ਸਾਧਨ ਸੰਗ ਬੀਤੇ। ਇਉ ਹੀਂ, ਹੀਂ ਤੁਮ ਰਹਿ ਗੈ ਰੀਤੇ । ਸੀਤਲ ਸਾਂਤ ਕਛ ਰਿਦ ਨ ਆਈ । ਅਬ ਤਕ ਜਰਤ ਰਹੇ ਤੁਮ ਭਾਈ । ॥ ੧੯੫ ॥

॥ ਦੋਹਰਾ ॥

ਰੋਵਨ ਗਾਵਨ ਜਾਗਨਾ, ਏਤਾ ਕੀਉ ਜੁ ਪ੍ਰੇਮ।
ਏਤਾ ਸੋਈ ਜਨ ਕਰੈ, ਜਿਹ ਕਛੂ ਨ ਹੋਵੈ ਖੇਮ।

॥ ਚੌਪਈ ॥ ਦੁਆਦਸ ਬਰਖ ਸਤਿਸੰਗਤਿ ਭਈ।ਉਨ ਸਿਉਂ ਕਛ ਤੈਂ ਸ਼ਾਂਤ ਨ ਲਈ । ਜਬ ਉਨ ਸਿਓਂ ਕਛ ਲੀਆ ਨਾਹੀਂ। ਅਬ ਹਮ ਸ਼ਿਉਂ ਕਿਆ ਲੇਵਤ ਆਂਹੀਂ।ਤਾਂਤੇ ਹਮਰੀ ਬਸੋ ਨ ਠਉਰੇ, ਮੈ ਤੁਮ ਕਉਂ ਨਹੀ ਰਾਖਉ ਝਉਰੇ । ਮਮ ਦੇਖਤ ਉਠ ਜਾਵਹੁ ਭਾਈ। ਮੈਂ ਤੋਕਉਂ ਨਹੀਂ ਸੰਗ ਬਸਾਂਈਂ ।ਜਹ ਤੇ ਆਇਆ ਤਿਤ ਪੁਰ ਜਾਵਹੁ ।ਹਮ ਸਿਉਂ ਤੁਮ ਕਛ ਲਵੇ ਨ ਲਾਹੁ । ੧੯੬ ।

॥ ਦੋਹਰਾ ॥

ਦੇਵੈ ਲੇਵੈ ਜੋ ਨਹੀ, ਤਿਨ ਸਿਉਂ ਹਮ ਕਿਆ ਕਾਜ ।
ਤਾਂਤੇ ਆਪੋ ਆਪ ਹੋਇ, ਬਸੀਏ ਸਾਜਨ ਆਜ ।

॥ ਚੌਪਈ ॥ ਦੇਨ ਲੇਨ ਜੁ ਕਛੂ ਨ ਹੋਤ, ਤਉ ਕਾਹੇ ਰਲ ਹੋਈਐ ਗੋਤ । ਰਾਮ ਸਾਕ ਜਬ ਟੂਟਾ ਭਾਈ, ਚਾਮ ਸਾਕ ਮੈ ਚਾਹੁ ਨਾਹੀ, ਰਾਮ ਸਾਕ,ਕਛ,ਲਛ,ਸੁਭ ਦੇਵੈ । ਚਾਮ ਸਾਕ ਤਨ ਦੂਸ ਦੂਸੇਵੈ । ਸੋ ਤੇ ਤਨ ਕੋ ਸਾਕ ਨ ਹੋਈ, ਇਨ ਦੂਸ਼ਨ ਕਿਆ ਪ੍ਰਾਪਤ ਹੋਈ । ਤਾਂਤੇ ਆਪੋ ਆਪ ਬਸਾਈਂ,ਇਨ ਮਹਿਂ ਏਤੇ ਗੁਨ ਦੂਸਾਹੀ। ੧੯੭ ।

॥ ਦੋਹਰਾ ॥

ਥੋਰੇ ਜਨ ਜੋ ਹੋਵਈ, ਥੋਰੇ ਮੰਦੂ ਚਾਂਹਿ ।
ਖਾਟ ਚਟਾਈ ਥੋੜਲੀ,ਕਾਮ ਚਲੈ ਉਨ ਮਾਹਿਂ ।

॥ ਚੌਪਈ ॥ ਆਟਾ ਭੀ ਥੋੜਾ ਪੀਸਾਈਐ । ਲਕਰੀ ਭੀ ਥੋੜੀ ਹੀਂ ਚਾਹੀਐ । ਲੇਨਾ ਦੇਨਾ ਥੋਰਾ ਪਰੈ । ਏਕਲ ਹੋਇ ਜਉਂ ਬਸੀਐ ਨਰੈ, ਮਿਲਨੇ ਮੇ ਏਕੋ ਹੈ ਨੱਫਾ, ਜਉਂ ਸਾਚੀ ਸਿਖ ਲੇਈਏ ਕੱਛਾ । ਜਬ ਸਾਚੀ ਸਿਖ ਕਬੂ ਨ ਲੀਨੀ, ਤਬ ਸਗਲੇ ਘਾਟੇ ਮੈ ਚੀਨੀ । ਘਾਟੇ ਕੱਦਰ ਥੋਰਾ ਹੈ ਭਾਈ, ਸਾਚ ਲੱਛ ਗ੍ਰਹਿਨੀ ਭਲਿਆਈ । ੧੯੮ ।

॥ ਦੋਹਰਾ ॥

ਲਛਨ ਸੱਚ ਜਾਮੈ ਲਖੈ, ਤਿਨ ਸਮ ਘਾਟੇ ਛੁਦ੍ਰ ।
ਲੱਛਨ ਸੁਭ ਜਹਿਂ ਨਹਿਂ ਲਖਹਿਂ, ਤਿਨ ਸਮ ਏਹ ਸਮੁੰਦ੍ਰ ।

॥ਚੌਪਈ॥ਲਛਨ ਸੰਤ ਜੋ ਗਹਹਿਂ ਕੋਈ।ਤਾਸਿਉਂ ਹਿਰਦਾ ਏਤਾ ਹੋਈ, ਛਾਰ ਛੋਬੀ ਤਾਕੀ ਮੂਟ ਆਵਉ । ਛਿਨ ਛਿਨ ਦਰਸ਼ਨ ਕਰਉਂ ਕਰਾਵਉ । ਕਰ ਸਿਉ ਤਿਨ ਛਾਪੀ ਲੇ ਕਰਉਂ ਰਿਦ ਸਨਮਾਨ ਤਾਸ ਬਹੁ ਧਰਉਂ । ਸਰਬ ਪ੍ਰਵਾਰ ਆਪ ਪਹਿ ਚਾਨਉਂ । ਪੱਖਾ ਪਾਨੀ ਕਰ ਸੁਖ ਚਿਤ ਮਾਨਹੁ ।

Digitized by Panjab Digital Library | www.panjabdigilib.org

ਤਨ ਜਨ ਕਾ ਤਨ ਅਪਨਾ ਮਾਨਾ । ਖਾਤ ਖਵਾਵਨ ਕਰ ਸੁਖ ਜਾਨਾ ।੧੮੯। ॥ ਦੋਹਰਾ ॥

ਮਨ, ਬਚ, ਕਰਮ ਜਨ ਮਿਲ ਰਹਉਂ, ਕਰਉਂ ਨ ਅਵਰ ਬਿਚਾਰ।
ਬਾਰਿਕ ਮਾਤ ਜਿਉਂ ਮਿਲ ਰਹੈ, ਮਿਲਉ ਪ੍ਰੇਮ ਹਿਤ ਧਾਰ ।

॥ ਚੌਪਈ ॥ ਲੇਇ ਦੇਇ ਜੁ ਕਛੂ ਨ ਜੰਨ । ਏਹ ਬਨਿਤਾ ਕੀ ਲਿਆਵੈ ਮੰਨ । ਤ੍ਰਾਸ ਦੇਇ ਜਨ ਕਉਂ ਕਢ ਦੀਆ । ਮਨ ਮਹਿੰ ਜਨ ਕ੍ਰਿਤ ਕ੍ਰਿਤ ਬਹੁ ਥੀਆ । ਸੰਤ ਉਪਦੇਸ਼ ਜਨ ਮੀਠ ਲਗਾਨਾ । ਆਇ ਬਸਿਓ ਅਪਨੇ ਸੋ ਥਾਨਾ । ਸੀਤਲਤਾ ਲੇ ਮਨ ਮਹਿੰ ਗਹੀ । ਸੰਤ ਬਚਨ ਕਾਨੀ ਛੁਹਿ ਗਈ । ਸੰਤ ਬਚਨ ਉਨਹੀਂ ਕਉਂ ਕਹਤੇ । ਜੋ ਜਨ ਸੁਨਹਿੰ ਰਿਦੇ ਮਹਿੰ ਗਹਤੇ । ਪਰਮ ਕ੍ਰਿਪਾਲ ਜਬ ਹਰਿ ਜਨ ਹੋਵਤ । ਦੇਇ ਉਪਦੇਸ਼ ਜਨ ਕਿਲ ਬਿਖ ਖੋਵਤ ।੧੯੦। ॥ ਦੋਹਰਾ ॥

।੨੧। ਅਉਰ ਜਗਿਆਸੀ ਸੰਤ ਪਹਿ, ਆਇਆ ਸਤਿਗੁਰ ਜਾਨ ।
ਦਈਵ ਸੰਜੋਗ ਜਨ ਦੇਖਿਆ, ਹਸਤਾ ਸੰਤ ਸੁਜਾਨ ।

॥ ਚੌਪਈ ॥ ਜ਼ਬ ਹਸਤਾ ਦੇਖਿਆ ਜਗਿਆਸੀ । ਸੰਤ ਨ ਭਾਣੀ ਤਾਂਕੀ ਹਾਸੀ । ਇਕ ਜਨ ਅਉਰ ਬਚਨ ਕਾਹੀਤਾ । ਮੂਸਲ ਲੇ ਆਵਹੁ ਚਾਹੀਤਾ । ਇਨ ਕੇ ਦੰਤ ਭਾਨੋ ਤੁਮ ਭਾਈ । ਇਨ ਹਸ ਕਰ ਮੋਹਿ ਦਾਂਤ ਦਿਖਾਈ । ਇਨ ਹਾਸੀ ਕਛ ਭਲੀ ਨ ਜਾਪਤ । ਬਿਨ ਬਿਚਾਰ ਹਾਸੀ ਦਰ ਸਾਵਤ । ਬਿਨ ਬਿਚਾਰ ਜੋ ਹਸਤਾ ਪ੍ਰਾਨੀ । ਮੋਹਿ ਦਿਸ ਆਵਤ ਅਤਿ ਅਗਿਆਨੀ । ੧੯੧ ।

॥ ਦੋਹਰਾ ॥

ਹਾਸੀ ਜਨ ਚੰਚਲ ਕਰੈ, ਜਿਨ ਕਉਂ ਪ੍ਰਭੂ ਨ ਚਿਤ ।
ਜੋ ਜਨ ਪ੍ਰੇਮ ਪ੍ਰਭ ਸਿਉਂ ਕਰੈ, ਹਸਨ ਨ ਭਾਵੈ ਚਿਤ ।

॥ ਚੌਪਈ ॥ ਜਿਨ ਰਿਦ ਘਾਉ ਪ੍ਰਭ ਪ੍ਰੇਮ ਲਗਾਨਾ । ਰਜ

Digitized by Panjab Digital Library | www.panjabdigilib.org

ਸੁਭਾਉ ਮਿਟ ਗਇਓ ਸੁਜਾਨਾ । ਸਦਾ ਚਿੰਤ ਉਨ ਕੇ ਮਨ ਮਾਂਹੀ। ਛਾਤੀ ਉਨ ਬਿਨ ਅਗਨ ਜਰਾਹੀਂ । ਮਨ ਉਨਕਾ ਚਿੰਤਾ ਗ੍ਰਹ ਬਸਤਾ। ਸੋ ਜਨ ਕਬਹੂੰ ਨ ਦੀਸੈ ਹਸਤਾ । ਜਿਉਂ ਕਹੂੰ ਕਰੈ ਤ ਰੋਵਨ ਕਰੈ । ਹਾਸੀ ਕਉਂ ਓਹ ਮਨ ਨਹੀ ਧਰੈ। ਰੋਵਨ ਧਰੈ ਅਪਨੇ ਮਨ ਮਾਹੀਂ । ਜਗ ਕਉਂ ਨੈਕ ਦਿਖਾਵੈ ਨਾਹੀ । ਰੋਇ ਹੱਸ ਨਹ ਜਗਤ ਦਿਖਾਵੈ । ਪ੍ਰਭੂ ਪ੍ਰੇਮ ਉਨ ਮਨ ਮਹਿੰ ਭਾਵੈ ।੧੯੨।

॥ ਦੋਹਰਾ ॥

ਮੁਖ ਪਸਾਰ ਨ ਹੱਸਦੇ, ਹੰਝੂ ਘਤ ਨ ਰੋਇ।
ਘਾਇਲ ਸੋਈ ਨਾਨਕਾ, ਸਬਦ ਗੁਰੂ ਕੈ ਸੋਇ।

॥ ਚੌਪਈ॥ ਹਸਨ ਹਾਰ ਕਉਂ ਬਚਨ ਸੁਨਾਏ। ਸੰਤ ਕ੍ਰਿਪਾ ਹਰਿ ਬੋਲ ਬਤਾਏ । ਦੰਤ ਭਾਨਨ ਕਉਂ ਬਚਨ ਬਤਾਇਆ । ਜਨ ਕਉਂ ਇਹੁ ਤਿਨ ਤ੍ਰਾਸ ਦਿਖਾਇਆ । ਤ੍ਰਾਸ ਦਿਖਾਇ ਨ ਭਾਨੇ ਦੰਤ। ਆਗੈ ਅਉਰ ਪ੍ਰਸੰਗ ਸੁਨ ਸਤ ॥੧੯੩॥ । ੨੨ ।

॥ ਦੋਹਰਾ ॥

ਇਕ ਜਨ ਅਉਰ ਪ੍ਰਸੰਗ ਇਹ, ਆਨ ਚਲਾਇਆ ਮੀਤ।
ਪ੍ਰਸ਼ਨ ਬਨਾਇ ਕਰ ਤਿਨ ਕਹਿਆ, ਸੰਤ ਸਿਉ ਪੂਛਨ ਕੀਤ।

॥ ਚੌਪਈ ॥ ਹੇ ਹਰਿ ਜਨ ਏਹ ਸੰਕਾ ਹਮਰੇ ਕਿਉਂ ਕਰ ਆਵਤ ਹੈ ਮਨ ਤੁਮਾਰੇ? ਬਿਸੀਅਰ ਮੰਤ੍ਰ ਜੁ ਕਿਨਹਿੰ ਬਨਾਏ। ਉਨਕਾ ਅਸਰ ਬੇਗ ਹੋਇ ਜਾਇ। ਜਿਹ ਜਨ ਬਿਸੀਅਰ ਡੰਸ ਲਗਾਵੈ। ਫੁਰੇ ਮੰਤ੍ਰ ਚੰਗਾ ਹੋਇ ਜਾਵੈ। ਸੋ ਇਹ ਸੰਤ ਕਹੀ ਜੁ ਬਾਨੀ। ਮਾਨੋ ਕੀਨੇ ਮੰਤ੍ਰ ਗਿਆਨੀ। ਬਿਸੀਅਰ ਭ੍ਰਮ ਡਸਿਆ ਜੋ ਕੋਈ। ਤਿਹ ਕਾਰਨ ਸੰਤ ਬਾਨੀ ਹੋਈ।੧੯੪। ॥ਦੋਹਰਾ॥

ਭਰਮ ਸਰਪ ਕੇ ਕਾਰਨੇ, ਸੰਤਾ ਕੀਨੇ ਮੰਤ।
ਗਾਵਤ ਪੜਤ ਸੁਨਤੇ ਰਹਉ,ਅਸਰ ਨ ਹੋਵੈ ਸੰਤ?

॥ ਚੌਪਈ ॥ ਨਿਸ ਦਿਨ ਪੜਉਂ ਸੁਨਉ ਗੁਰਬਾਨੀ। ਪੜ੍ਹਤੇ ਹੀ ਹਮ ਅਉਧ ਬਿਹਾਨੀ। ਡੰਸ ਭਰਮ ਜਿਉਂ ਕਾ ਤਿਉਂ ਰਿਦੈ। ਕੁਸਲ ਨ ਹੋਵਤ ਕਬਹੂੰ ਉਦੈ। ਇਹ ਉਤਰ ਮੋਹਿ ਦੇਵਹੁ ਸੰਤ। ਕਿਰਪਾ ਕਰ ਖੋਵਹੁ ਮਾਹੰਤ। ਤਬ ਹਰਿ ਜਨ ਉਤ੍ਰ ਉਚਾਰੇ। ਸੰਤ ਕਹਿਆ ਸੁਨ ਉਤ੍ਰ ਪਿਆਰੇ। ਜੋ ਤੈ ਪੂਛੀ ਹੈ ਯਿਹ ਬਾਤਾ। ਇਨ ਕੇ ਉਤ੍ਰ ਬਹੁਤ ਗਿਆਤਾ। ੧੯੫।

॥ ਦੋਹਰਾ ॥

ਦ੍ਰਿਸ਼ਟਾਂਤ ਏਕ ਨਹੀ ਸੰਭਵੇ, ਬਚਨ ਸੰਤ ਪ੍ਰਤੀਤ।
ਇਨ ਦ੍ਰਿਸ਼ਟਾਂਤ ਅਮਿੱਤ ਹੈਂ, ਬਰਨ ਸੁਨਾਵਹੁੰ ਮੀਤ।

॥ ਚੌਪਈ ॥ ਸਰਪ ਮੰਤ੍ਰ ਭੀ ਬਚਨ ਪਿਆਰੇ। ਮਾਨੋ ਸਭ ਇਹੁ ਅਉਖਧ ਧਾਰੇ। ਮਾਨੋ ਹੈ ਯਿਹ ਚਿਠਾ ਆਇਆ। ਸ਼ਾਹ ਬਨ-ਜਾਰੇ ਪਾਸ ਪਠਾਇਆ। ਮਾਨੋ ਬਚਨ ਜਰ ਨਕਦ ਨਿਆਈਂ। ਮਾਨੋ ਬਚਨ ਦੀਪਕ ਜਗ ਮਾਂਹੀ। ਮਾਨੋ ਬਚਨ ਸਤਿਗੁਰੂ ਸਰੂਪਾ। ਸਭ ਕਿਛ ਇਨਹੀਂ ਮਾਹਿ ਅਨੂਪਾ। ਸਭ ਦ੍ਰਿਸ਼ਟਾਂਤ ਸੰਤ ਬਚਨਾ ਪਰ। ਏਕੁ ਸੁਨਾਵਹੁੰ ਤੁਮ ਨਿਰਨਾ ਕਰ।੧੯੬।

॥ ਦੋਹਰਾ ॥

ਸਰਪ ਮੰਤ੍ਰ ਕਿਹ ਬਿਧ ਕਹੇ, ਬਚਨ ਸੰਤ ਕੇ ਮੋਹਿ।
ਪ੍ਰਿਥਮੇ ਇਨ ਪਰ ਕਾਨ ਧਰ, ਉਤ੍ਰ ਦੇਵਊਂ ਤੋਹਿ।

॥ ਚੌਪਈ ॥ ਇਨ ਬਾਤਨ ਪਰ ਮੰਤ੍ਰ ਹੋਇ ਚਲੈ। ਸਤਿਗੁਰ ਸੰਤ ਬਚਨ ਜੋ ਭਲੈ। ਉਸਤਤ ਨਿੰਦ ਅਉ ਬਾਦ ਬਿਬਾਦ। ਰਜ, ਤਮ ਬਾਦ ਕੋ ਜੋਈ ਬਿਖਾਦ। ਆਨ ਬਾਤ ਕਛ ਕਰਨ ਨ ਪਾਈਐ। ਬਚਨ ਸੰਤ ਜਬ ਪੜ੍ਹ ਸੁਨ ਗਾਈਐ। ਇਨ ਸਰਪਹੁ ਪਰ ਮੰਤ੍ਰ ਏਹ ਭਾਈ। ਅਉਖਦ ਕਿਉ ਕਰ ਭਾਖੇ ਜਾਈ। ਅਉ-ਖਦ ਬਚਨ ਕੋ ਹਾਰਦ ਸੁਨੀਐ। ਸੰਤ ਸ਼ਬਦ ਕੋ ਦਿਲ ਮਹ

ਗੁਨੀਐ । ॥ ੧੯੭ ॥ ॥ ਦੋਹਰਾ ॥

ਸਗਲ ਜੀਵ ਕਉਂ ਰੋਗ ਜੋ, ਬੁਰੇ ਸੁਭਾਵ ਪ੍ਰਕਿਰਤ ।
ਤਿਨ ਪਰ ਬਚਨ ਅਉਖਦ ਰਚੈ,ਕਹੈ ਸੰਤ ਨਿਰ ਵਿਰਤਿ।

॥ ਚੌਪਈ ॥ ਸਕਲ ਰੋਗ ਕੇ ਅਉਖਧ ਸਾਜੇ । ਸੰਤ ਬਚਨ ਸਭ ਸ੍ਰੇਸ਼ਟ ਬਿਰਾਜੈ । ਰੋਗ ਔਰ ਅਉਖਦ ਔਰ ਖਾਹੀਂ । ਇਉਂ ਕਰ ਚੰਗੇ ਹੋਵਹਿੰ ਨਾਹੀ । ਜੀਉ ਰੋਗ ਨਹੀ ਅਪਨਾ ਜਾਨੈ। ਨਹੀਂ ਅਉਖਦ ਕੀ ਸਾਰ ਪਛਾਨੈ । ਸੰਤ ਤਬੀਬ ਕੀ ਸੰਗਤ ਮਿਲੇ । ਉਨ ਸਿਉਂ ਅਉਖਦ ਖਾਵਨ ਹਿਲੈ। ਬਚਨ ਅਉਖਧ ਕੀ ਸਾਰ ਉਹ ਜਾਨਹਿੰ। ਸਗਲ ਜੀਅ ਕੋ ਰੋਗ ਪਛਾਨਹਿੰ । ੧੯੮।

॥ ਦੋਹਰਾ ॥

ਰੋਗ ਪਛਾਨ ਦਾਰੂ ਮਿਲਹਿੰ, ਤਬ ਕੋ ਚੰਗਾ ਹੋਇ।
ਆਪਹੁ ਕੋਇ ਨ ਸਿਝਿਆ, ਪੜ੍ਹ ਥਾਕਾ ਸਭ ਕੋਇ।

॥ ਚੌਪਈ ॥ ਸੋ ਬਚਨ ਮਨਿੰਦ ਚਿਠੇ ਕਿਆ ਕਹੀਐ। ਮਾਨੋ ਸ਼ਾਹਿ ਬਨਜਾਰ ਪਠੱਈਐ। ਬਚਨ ਕੱਥ ਸੰਤ ਪੋਥੀ ਕੀਨੀ। ਮਾਨੋ ਯਹ ਚਿਠੀ ਲਿਖ ਦੀਨੀ। ਬਨਜਾਰੇ ਜੀਅ ਓਰ ਲਿਖ ਧਰੀ॥ ਇਕ ਛੋਡਨ ਇਕ ਗ੍ਰਹਨ ਉਚਰੀ। ਜੋ ਜੋ ਬਚਨ ਸੰਤ ਕਾ ਭਾਈ॥ ਕਛ ਛੋਡਨ ਕਛ ਗ੍ਰਹਨ ਬਤਾਈ। ਜਉਂ ਛੋਡਨ ਗ੍ਰਹਨ ਕਛੂ ਨ ਕਰੇ। ਤਬ ਪੜ੍ਹ ਚਿਠੀ ਕਿਆ ਹੋਇ ਨਰੇ। ੧੯੯ ॥

॥ ਦੋਹਰਾ ॥

ਤੈਸੇ ਪੜ੍ਹ ਪੜ੍ਹ ਪੋਥੀਆਂ, ਬਹੁਤ ਕਰਤ ਬਕ ਬਾਦ।
ਅਮਲ ਨ ਕਰਤੇ ਲਿਖੇ ਪਰ,ਤਿਹ ਪੜ੍ਹਨੇ ਕਿਆ ਸੁਆਦ।

॥ ਚੌਪਈ ॥ ਇਨ ਬਿਧ ਬਚਨ ਸੰਤ ਚਿੱਠੇ ਨਿਆਈਂ। ਸੰਤ ਬਚਨ ਜਰ ਨਕਦ ਸੁਨਾਈ। ਜਰ ਨਿਆਈ ਜੋ ਬਚਨ ਬਤਾਇ। ਤਿਨ ਕੋ ਉਤ੍ਰ ਦੇਉਂ ਸੁਨਾਂਏ। ਜਰ ਸਿਉ ਸਭ ਕਛ

ਮਿਲੇ ਪਿਆਰੇ । ਜੋ ਚਾਹੀਐ ਸੋ ਕਰ ਓਹ ਧਾਰੈ। ਜਉਂ ਉਨ ਸਿਉਂ ਲੀਜੈ ਹੈ ਖੰਡ। ਤਉਂ ਭੀ ਦੇਵੈ ਸਭ ਬ੍ਰਹਮੰਡ। ਜਉ ਕਰ ਉਨ ਸਿਉਂ ਬਿਖ ਲੈ ਆਈਐ । ਤਉਂ ਭੀ ਉਨ ਬਦਲੇ ਸੋਂ ਪਾਈਐ । ੨੦੦ । ॥ ਦੋਹਰਾ ॥

ਸੁਭਾਉ ਬਚਨ ਸੰਤ ਇਹੀ ਹੈ, ਜਰ ਨਿਆਈਂ ਤੈਂ ਜਾਨ।
ਇਨ ਸਿਉਂ ਭੀ ਸਭ ਕਿਛ ਮਿਲੈ, ਨੀਕੇ ਲੇਹੁ ਪਛਾਨ।

॥ ਚੌਪਈ ॥ ਬਚਨ ਸੰਤ ਜੋ ਸੁਨੈ ਸੁਨਾਵੈ। ਜੋ ਇਛੈ ਤੈਸਾ ਫਲ ਪਾਵੈ। ਪੰਡਿਤ ਬਚਨ ਪੜ੍ਹ ਜਗਤ ਸੁਣਾਵੈ। ਤਿਨਕਾ ਬਦਲਾ ਓਹ ਇਉਂ ਪਾਵੈ।ਸੰਪਦ ਸੁਖ ਮਿਲਹਿੰ ਤਿਨ ਤਾਂਈਂ।ਕਰਿ ਡੰਡਉਤ ਭਾਖਹਿੰ ਗੁਸਾਂਈ। ਕਾਮਨਾ ਪੰਡਤ ਇਹੀ ਬਿਚਾਰੀ। ਤਿਉਂ ਫਲ ਦਰਸਾ ਜਿਉਂ ਮਨਸਾ ਧਾਰੀ। ਜਾਜਕ ਢਾਢੀ ਅਰਥੀ ਗਾਂਵਹਿੰ। ਜੋ ਇਛਹਿੰ ਤੈਸਾ ਫਲ ਪਾਵਹਿੰ ।੨੦੧।

॥ ਦੋਹਰਾ ॥

ਇਨ ਨੇ ਮਾਇਆ ਬਿਖ ਚਹੀ, ਜਰ ਬਚਨਨ ਸਿਉਂ ਮੀਤ।
ਤਿਨ ਕਉਂ ਭੀ ਬਹੁਤੀ ਮਿਲੀ, ਜਿਉਂ ਵੰਛੀ ਤਿਨ ਚੀਤ।

॥ ਚੌਪਈ ॥ ਜਰ ਬਚਨਨ ਜਿਨ ਖੰਡ ਵੰਛਾਈ। ਤਿਨ ਕੋ ਹਾਰਦ ਇਹ ਸੁਨ ਭਾਈ। ਗੁਰਮੁਖ ਪੜ੍ਹ ਗੁਰਮੁਖ ਰੀਝਾਂਵਹਿੰ। ਗੁਰਮੁਖ ਸਿਉਂ ਗੁਰਮੁਖ ਬਤਲਾਵਹਿੰ। ਗੁਰਮੁਖ ਸਭਾ ਬਚਨ ਜੋ ਬਾਚੇ । ਤਿਨਕੀ ਵੰਛਾ ਇਹੀ ਸੁਨ ਸਾਚੇ। ਗੁਰਮਤ ਬਾਤ ਨਿਹਚਉ ਲੈ ਕਰਤੇ। ਪ੍ਰਭੂ ਭੇਦ ਪਾਊਂ ਮਨ ਧਰਤੇ। ਇਤ ਉਤ ਜਾਇ ਨ ਉਨਕਾ ਮਨਾ। ਬ੍ਰਹਮਾ ਨੰਦ ਪਰਚ ਰਹੇ ਜੰਨਾ ।੨੦੨।

॥ ਦੋਹਰਾ ॥

ਸੰਤ ਬਚਨ ਜ਼ਰ ਬਦਲੈ, ਖੰਡ ਬਿੱਖ ਲਈ ਮੋਲ।
ਸੋ ਤਿਨ ਇਸ ਪ੍ਰਕਾਰ ਥੇ, ਬਚਨ ਸੁਨਾਏ ਖੋਲ੍ਹ।

Digitized by Panjab Digital Library | www.panjabdigilib.org

ਦੀਪਕ ਬਚਨ ਜੋ ਕਹੇ ਪਿਆਰੇ। ਦੀਪ ਸੁਭਾਉ ਬਚਨ ਇਹੁ ਧਾਰੇ। ਬੁਰਾ ਭਲਾ ਜੋ ਨਾਹਿ ਪਛਾਨੈ। ਬਚਨ ਸੁਨੇ ਤੇ ਰਹੇ ਨ ਛਾਨੇ। ਜਿਉਂ ਦੀਪਕ ਸਭ ਹਰ ਅੰਧਿਆਰਾ। ਸਭ ਦਰਸਾਇ ਕਰੇ ਉਜੀਆਰਾ। ਤਿਉਂ ਗੁਰ ਸ਼ਬਦ ਸਭ ਕਛ ਬਤਲਾਵੈ। ਦੀਪਕ ਨਿਆਈਂ ਸੋ ਦਰਸਾਵੈ। ਜਿਉ ਮਨ ਮੰਦ੍ਰ ਮਾਂਹਿ ਜਰਾਵੈ। ਬੁਰੇ ਭਲੇ ਕੀ ਸੋਝੀ ਪਾਵੈ। ੨੦੩

॥ ਦੋਹਰਾ ॥

ਮਨ ਬੁਧ ਰਾਖੇ ਬਾਸ਼ਨਾ,ਮੁਖ ਸਿਉਂ ਬਚਨ ਚਵੈ।
ਜਿਉਂ ਧਰੈ ਦੀਪ ਕੋਊ ਕੋਠ ਪਰ,ਹੋਏ ਪ੍ਰਕਾਸ ਤਿਵੈ।

॥ ਚੌਪਈ ॥ ਇਨ ਬਿਧ ਦੀਪ ਬਚਨ ਕਿਆ ਕਹੈ। ਜਿਉਂ ਮਨ ਮਾਹਿ ਬਿਚਾਰਨ ਧਰੈ। ਪੜ੍ਹੈ ਸੁਨੈ ਅਰ ਬੂਝੈ ਬੂਝ। ਬਚਨ ਦੀਪ ਤਿਸ ਸ਼ਭ ਕਿਛ ਸੂਝ। ਇਨ ਬਿਧ ਬਚਨ ਦੀਪ ਕੀ ਨਿਆਈ। ਆਗੈ ਸਤਿਗੁਰ ਬਚਨ ਬਤਾਈ। ਬਚਨ ਕਹੈ ਸ਼ਤਿਗੁਰੂ ਸਰੂਪਾ। ਸਭ ਕਿਛ ਇਨਹੀਂ ਮਾਹਿੰ ਅਨੂਪਾ। ਸੋ ਕਿਹ ਬਿਧ ਬਚ ਗੁਰੂ ਬਤਾਏ। ਤਾਂਕਾ ਉਤ੍ਰ ਦੇਉਂ ਸੁਨਾਇ। ੨੦੪।

॥ ਦੋਹਰਾ ॥

ਗੁਰ ਸਰੂਪ ਤਾਂਕਉਂ ਬਚਨ, ਜੋ ਗੁਰਮੁਖ ਜਨ ਹੋਇ।
ਘਰ ਹੀਂ ਮਹਿ ਜੋ ਨਿਆਉਂਦੇ, ਸੱਥ ਨ ਦੇਖੈ ਸੋਇ।

॥ ਚੌਪਈ ॥ ਜੋ ਜਨ ਨਿਆਉਂ ਘਰ ਬੈਠਿਆਂ ਦੇਵੈ। ਸੋ ਮਲੇ ਮਹਿਤੇ ਕੀ ਝਿੜਕ ਨ ਲੇਵੈ। ਦੁਖ ਸੰਕਟ ਰਾਜੇ ਕੋ ਭਾਈ ਤਾਂਕਉਂ ਕੋਇ ਨ ਨੈਕ ਦਿਵਾਈ। ਝੂਠ ਬਾਤ ਸੋ ਕਛੂ ਨ ਮਾਂਡੇ ਖਾਵੈ ਖੰਡ ਖਵਾਵੈ ਖਾਂਡੇ। ਤੈਸੇ ਬਚਨ ਜੋ ਪੜ੍ਹ ਸੁਨ ਬੂਝੈ। ਗੁਰਮੁਖ ਬੂਝ ਲੇ ਮਨ ਸਿਉਂ ਲੂਝੈ। ਮਾਨੋ ਗੁਰਮੁਖ ਘਰ ਸਮਝਾਇਆ। ਜਿਉਂ ਬਚ ਕਹਿਆ ਤਿਉਂ ਮਨ ਬਰਤਾਇਆ।

Digitized by Panjab Digital Library | www.panjabdigilib.org

੨੦੫। ॥ ਦੋਹਰਾ ॥

ਬਚਨ ਗੁਰੂ ਕੇ ਕਹੇ ਪਰ, ਜਿਨਹਿ ਕੀਓ, ਇਤ ਬਾਰ।
ਤਾਂਹਿ ਬਚਨ ਸਤਿਗੁਰ ਭਏ, ਨਿਹਚਉ ਹਿਰਦੈ ਧਾਰਿ।

॥ ਚੌਪਈ ॥ ਬਚਨ ਗੁਰੂ ਮਾਨਿਓ ਜਗਿਆਸੀ। ਸੋ ਛੂਟੇ ਭਉ ਦੁਖ ਚਉਰਾਸੀ। ਬਚਨ ਗੁਰੂ ਪਰ ਬਰਤਿਓ ਮੀਤਾ। ਮਾਨੋ ਸਾਧ ਸੰਗ ਤਿਨ ਕੀਤਾ। ਬਚਨ ਸੰਤ ਪਰ ਕੀਉ ਬਿਸਵਾਸ। ਮਾਨੋ ਭਇਓ ਸੰਤਨ ਕੋ ਦਾਸ। ਜਿਨ ਬਚਨ ਸੰਤ ਸਿਉ ਹੇਤ ਲਗਾਇਓ। ਤਿਨ ਸੰਤਨ ਸਿਉਂ ਪ੍ਰੇਮ ਬਢਾਇਓ। ਮਾਨੋ ਤਿਨ ਸਾਧਨ ਸਭ ਸਾਧੇ।ਜਿਨ ਬਚ ਸੰਤ ਲੇ ਮਨਹਿੰ ਅਰਾਧੇ। ੨੦੬

॥ ਦੋਹਰਾ ॥

ਜਿਨ ਸੰਤਨ ਕੇ ਬੱਚ ਮੰਨੇ,ਮਾਨੋ ਮਾਨੇ ਸੰਤ।
ਯਹ ਹੈ ਏਕ ਨਿਰੰਤਰੇ, ਸਤਿਗੁਰ ਸਤਿਗੁਰ ਮੰਤ।

॥ ਚੌਪਈ ॥ ਇਨ ਬਿਧ ਬਚਨ ਸਤਿ ਗੁਰੂ ਸਰੂਪਾ। ਸਭ ਕਿਛ ਇਨ ਹੀ ਮਾਹਿ ਅਨੂਪਾ। ਦ੍ਰਿਸ਼ਟਾਂਤ ਏਕ ਬਚਨਨ ਨਹੀ ਲਾਗੇ। ਸਭ ਦ੍ਰਿਸ਼ਟਾਂਤ ਬਨਹ ਬਚਨ ਸਭਾਗੇ। ਸਰਪ ਮੰਤ੍ਰ ਮਾਨਿੰਦ ਬਚ ਭਾਈ। ਇਨਕੇ ਲਵੈ ਬਚਨ ਤੁਮ ਲਾਈ। ਤੁਮ ਜੋ ਸਰਪ ਕੋ ਮੰਤ੍ਰ ਬਤਾਵੈ। ਇਨ ਕਾ ਅਸਰ ਤੁਰਤ ਹੋਇ ਜਾਵੈ। ਸੰਤ ਬਚਨ ਭੀ ਮੰਤ੍ਰ ਨਿਆਈਂ। ਇਨ ਅੱਸਰ ਕਛ ਹੋਵੇ ਨਾਹੀ।

।੨੦੭। ॥ ਦੋਹਰਾ ॥

ਕਛ ਉਤ੍ਰ ਤੁਮ ਕਉਂ ਦੀਆ, ਮੰਤ੍ਰ ਨਿਆਈ ਬੋਲ।
ਅਉਰ ਕਛੂ ਸੁਨ ਲੇਵਹੋ, ਬਚਨ ਕਹੋਂ ਤੁਮ ਖੋਲ੍ਹ।

॥ ਚੌਪਈ ॥ ਸਰਪ ਮੰਤ੍ਰ ਉਨ ਕਉਂ ਸੁਖ ਦੇਵੈ। ਜੋ ਹੁਦਾ ਕਾਹੂੰ ਸਿਉਂ ਲੇਵੈ ਹੁਦੇ ਬਿਨ ਮੰਤ੍ਰ ਅਸਰ ਨਹੀ ਕਰੇ। ਤੈਸੇ ਬਚਨ ਬਾਤ ਸੁਨ ਨਰੇ। ਸੰਤ ਬਚਨ ਜਿਉ ਸੰਤ ਸਿਉਂ ਸੁਨੇ। ਤਉਂ ਮਨ

Digitized by Panjab Digital Library | www.panjabdigilib.org

ਮਾਨੈ ਸੀਸ ਨ ਧੁਨੈ। ਸੰਤ ਲੇ ਮਨ ਕਉਂ ਮੰਤ੍ਰ ਬਿਚਾਰੈ। ਤੈਸਾ ਕਰੈ ਜੈਸਾ ਇਹੁ ਧਾਰੈ। ਜੀਵ ਬਿਖ ਬਿਖਿਆ ਧਾਇ ਗਈ। ਮੰਨ ਸ੍ਰੂਪ ਡੰਸ ਰਿਦੇ ਮਹਿੰ ਦਈ। ੨੦੮।

॥ ਦੋਹਰਾ ॥

ਰੋਮ ਰੋਮ ਮਹਿੰ ਬਿਖ ਧੱਸੀ, ਅੰਗ ਅੰਗ ਗਈ ਖਾਇ।
ਛੂਟੇ ਨਾਹੀਂ ਕਹੂੰ ਬਿਧਿ, ਰਹਿਓ ਜਤਨ ਕਮਾਇ।

॥ ਚੌਪਈ ॥ ਸਰਪ ਡਸੇ ਕੋ ਏਹੀ ਉਪਾਈ। ਮੰਤ੍ਰੀ ਮਿਲੇ ਹੋਇ ਸੁਖਦਾਈ। ਜਉਂ ਮਾਂਤ੍ਰੀ ਪੁਖਤਾ ਮਿਲ ਜਾਵੈ। ਤਉ ਇਨ ਕਉਂ ਲੇ ਮੰਤ੍ਰ ਚਲਾਵੈ। ਮਾਂਤ੍ਰੀ ਪਰਖੇ ਹੈ ਦਿਲ ਮਾਹਿੰ। ਇਨ ਬਿਖ ਧਾਇ ਗਦੀ ਤਨ ਮਾਹਿੰ। ਅੱਕ ਕੜੂਆ ਇਨ ਮੀਠਾ ਲਾਗੈ। ਉਨ ਢਿਗ ਆਨ ਰਖੇ ਅੱਕ ਆਗੈ। ਮੰਤ੍ਰ ਚਲਾਇ ਪੂਛੈ ਫਿਰ ਤਾਹਿੰ। ਕਛ ਕੜੂਆ ਲਾਗੈ ਅੱਕ ਆਹਿ। ੨੦੯।

॥ ਦੋਹਰਾ ॥

ਕਛ ਕੜੂਆ ਲਾਗੈ ਮਨੈ, ਜਹ ਸ੍ਰਪ ਡਸਿਆ ਹੋਇ।
ਬਹੁੜ ਚਲਾਵੈ ਮੰਤ੍ਰ ਕਉਂ, ਮੰਤ੍ਰੈ ਮਾਂਤ੍ਰੀ ਸੋਇ।

॥ ਚੌਪਈ ॥ ਚਲਾਇ ਮੰਤ੍ਰ ਫਿਰ ਫਿਰ ਪੁਛ ਲੇਵੈ। ਜਿਉਂ ਕੀ ਤਿਉਂ ਰੋਗੀ ਕਹ ਦੇਵੈ। ਜਬ ਉਨ ਕੜੂਆ ਠੀਕ ਲਗਾਵੈ। ਤਬ ਉਹ ਆਗੈ ਤੇ ਨ ਚਲਾਵੈ। ਇਨ ਬਿਧ ਸਰਪ ਡਸਿਆ ਸੁਖ ਪਾਈ। ਤੈਸੇ ਸੰਤ ਮੰਤ੍ਰ ਸੁਨ ਭਾਈ। ਮਾਂਤ੍ਰੀ ਗੁਰਮੁਖ ਜਉਂ ਕਹੂੰ ਪਾਈਐ। ਅਪਨਾ ਆਪ ਤਿਸ ਮਾਹਿੰ ਬਿਚਾਈਐ। ਤਬ ਓਹ ਸੰਤਨ ਮੰਤ੍ਰ ਚਲਾਵੈ। ਭ੍ਰਮ ਸਰਪ ਖਾਧੈ ਪਰ ਵਾਵੈ। ੨੧੦।

॥ ਦੋਹਰਾ ॥

ਬਿਖ ਬਿਖਿਆ ਜੀਅ ਭਾਵਈ, ਮਾਨੋ ਆਕ ਸਰੂਪ।
ਮੰਤ੍ਰ ਸੰਤ ਗੁਰਮੁਖ ਸੁਨਾਇ, ਚਾਲ ਚਲਾਇ ਅਨੂਪ।

Digitized by Panjab Digital Library | www.panjabdigilib.org

॥ ਚੌਪਈ ॥ ਸੁਨਾਇ ਮੰਤ੍ਰ ਜੀਅ ਚਾਲੀ ਵੇਖਹਿੰ। ਕਰਵੀ ਕੁਛ ਲਾਗੀ ਬਿਖ ਪੇਖਾਹਿੰ।ਬਹੁੜ ਸੁਤ ਕੇ ਮੰਤ੍ਰ ਫੁਰਾਇ। ਕਰ ਅਰੋਗ ਸੁਖ ਸਹਜ ਸਮਾਏ। ਇਨ ਬਿਧ ਸੰਤ ਮੰਤ੍ਰ ਮਨ ਮਾਨੈ। ਆਪਹੁੰ ਕੋਇ ਨ ਲਾਗੈ ਸਿਆਨੇ। ਸੁਨਤ ਪੜਤ ਕਛ ਅਸਰ ਨ ਹੋਈ। ਜੈਸੇ ਕੋ ਤੈਸੋ ਰਹਿ ਸੋਈ। ਪੜ੍ਹ ਸੁਨ ਥਾਕਾ ਸਗਲਾ ਲੋਗ। ਕਿਨਹ ਨ ਪਾਇਓ ਹਰਿ ਰਸ ਭੋਗ। ੨੧੧।

। ਦੋਹਰਾ ॥

ਪੜ੍ਹ ਸੁਣ ਸਾਂਤਿ ਨ ਆਵਈ,ਸੰਤ ਸੰਗ ਬਿਨ ਪ੍ਰੀਤ।
ਆਪਹੁੰ ਸਉਦਾ ਨਾ ਜੁਰੈ, ਰੈ ਬਾਰੀ ਬਿਨ ਮੀਤ।

॥ ਚੌਪਈ ॥ ਰੈ ਬਾਰੀ ਗੁਰਮੁਖ ਸੁਖ ਦਾਈ। ਜਉਂ ਕਛ ਖਾਈਐ ਐਸਾ ਭਾਈ। ਅਪੁਨਾ ਅਰਥ ਨ ਜਿਨ ਕਉਂ ਨੈਕ। ਪਰ ਉਪਕਾਰੀ ਸੁਜਨ ਬਿਬੇਕ। ਹਰਿ ਸਿਉਂ ਮਿਲੇ ਹਰਿ ਸਿਉਂ ਮਿਲ ਵਾਵਹਿੰ, ਹੇ ਜਨ ਜਉਂ ਕਹੂੰ ਐਸੇ ਪਾਵਹਿੰ। ਸੋ,ਮੈਂ, ਲੈ ਹਰਿ ਕਰਿ ਰੈਬਾਰੀ। ਗੁਰਮੁਖ ਜਾਨ ਗੁਰਮੁਖ ਨਿਸਤਾਰੀ। ਸਰਬ ਠਉਰ ਕੀਗੁਰਮੁਖ ਸੁਧਿਾਉਨ ਪੀਛੈ ਲਗ ਪਾਈਐ ਬੁਧਿ। ੨੧੨।

ਦੋਹਰਾ ॥

ਬੁਧ ਪ੍ਰਾਈਐ ਗੁਰਮੁਖ ਮਿਲੇ, ਖੂਲਹਿੰ ਭੇਦ ਅਨੇਕ।
ਤਬ ਸੰਤਨ ਕੇ ਬਚਨ ਕਉਂ, ਹਿਰਦੇ ਲਹੁ ਬਿਬੇਕ।

॥ ਚੌਪਈ ॥ ਉਤ੍ਰ ਸੰਤ ਸੁਨਾਇਓ ਜਨ ਕਉਂ। ਕੀਓ ਪ੍ਰਸੰਨ ਜਨਹਿੰ ਕੇ ਮਨ ਕਉਂ- ਅਉਰ ਬਾਤ ਸੁਨ ਹਰਿਜਨ ਕੇਰੀ। ਊਚੀ ਤੇ ਊਚੀ ਉਚੇਰੀ। ਇਕ ਜਨ ਆਇ ਸੰਤ ਸੰਗ ਮਿਲਿਆ। ਮੂੰਦਿਆ ਕਉਲ ਪ੍ਰਸੰਨ ਕਰ ਖਿਲਿਆ। ਜਨ ਕਹਿਆ ਹੇ ਹਰਿ-ਹਰਿ ਜਨ ਪਿਆਰੇ। ਇਹੁ ਸੰਕਾ ਹੈ ਚੀਤ ਹਮਾਰੇ। ਪ੍ਰਭ ਕੋ ਪਾਵਨ ਕਿਹ ਬਿਧ ਹੋਈ।ਜੋ ਯਤਨ ਮਿਲੇ ਸੋ ਭਾਖਉ ਸੋਈ।੨੧੩।

Digitized by Panjab Digital Library | www.panjabdigilib.org

॥ ਦੋਹਰਾ ॥

ਸੰਤ ਕਹਿਆ ਸੁਨ ਮੀਤ ਮਮ, ਪ੍ਰਭ ਪਾਵਨ ਕੀ ਰੀਤ ।
ਪ੍ਰਭ ਕਉ ਤਬਹੀਂ ਪਾਈਐ, ਤੁਟਹਿੰ ਖੰਭ ਜਬ ਮੀਤ ।

॥ ਚੌਪਈ ॥ ਤਬ ਜਨ ਬਹੁੜ ਬਾਨੀ ਯਹ ਕੀਨੀ । ਖੰਭ ਤੁਟਨ ਕਿਆ ਹਰਿ ਜਨ ਚੀਨੀ । ਸਭ ਤੁਟ ਜਾਹਿ ਪਾਈਐ ਤਬ ਪ੍ਰਭੂ । ਖੋਲ੍ਹ ਸੁਨਾਵਉ ਮੋਕਉਂ ਸਭੂ? ਸੰਤ ਕਹਿਆ ਸੁਨ ਲੀਜੈ ਜਨਾ । ਏਹ ਉਤ੍ਰ ਹੇ ਗੁਰਮੁਖ ਮੰਨਾ ।ਸਾਧਨ ਜੇਤੇ ਆਹਿ ਪਿਆਰੇ। ਮਾਨੋ ਯਹ ਸਭ ਖੰਭ ਸਵਾਰੇ । ਸਾਧਨ ਧਾਰ ਜੀਅ ਮਾਨਤ ਮਨ ਮਹਿੰ । ਇਨ ਕਰ ਪ੍ਰਭ ਪਾਵਉਂ ਗਾ ਛਿਨ ਮਹਿੰ ।੨੧੪।

॥ ਦੋਹਰਾ ॥

ਸਾਧਨ ਖੰਭ ਕਰ ਉਡ ਚਲੈ, ਮਨ ਮਹਿ ਯਾਹੀਂ ਧਾਰ ।
ਦੇਸ ਪ੍ਰਭੂ ਕੇ ਪਹੁਚਤੇ, ਮੋਕਉਂ ਲਗੈ ਨ ਬਾਰ ।

॥ ਚੌਪਈ ॥ ਪ੍ਰਭ ਕੋ ਦੇਸ ਪਰੇ ਰਹਿ ਜਾਵੈ । ਸਾਧਨ ਸਭ ਓਰੇ ਛਿਟ ਕਾਵੈ । ਕਰ ਸਾਧਨ ਜਬ ਮਾਨੈ ਹਾਰ । ਹੋਇ ਨਿਰਾਸ ਰਿਦੈ ਮਹਿ ਧਾਰ । ਸਭ ਸਾਧਨ ਕੀ ਆਸ ਚੁਕਾਏ । ਚਿਤ ਕੀ ਸੋਚ ਲੈ ਸਕਲ ਗਵਾਏ । ਨਿਜ ਬਲ ਹਾਰ ਅਧੀਨਤਾ ਛਕੇ । ਭੀਤ ਚਿਤ ਹੋਇ ਕਰੁਣਾ ਤਕੇ । ਅਤਿ ਅਧੀਨ ਇਕਾਗਰ ਹੋਈ। ਤਬ ਪ੍ਰਭ ਆਇ ਮਿਲੈਗਾ ਸੋਈ ।।੨੧੫।।

॥ ਦੋਹਰਾ ॥

ਪ੍ਰਭ ਪਾਵਨ ਤਬ ਹੋਵਈ, ਸਭ ਸਿਉ ਹੋਇ ਨਿਰਾਸ ।
ਮਨ ਬਚ ਕਰਮ ਸਭ ਬਲ ਹਰੇ, ਪਾਵੈ ਪ੍ਰਭ ਸੰਗ ਬਾਸ ।

॥ ਚੌਪਈ ॥ ਹੋਇ ਅਧੀਨ ਜਬ ਸਰਨੀ ਆਵੈ । ਸ਼ਰਨਿ ਸ਼ਰਨਿ ਕਰ ਪ੍ਰਭੂ ਬੁਲਾਵੈ । ਮਹਾਂ ਦਾਸ ਆਜ਼ਜ਼ ਹੋਇ ਦੀਨਾ। ਪਰਮ ਗਰੀਬ ਮਾਨੈ ਮਸ਼ਕੀਨਾ । ਸਭ ਧਿਰ ਮੇਟ ਪ੍ਰਭੂ ਧਿਰ ਰਾਖੈ।

Digitized by Panjab Digital Library | www.panjabdigilib.org

ਛੂਟਨ ਨਿਜ ਪ੍ਰਭ ਕਿਰਪਾ ਲਾਖੈ। ਅਤਸੈ ਕਰਿ ਢਹਿ ਪਵੈ ਪਿਆਰੇ। ਮਾਨੈ ਹਾਰ ਹਾਰਨ ਤੇ ਹਾਰੈ। ਤਬ ਪ੍ਰਭ ਆਇ ਮਿਲੈ ਛਿਨ ਮਾਂਹੀ। ਦੇਖ ਦਾਸ ਪ੍ਰਭ ਦਇਆ ਜਨਾਹੀਂ ।੨੧੬।

॥ ਦੋਹਰਾ ॥

ਓਹ ਅਧੀਨਤਾ ਪਦ ਬਡਾ, ਜਉਂ ਕਹੂੰ ਆਵੈ ਮੀਤ।
ਪਾਵੈ ਪ੍ਰਭ ਕਉਂ ਛਿਨਕ ਮਹਿੰ, ਸੁਖੀਆ ਹੋਵੈ ਚੀਤ।

॥ ਚੌਪਈ ॥ ਓਹ ਅਧੀਨਤਾ ਰੋਗੀ ਪਾਵੈ। ਕਰਿ ਅਉਖੱਧ ਜੋ ਰੋਗ ਨ ਜਾਵੈ। ਘੋਰ ਪਾਪ ਰੋਗ ਉਪਜਾਨਾ। ਨਿਹ ਕਲੰਕ ਨ ਕਰੈ ਖਸਮਾਨਾ। ਲਾਖ ਤਬੀਬ ਪੁੜੀ ਦੇ ਹਾਰਹਿੰ। ਕਿਸ ਮਹਿੰ ਸ਼ਕਤ ਰੋਗ ਕਉਂ ਟਾਰਹਿੰ। ਕਛ ਅਧੀਨਤਾ ਵੈਸੀ ਆਵੈ। ਪਲ ਮਹਿੰ ਓਇ ਚੰਗਾ ਹੋਇ ਜਾਵੈ ਜਦਪਿ ਆਯੂ ਪੂਰੀ ਹੋਇ ਰਹੈ। ਬਢੈ ਰੋਗ ਅਧੀਨਤਾ ਗਹੈ ॥੨੧੭॥

॥ ਦੋਹਰਾ ॥

ਲਾਖ ਦਿਲਾਸਉ ਏਕ ਜਨ, ਜਿਣ ਜਾਵੈ ਹੈ ਮੀਤ।
ਜੋ ਚਾਹੈ ਸੋ ਕਰ ਲਵੈ, ਗਹਿ ਅਧੀਨਤਾ ਚੀਤ।

॥ ਚੌਪਈ ॥ ਝੂਠੇ ਤੇ ਸਾਚਾ ਹੋਇ ਆਵੈ । ਸਾਚੇ ਕਉ ਝੂਠਾ ਕਰ ਜਾਵੈ । ਕੰਨਿਆ ਰਾਜ ਚੰਡਾਲ ਬਿਆਹਿ। ਗਹਿ ਅਧੀਨਤਾ ਜੇ ਇਹੁ ਚਾਹਿ। ਪਾਪੀ ਤੇ ਹੋਵੈ ਸ਼ੁਭ ਕਰਮੀ। ਕਰੋਧੀ ਤੇ ਹੋਵੈ ਰਿਦ ਨਰਮੀ। ਕੁਸ਼ਟੀ ਹੋਇ ਦੇਵਤਾ ਜਾਵੈ। ਪਰਮ ਰੰਕ ਇੰਦ੍ਰਾਸਣ ਪਾਵੈ। ਅੰਧਲੇ ਕਉਂ ਤ੍ਰਿਭਵਣ ਦਿਖਾਈਐ । ਪਿੰਗ ਪਾਇੰ, ਗੁੰਗਾ ਬੁਲ ਵਾਈਐ ॥੨੧੮॥

॥ ਦੋਹਰਾ ॥

ਜੀਆ ਪਦ ਖੋਇ ਪਦ ਪ੍ਰਭ ਦ੍ਰਸੈ, ਗਹਿ ਅਧੀਨਤਾ ਚਿਤ।
ਅਉਰ ਪਦ ਇਨ ਤਰ ਸਭੈ, ਕਿਉਂ ਪਈਅਹਿ ਨਹ ਮਿਤ।

॥ਚੌਪਈ॥ ਓਹ ਅਧੀਨਤਾ ਪ੍ਰਥਮ ਨ ਪਾਈਅਹਿ। ਜਬ ਤਕ ਸਾਧਨ ਮਾਹਿ ਨ ਆਈਐ। ਸਾਧਨ ਕਰ ਜਬ ਹਾਰੇ ਭਾਈ। ਤਬ ਅਧੀਨਤਾ ਰਿਦ ਦਰ ਸਾਈ। ਨਿਮਰਤ ਅਰਥ ਕਛ ਕਰੈ ਨ ਪਿਆਰਾ। ਸਰਬ ਸੁ ਤਜ ਹੋਵੈ ਬਿਚਾਰਾ। ਪ੍ਰਭ ਸਿਉਂ ਆਪ ਨ ਰਖੈ ਦੁਰਾਈ। ਬਿਸੁਆਸ ਨਾਵ ਚੜ੍ਹ ਬੈਸੇ ਭਾਈ। ਰਾਜ ਕੋ ਗਰਬ ਅਰ ਮਾਨ ਬਡਾਈ। ਸਭ ਤਜ ਏਕੋ ਏਕ ਧਿਆਈ। ।੨੧੯।

॥ ਦੋਹਰਾ ॥

ਇਹ ਬਿਧ ਪ੍ਰਭ ਕਉਂ ਪਾਈਐ, ਪ੍ਰਭ ਪਾਵਨ ਇਹ ਰੀਤ।
ਜਨ ਕਉਂ ਸੱਤ ਉਤ੍ਰ ਦੀਆ, ਦਈ ਪ੍ਰਸੰਨਤਾ ਚੀਤ।

॥੨੪॥ ਚੌਪਈ ॥ ਸੁਨਹੁ ਅਉਰ ਹਰਿ ਜਨ ਕੀ ਬਾਤ। ਇਕ ਜਨ ਆਇ ਮਿਲਿਓ ਸੰਤ ਗਿਆਤ। ਤਾਹਿੰ ਆਨ ਇਹ ਬਾਤ ਚਲਾਈ। ਸੰਤ ਸਭਾ ਮਹਿੰ ਖੋਲ੍ਹ ਸੁਨਾਈ। ਏ ਹਰਿ ਜਨ ਸਾਲਨਾ ਤੁਮ ਖਾਤੇ ? ਹਰਿ ਜਨ ਕਹਿਆ ਖਾਵਨ ਕਉਂ ਚਾਹਤੇ ? ਆਗੇ ਸਾਲਨਾ ਕਬੀ ਨ ਖਾਇਆ। ਅਬ ਖਾਂਵਨ ਕਉਂ ਬੰਛਉਂ ਰਾਇਆ। ਤਬ ਜਨ ਕਹਿਆ ਬਨਾਯਾ ਸੰਤ। ਚਲ ਘਰ ਹਮਰੇ ਜੋਗ ਮਹੰਤ ॥ ੨੨੦ ॥

॥ ਦੋਹਰਾ ॥

ਸੰਤ ਕਹਿਆ ਹੇ ਸੁਜਨ ਜਨ, ਸਾਲਨਾ ਚਾਹੇ ਚਿਤ।
ਖਾਵਨ ਕੀ ਬਹੁ ਰੁਚ ਹਮਹਿੰ, ਮਨ ਖਾਵਨ ਦੇਇ ਨ ਮਿਤ।

॥ ਚੌਪਈ ॥ ਮਨ ਸਾਲਨਾ ਨਹੀ ਖਾਵਨ ਦੇਵੈ। ਹਮ ਸਾਲਨ ਕੀ ਰੁਚ ਬਹੁ ਹੋਵੈ। ਜਤਨ ਕਰਉਂ ਖਾਂਵਨ ਕਉਂ ਭਾਈ। ਕਹਾਂ ਕਰਉਂ ਕਛ ਨਾਹਿ ਬਸਾਈ। ਜਨ ਕਹਿਆ ਹੇ ਹਰਿ ਜਨ ਪਿਆਰੇ। ਯੇਹ ਸਾਲਨਾ ਤੇ ਮਨ ਆਧਾਰੇ। ਮਨ ਪ੍ਰਸੰਨ ਹੋਵਤ ਇਨ ਖਾਏ। ਤੁਮ ਕਉਂ ਕਿਉਂ ਕਰ ਬਰਜ ਰਹਾਏ ? ਕੈ ਤੁਮ

Digitized by Panjab Digital Library | www.panjabdigilib.org

ਸਾਲਨ ਕਹਤੇ ਔਰ। ਹਮ ਨਹੀ ਸਮਝੀ ਤੁਮਰੀ ਠਉਰ?। ੨੨੧।

॥ ਦੋਹਰਾ ॥

ਕ੍ਰਿਪਾ ਕਰਹੁ ਕਹੋ ਖੋਲ੍ਹ ਕਰ, ਹਮ ਸਮਝਾਵਉ ਸੰਤ।
ਕਉਨ ਸਾਲਨਾ ਤੁਮ ਕਹੋ, ਮਨ ਖਾਵਨ ਦੇ ਨ ਮਹੰਤ।

॥ ਚੌਪਈ ॥ ਤਬ ਹੋਇ ਪ੍ਰਸੰਨ ਇਉਂ ਬੋਲਿਓ ਗਿਆਨੀ। ਅਪਨਾ ਰਿਦਾ ਖੋਲ੍ਹ ਕਹੀ ਬਾਨੀ। ਹੇ ਜਨ! ਹਮਰਾ ਰਿਦਾ ਪਿਆਰੇ ਸਾਲਨ ਮੰਸ ਨ ਕਾਂਮ ਹਮਾਰੇ। ਇਨਕਾ ਖਾਵਨ ਸੁਪਨ ਨ ਚਾਹਉਂ। ਖਾਵਨ ਸਾਲਨ ਅਉਰ ਬਤਾਵਉਂ। ਜਪੁ ਤਪੁ ਕਰਿ ਤਨ ਕਉਂ ਖਾਇ ਜਾਵਉਂ। ਜਉਂ ਮਨ ਊਪਰ ਕਾਬੂ ਪਾਵਉਂ ? ਦਿਨਸ ਰੈਨ ਇਹ ਸੋਚਉਂ ਸੋਚਾ। ਹਮਰੀ ਪੂਰਨ ਹੋਇ ਨ ਲੋਚਾ। ੨੨੨।

॥ ਦੋਹਰਾ ॥

ਸਾਲਨ ਤਨ ਕਉਂ ਖਾਇ ਲੇਉਂ, ਜਪੁ ਤਪੁ ਠਾਟ ਅਪਾਰ।
ਚੂਕੇ ਮੋਹ ਸਰੀਰ ਸਿਉਂ, ਮਨ ਸਾਬੀ ਹੋਇ ਨ ਯਾਰ।

॥ ਚੌਪਈ ॥ ਮਨ ਨਹੀ ਮਾਨੇ ਹਮਰੀ ਬਾਤਾ। ਸਾਲਨ ਖਾਵਣ ਦੇਇ ਨ ਤਾਤਾ। ਹਮਰੀ ਰੁਚ ਇਹ ਹੋਵੈ ਮਿੰਤਾ। ਸਦਾ ਰਹੈ ਹਮਰੇ ਯਹ ਚਿੰਤਾ। ਇਨ ਤਨ ਪਾਇਆ ਪ੍ਰਭ ਸਿਉਂ ਪੱਟ। ਬਾਰ ਬਾਰ ਕਰਉਂ ਖਾਵਣ ਝੱਟ। ਏਹ ਜੋ ਬੇਮੁਖ ਮਨ ਹਤਿਆਰਾ ਖਾਵਣ ਦੇਇ ਨ ਨੈਕ ਬੁਟਾਰਾ। ਖਾਵਨ ਸਾਲਨ ਏਹੀ ਬਨੇ। ਅਵਰ ਨ ਖਾਵਨ ਬਨਤਾ ਜਨੇ। ੨੨੩।

॥ ਦੋਹਰਾ ॥

ਜਗਿਆਸੀ ਜੋ ਪ੍ਰਭੂ ਕੋ, ਏਹੀ ਕਰਤ ਉਪਾਇ।
ਤਨੁ ਅਪਨੇ ਕਉਂ ਸਾਲਨਾ, ਖਾਵਤ ਤ੍ਰਿਪਤਿ ਨ ਪਾਇ।

॥ ਚੌਪਈ ॥ ਅਦਭੁਦ ਚੋਲ੍ਹਾ ਤਿਨਹਿੰ ਬਨਾਇਆ। ਖਾਵਤ ਰਜਹਿੰ ਨ ਕਬਹੂੰ ਰਾਇਆ। ਇਨਹਿੰ ਖਾਇ ਭਏ ਸਿੱਧ

ਗਿਆਨੀ । ਇਨਹਿੰ ਖਾਇ ਖਾਇ ਮਿਲੇ ਸਾਰੰਗ ਪਾਨੀ ।ਇਨਹਿੰ ਖਾਇ ਜਲ ਊਪਰ ਤੁਰਹਿੰ । ਇਨਹਿ ਖਾਇ ਅਕਾਸ ਉਡ ਚਰਹਿੰ । ਪ੍ਰਭ ਕਉਂ ਖਾਵਨ ਇਹ ਹੀਂ ਭਾਵੈ । ਇਨ ਖਾਵਤ ਸਭ ਪੂਰੀ ਪਾਵੈ । ਜਿਹ ਖਾਵਤ ਪ੍ਰਭ ਸਿਉਂ ਬਿਬ ਪਰੈ । ਸੋ ਖਾਵਨ ਦੁਖ ਦਾਇਕ ਨਰੈ । ੨੨੪ ।

॥ ਦੋਹਰਾ ॥

ਅਵਰ ਮੰਸ ਪਰ ਤੰਨ ਕੇ, ਖਾਵਤ ਜੋ ਹੇ ਮੀਤ ।
ਤਿਨ ਸਿਉਂ ਪ੍ਰਭ ਰੂਠਾ ਰਹਿਓ,ਖਾਵਨ ਮਾਂਹਿ ਅਨੀਤ ।

॥ ਚੌਪਈ ॥ ਮੰਸ ਹਾਰੀ ਜੋ ਪਰ ਤਨੁ ਭੱਛਨ । ਤਿਨ ਧਾਰੇ ਇਹ ਸਿੰਘਾਂ ਲਛਨ । ਮੰਸ ਹਾਰੀ ਪ੍ਰਭ ਏਹ ਬਨਾਏ । ਰਾਖਸ਼ ਡਾਇਨ ਮੰਸਾ ਖਾਇ । ਚਿੱਤ੍ਰੇ ਬਾਘ ਸਿਆਲ ਲੂੰਬਰੇ । ਮੰਸਾ ਹਾਰੀ ਪ੍ਰਭ ਏਹ ਕਰੇ । ਬਾਜ਼ੇ ਬਾਜ਼ ਚਰਗ ਸੀਚਾਨੇ । ਮੰਸ ਅਹਾਰ ਪ੍ਰਭੂ ਇਨ ਠਾਨੇ । ਮਾਨਸ ਹਾਰ ਪ੍ਰਭ ਅੰਨ ਬਨਾਇਆ । ਜਨ ਨਿਜ ਹਾਰ ਮੰਸ ਲਪਟਾਇਆ । ਮਾਨੇ ਤੇ ਭੀ ਓਹੀ ਭਏ । ਜੋ ਪੀਛੇ ਹਮ ਬਰਨ ਸੁਨਏ । ੨੨੫ ।

॥ ਦੋਹਰਾ ॥

ਮਾਨਸ ਕੋ ਪਦ ਛਾਡ ਕਰ, ਗਹਿਓ ਸਿੰਘ ਪਦ ਮੀਤ ।
ਮੰਸ ਭਛਨ ਨਰ ਜੋ ਕਰਤ,ਤਿਨ ਸਿੰਘਾਂ ਇਕ ਰੀਤ ।

॥ ਚੌਪਈ ॥ ਕਹਾਂ ਭਇਆ ਜੋ ਮਾਨਸ ਭਏ । ਕਰਮ ਪਸ਼ੂ ਕੇ ਧਾਰਨ ਕਏ । ਕਹਾਂ ਭਇਆ ਬੁਧਿ ਭਈ ਸਿਆਨੀ । ਗ੍ਰਹਨ, ਤਜਨ ਕਛ ਸਾਰ ਨ ਜਾਨੀ । ਕਹਾਂ ਭਇਆ ਜੋ ਬੇਦ ਕਉਂ ਸੁਨਤੇ । ਜਉਂ ਕਰਮ ਨੀਚ ਸਿਉਂ ਸੀਸ ਨ ਧੁਨਤੇ । ਕਹਾਂ ਭਇਆ ਜ਼ਾਤ ਦੀਰਘ ਭਏ । ਨੀਚ ਕਰਮ ਜਉਂ ਰਾਤੇ ਰਹੇ,ਦੀਰਘ ਜਾਤ ਤਾਸ ਰਿਦ ਮਾਨਾ। ਕਰਮ ਦੀਰਘ ਗਹਿ ਰਹੇ ਸੁਜਾਨਾ । ੨੨੬ ।

॥ ਦੋਹਰਾ ॥

ਦੀਰਘ ਕਰਮ ਹਹਿ ਸ਼ਾਤਕੀ, ਰਜ, ਤਮ ਲਘੁ ਪਹਿਚਾਨ।
ਜੋ ਕਾਹੂੰ ਹੈ ਧਾਰਿਆ, ਰੂਪ ਤਾਹਿੰ ਸੋ ਮਾਨ।

॥ ਚੌਪਈ ॥ ਰਜ, ਤਮ, ਧਰਮ ਪਸ਼ੂ ਕੇ ਭਾਈ। ਇਹੁ ਪਦ ਲਘੁ ਹੈ ਅਤਿ ਨੀਚਾਈ। ਸ਼ਾਂਤ ਪਦ ਦੇਵਤੇ ਕਾ ਭਾਈ ਮੰਸਾ ਹਾਰੀ ਸਿੰਘ ਜਨਾਈ। ਜੋ ਜੋ ਕਰਮ ਕਿਸੀ ਹੈ ਧਾਰਾ। ਮਾਨਸ ਮਨਹੀ, ਓਹੀ ਬਿਚਾਰਾ। ਜਿਨ ਮਾਨਸ ਰਜ, ਤਮ, ਕ੍ਰਿਤ ਕੀਏ। ਅੰਤ੍ਰ ਗਤਿ ਪਸ਼ੂਆਂ ਤੇ ਥੀਏ। ਮਾਨਸ ਕਰਮ ਸ਼ਾਂਤਿ ਕਰ ਗਹੇ। ਅੰਤ੍ਰ ਗਤਿ ਦੇਵਤੇ ਤੇ ਰਹੇ। ਜਿਨ ਮਾਨਸ ਮੰਸ ਭੱਛਨ ਕੀਆ। ਅੰਤ੍ਰ ਗਤਿ ਸੋ ਸਿੰਘ ਹੈ ਥੀਆ। ਜੋ ਬੁਧਿ ਬਪੁ ਤਿਨਕਾ ਬਪੁ ਸੋਈ। ਕਹਾਂ ਭਇਆ ਅਉਰ ਦੀਸਤ ਕੋਈ। ।੨੨੭। ॥ ਦੋਹਰਾ ॥

ਜੋ ਕਾਹੂੰ ਕੋ ਕਰਮ ਹੈ, ਬੁਧਿ ਬਪੁ ਸੋਈ ਮਾਨ।
ਮਾਨਸ ਪਲ ਕਛ ਗਾਣਵੇਂ, ਤਨ ਭੀ ਓਹੀ ਪਛਾਨ।

॥ ਚੌਪਈ ॥ ਮਰ ਕਰ ਜੋਨ ਏਹੀ ਇਹ ਪਾਵੈ। ਜੋ ਬੁਧਿ ਬਪੁ ਸੋ ਬਾਹਰ ਆਵੈ। ਜੈਸੇ ਕਰਮ ਤੈਸੇ ਸਰੀਰਾ। ਪਾਵੈ ਇਨ ਮਹਿੰ ਭੇਦ ਨ ਬੀਰਾ। ਮਾਨਸ ਰੂਪ ਮੁਲੰਮਾ ਹੋਇ ਜਾਵੈ। ਅਸਲੀ ਬੁਧਿ ਬਪੁ ਬਾਹਰਿ ਆਵੈ। ਅੰਤ ਰੂਪ ਇਨ ਅਸਲੀ ਅਸਲੀ। ਮੁੱਲੰਮਾਂ ਦਿਨ ਥੋਰੇ ਜਾਇ ਘੱਸਲੀ।ਮੰਸ ਹਾਰੀ ਜੋ ਦਿਸੀਅਤ ਮਾਨਸ। ਦਿਨ ਥੋਰੇ ਇਹ ਰੂਪ ਪਛਾਨਸ।੨੨੮। ॥ ਦੋਹਰਾ ॥

ਅੰਤ ਰੂਪ ਓਹੀ ਧਰਹਿੰ ਗੇ, ਜੈਸੇ ਖਾਵਤ ਖਾਜ।
ਇਹੁ ਬਾਤ ਪੂਰਨ ਭਈ, ਅਉਰ ਪ੍ਰਸੰਗ ਬਿਰਾਜ।੨੫

॥ਚੌਪਈ॥ ਅਉਰ ਇਕ ਪ੍ਰੇਮੀ ਸੰਤ ਢਿਗ ਰਹਤਾ। ਸੰਤ ਪੂਛੀ ਭਾਂਖਿਉ ਇਹੁ ਬਾਤਾ। ਕਿਤਕ ਰੁਪਈਏ ਹੈਂ ਤੁਮ ਪਾਂਹੀ। ਭਾਖ

ਸੁਨਾਵਹੁ ਮੋਕਉਂ ਭਾਈ। ਬਚਨ ਸੰਤ ਸਿਉਂ ਭਾਖ ਸੁਨਾਇਆ। ਜਿਉਂ ਕਾ ਤਿਉਂ ਨਿਰਨਾ ਬਤਲਾਇਆ। ਚਾਰ ਸੈ ਮੂੜੀ ਭਾਖ ਸੁਨਾਈ। ਸੰਤ ਬੂਝ ਹਿਰਦੇ ਮਹਿੰ ਪਾਈ। ਜਬ ਦਸ ਮਾਸ ਅਉਰ ਬੀਤਾਨੇ। ਜਨ ਸਿਉਂ ਹਰਿ ਜਨ ਫੇਰ ਬੁਲਾਨੇ ॥ ੨੨੯ ॥

॥ ਦੋਹਰਾ ॥

ਜਨ ਮੂੜੀ ਕੇਤੀ ਧਰੋ, ਅਬ ਤੁਮਰੇ ਹੈ ਪਾਸ।
ਜਨ ਹਰਿ ਜਨ ਸਿਉਂ ਬੋਲਿਆ, ਏਹ ਕਰੀ ਅਰਦਾਸ।

॥ ਚੌਪਈ ॥ ਨੌ ਸੌ ਮੂੜੀ ਅਪਨੀ ਭਾਖੀ। ਬਿਰਥਾ ਖੋਲ ਹਰਿ ਜਨ ਪਹਿੰ ਆਖੀ। ਸੋ ਜਨ ਸੰਤ ਕਉਂ ਕਰਤਾ ਚਾਪੀ। ਜਬ ਜਬ ਦੂਹੂ ਆਪਸ ਮਹਿ ਏਹ ਆਖੀ। ਜਬ ਨੌ ਸੌ ਤਿਨ ਮੂੜੀ ਕਹੀ। ਹਰਿ ਜਨ ਮਾਰ ਲੱਤ ਤਿਨ ਦਈ। ਬੇਦਰਿੰਗ ਹੋਇ ਲਾਤ ਚਲਾਈ ਜਨ ਜਾਇ ਪਰਾ ਕਹੂੰ ਤਬ ਭਾਈ। ਹਰਿ ਜਨ ਨਰਹਰਿ ਰੂਪ ਬਨਾਇਆ। ਅਧਿਕ ਕ੍ਰੋਧ ਤਿਨ ਕਰ ਦਿਖਰਾਇਆ। ੨੩੦।

॥ ਦੋਹਰਾ ॥

ਕ੍ਰੋਧ ਬੀਜ ਹਰਿ ਜਨ ਹਰਿਓ, ਨਿਹਚਉ ਹਿਰਦੈ ਧਾਰ।
ਜਨ ਕਲਿਆਨ ਕੇ ਕਾਰਨੇ, ਭੇਖ ਬਨਾਇਓ ਯਾਰ।

॥ ਚੌਪਈ ॥ ਸੂਤੇ ਤੇ ਉਠ ਬੈਠਾ ਸੰਤ। ਜਨ ਕਉਂ ਤ੍ਰਾਸ ਬਹੂੰ ਦੀਓ ਮਹੰਤ। ਹਾ ਹਾ ਕਾਰ ਮੁਖ ਬਾਨੀ ਭਾਖੇ। ਮੂਰਖ ਮੂੜ੍ਹ ਬਹੁਤ ਹੀਂ ਆਖੇ। ਮਾਵੈ ਨਾਹੀ ਹਰਿ ਜਨ ਅੰਗ। ਅਦਭੁਤ ਭੇਖ ਰਚਿਓ ਸਰਬੰਗ। ਜਿਉਂ ਲੋਕੀ ਕੇ ਦਾਮ ਕੋਊ ਹਿਰੇ। ਪੀੜ ਖਾਹਿ ਅਧਿਕ ਉਹ ਗਿੜੇ। ਤੈਸੇ ਹਰਿ ਜਨ ਭੇਖ ਬਨਾਇਆ। ਬਾਹਜ ਸੁਆਂਗ ਐਸੋ ਪਹਿਰਾਇਆ ॥ ੩੩੧ ॥

॥ ਦੋਹਰਾ ॥

ਮੂਰਖ ਕੋ ਆਦ੍ਰ ਬੁਰਾ, ਭਲੀ ਸੰਤਨ ਕੀ ਤ੍ਰਾਸ।
ਜਉਂ ਸੂਰਜ ਅਧਕਾ ਤਪੈ, ਤਿਉ ਬਰਖਾ ਕੀ ਆਸ।

Digitized by Panjab Digital Library | www.panjabdigilib.org

॥ ਚੌਪਈ ॥ ਭੂਰ ਭਾਗ ਹੋਵਹਿਂ ਜ਼ਬ ਦਾਸਾ। ਤਬ ਹਰਿ ਜਨ ਕਛ ਦੇਵੇ ਤ੍ਰਾਸਾ। ਤ੍ਰਾਸ ਸੰਤ ਕਾ ਜਿਨਹਿਂ ਸਹਾਨਾ। ਭਇਓ ਸਰਬ ਮਹਿਂ ਸੋ ਪ੍ਰਵਾਨਾ। ਸੰਤ ਜੋ ਬਨੇ ਤ੍ਰਾਸ ਸਿਉਂ ਬਨੇ। ਸੰਤ ਸਹਾਰ ਸੰਤ ਹੀਂ ਮਨੇ। ਸਉਰੇ ਤਬ ਜਬ ਸੰਤ ਸਹਾਰੈ। ਖਿਨ ਖਿਨ ਚੋਟ ਸ਼ਬਦ ਕੀ ਮਾਰੈ। ਲੁਹਾਰ ਨਿਕਟ ਲੇ ਰਖੀਐ ਲੋਹਾ। ਸ਼ੀਸ਼ਾ ਨਹ ਬਿਨ ਤਾਏ ਹੋਹਾ ॥ ੨੩੨ ॥

। ਦੋਹਰਾ ॥

ਘੜ ਤਾਏ ਬਿਨ ਲੋਹ ਕੇ, ਹੋਇ ਨਾ ਮੁਕਰ ਸੁ ਮੀਤ।
ਜਬਹਿਂ ਚੋਟ ਸਿਰ ਪਰ ਸਹੈ, ਹੋਇ ਮੁਕਰ ਪਲ ਬੀਚ।

॥ ਚੌਪਈ ॥ ਹਰਿਜਨ ਜਨ ਕਉਂ ਦੇਇ ਜੁ ਤ੍ਰਾਸਾ। ਸਉਰਨ ਕਾਜ ਹੇਤ ਜਨ ਦਾਸਾ। ਤ੍ਰਾਸ ਦੇਇ ਫਿਰ ਬਚਨ ਉਚਾਰੇ। ਜਨ ਕਉਂ ਕਹਿਆ ਸੁਨ ਸੰਚਨ ਵਾਰੇ।ਪ੍ਰਿਥਮੇ ਮੈਂ ਜੋ ਪੂਛਉਂ ਆਹਿ ਤਬ ਸੈ ਚਾਰ ਬਤਾਇ ਤਾਹਿਂ। ਪਾਛੇ ਪੰਜ ਸੈ ਖਟ ਸਹੇੜੇ। ਰਹਿਓ ਸਹੇੜਨ ਕੇ ਤੂੰ ਘੇਰੇ। ਅਬ ਨਉਂਸੈ ਤੈਂ ਕੀਨੇ ਪ੍ਰਾਨੀ। ਸੰਜਨ ਸਿਉਂ ਹੀਂ ਅਉਧ ਬਿਹਾਨੀ ॥ ੨੩੩ ॥

॥ ਦੋਹਰਾ।

ਜਨਮ ਲਾਲ ਤੁਮ ਹਥ ਲਗਾ, ਖੋਇਓ ਬਦਲੇ ਛੁੱਦੂ।
ਤ੍ਰਿਸ਼ਨਾ ਠੱਗਨੀ ਕੇ ਕਹੇ, ਪਰਿਓ ਭੱਰਮ ਸਮੁੰਦੂ।

॥ ਚੌਪਈ ॥ ਅਬ ਤਕ ਅਉਧ ਤੈਂ ਇਵੇਂ ਗਵਾਈ। ਸੰਜਨ ਖਾਟਨ ਅਰਥ ਲਗਾਈ। ਜਿਸ ਆਉਧ ਸਿਉਂ ਪਾਈਐ ਪ੍ਰਭੂ। ਤੈਂ ਇਉਂ ਹੀਂ ਲੈ ਖੋਈ ਸਭੂ। ਸੰਜਨ ਧਿਆਨ ਜਬ ਦੇਹ ਛੁਟ ਜਾਵੈ। ਤਬ ਤੂੰ ਜੂਨ ਸਰਪ ਕੀ ਪਾਵੈ। ਖਾਟ ਖਾਟ ਬਹੁ ਦਾਮ ਸਹੇੜੇ।ਤਬ ਕਿਹ ਕਾਰਜ ਆਂਵਹਿਂ ਤੇਰੇ? ਸੰਗਤ ਅਸਰ ਨਾ ਤੋਕਉਂ ਕੀਆ। ਸੁਨਿ ਸੁਨਿ ਬਚਨਤੈਂ ਡੋਰਾ ਥੀਆ? ॥ ੨੩੪ ॥

॥ ਦੋਹਰਾ ॥

ਸੰਗਤ ਅਸਰ ਜੁ ਤਉਂ ਹੁੰਤਾ, ਚਾਰ ਸੈ ਦੇਤ ਉਡਾਇ ।
ਅਉਰ ਸਹੇੜਨ ਕਿਹ ਪਈ, ਅਗਲੇ ਵੇਤ ਲੁਟਾਇ ।

॥ ਚੌਪਈ ॥ ਜਗਿਆਸੀ ਜੋ ਪ੍ਰਭ ਕੇ ਭਾਈ । ਤਨ ਅਪਨਾ ਭੀ ਭਾਰ ਦ੍ਰਸਾਈ ਸਦਾ ਚਿੰਤ ਚਿਤ ਉਨ ਕੇ ਰਹੈਂ । ਤਨ ਸਿਉਂ ਮੋਹ ਤੁਟੈ ਇਉਂ ਚਹੈਂ । ਸੰਪਤ ਸੁਖ ਜਗਤ ਕੇ ਕਾਮਾ । ਸਕਲ ਬਿਸਾਰ ਭਏ ਨਿਹ ਕਾਮਾ । ਪ੍ਰਭ ਹੀਂ ਉਨ ਕੋ ਸਰਬ ਸੋ ਮੀਤਾ । ਪ੍ਰਭ ਹੀਂ ਸੰਗ ਉਨ ਜੀਵਨ ਕੀਤਾ । ਸਰਬ ਸੁਖ ਤਿਨ ਪ੍ਰਭ ਹੋਇ ਰਹਿਆ । ਆਨ ਕਛੂ ਚਾਹਨ ਨਹੀਂ ਚਹਿਆ ॥ ੨੩੫ ॥

॥ ਦੋਹਰਾ ॥

ਉਰਝਨ ਜਨ ਕੀਪ੍ਰਭੂ ਸਿਉਂ, ਜਿਤ ਕਿਤ ਸਰਬ ਪ੍ਰਕਾਰ ।
ਸੁਖ ਦੁਖ ਮਹਿ ਚਿਤ ਕਰੈਂ, ਸੰਪਤ ਬਿਪਤ ਬਿਸਾਰ ।

॥ ਚੌਪਈ ॥ ਇਹੁ ਉਪਦੇਸ ਜਨ ਸੰਤ ਸੁਨਾਇਆ ।ਦਾਮ ਤਜਾਇ ਮੁਕਤ ਕਰਵਾਇਆ । ਹਰਿ ਜਨ ਕਾ ਏਹੀ ਹੈ ਕਾਮ । ਭਟਕਣ ਖੋਇ ਦੇਵਹਿ ਬਿਸਰਾਮ । ਜੀਉ ਚਿੱਤ ਮਾਇਆ ਮਹਿ ਬੱਸੈ । ਉਨ ਸੇ ਕਾਢ ਵਈਰਾਗ ਮਹਿ ਧੱਸੈਂ । ਜੀਆ ਚਿਤ ਬਿਖਿਆ ਕਉਂ ਚਾਹੇ। ਹਰਿ ਜਨ ਹਰਿ ਰਸ ਮਾਹਿ ਲਗਾਏ। ਜੀਅ ਚਿਤ ਇਤ ਉਤ ਡੁਲ ਜਾਵੈ । ਡੋਲ ਮੇਟ ਸੰਤ ਮੁਕਤ ਕਰਾਵੈ । ॥ ੨੩੬ ॥

॥ ਦੋਹਰਾ ॥

ਸੁਖ ਦੇਵਨ ਦੁਖ ਮੇਟਨੇ, ਖਿਮਾ ਕਰਹਿ ਅਪਰਾਧ ।
ਕਹੁ ਕਬੀਰ ਓਇ ਕਬ ਮਿਲਹਿ, ਪਰਮ ਸਨੇਹੀ ਸਾਧ ।

॥੨੬॥ ਚੌਪਈ ॥ ਔਰ ਬਾਤ ਹਰਿ ਜਨ ਕੀ ਏਹ । ਸੁਨ ਲੇਵਹੋ ਹਿਰਦਾ ਕੁਛ ਦੇਹ। ਪਾਤਸ਼ਾਹ ਮਿਲਨ ਇਕ ਆਇਆ। ਹਰਿ ਜਨ ਅਪਨਾ ਆਪ ਛਪਾਇਆ।ਆਇਆ ਸ਼ਾਹ ਤਿਨ ਸੰਤ ਨ ਪਾਇਆ।

ਫਿਰ ਓਹ ਅਪਨੇ ਘਰਹਿ ਸਿਧਾਯਾ। ਜਬ ਸ਼ਾਹ ਗਇਆ ਸੰਤ ਦੇਖਾ ਮੀਤ। ਬਾਹਰ ਨਿਕਸ ਕਰ ਦਰਸ਼ਨ ਦੀਤ। ਕਿਨੇ ਪੂਛੀ ਹਰਿ ਜਨ ਸਿਉਂ ਬਾਤਾ। ਸ਼ਾਹੁ ਦੇਖ ਕਿਉਂ ਛਪੇ ਗਿਆਤਾ। ਤਬ ਹਰਿਜਨ ਨਿਜ ਮਨਸਾ ਖੋਲ੍ਹੀ। ਜਨ ਕਉਂ ਉਤ੍ਰ ਦਿਓ ਅਮੋਲੀ। ੨੩੭। । ਦੋਹਰਾ।

ਹਮ ਛਪ ਗਇਓ ਜੁ ਸ਼ਾਹ ਸਿਉਂ, ਇਤ ਕਾਰਨ ਸੁਨ ਭ੍ਰਾਤ
ਓਹ ਜੁ ਆਇਆ ਹਮ ਪਹਿ, ਕਛ ਕੀਨੀ ਚਾਹੇ ਬਾਤ।

॥ ਚੌਪਈ ॥ ਹਮ ਤੋ ਬਾਤ ਸਾਚੀ ਹੀ ਕਰਤੇ। ਕੂੜ ਨ ਬੋਲਤ ਉਨ ਸਿਉਂ ਡਰਤੇ। ਉਨ ਕਉਂ ਭਾਵਤ ਥਾ ਸਭ ਕੂੜ। ਸਾਚ ਬਾਤ ਕਿਆ ਜਾਨਤ ਮੂੜ੍ਹ। ਉਨ ਭਾਇ ਕੂੜ ਹਮ ਸਾਚ ਹੀਂ ਬੋਲਤ। ਹੋਤ ਅਜੋੜ ਬਾਤ ਜਬ ਖੋਲ੍ਹਤ। ਮਿਲ ਉਨ ਸਿਉਂ ਨਹੀ ਬਚਨ ਚਲਾਇਆ। ਇਸ ਅਜੋੜ ਤੇ ਆਪ ਛਪਾਇਆ। ਅਉਰ ਬਾਤ ਹਰਿਜਨ ਕੀ ਏਹ। ਔਰ ਸ਼ਾਹ ਇਕ ਆਇਆ ਗ੍ਰਿਹ। ੨੩੮। ॥ ਦੋਹਰਾ ॥

ਤਿਨ ਆਕਰ ਬਿਨਤੀ ਕਰੀ, ਹੇ ਹਰਿਜਨ ਹਰਿ ਦਾਸ।
ਹਮ ਊਪਰ ਗ਼ਾਲਬ ਪਰਾ, ਔਰ ਸ਼ਾਹੁ ਇਕ ਖਾਸ।

॥ ਚੌਪਈ ॥ ਹੇ ਹਰਿਜਨ ਇਹੁ ਬਿਨਉਂ ਹਮਾਰਾ। ਅਉਰ ਸ਼ਾਹੁ ਚੜ੍ਹ ਆਇਓ ਭਾਰਾ। ਉਨ ਸਿਉ ਹਮ ਕਉ ਕਿਵੇਂ ਬਚਾਵਹੁ। ਕ੍ਰਿਪਾ ਕਰਹੁ ਇਹੁ ਬਿਆਧ ਮਿਟਾਵਹੁ। ਤਬ ਹਰਿਜਨ ਇਉਂ ਬੋਲਤ ਭਏ। ਸੰਤ ਕਹਿਆ ਸ਼ਾਹ ਸੁਨ ਲੈ। ਹਮ ਤਉਂ ਦੀਨ ਪਤਿਤ ਹਉਂ ਮੀਤਾ। ਹਮਰੇ ਬੱਲ ਕੀ ਏਹੀ ਰੀਤਾ। ਹਮ ਕਉਂ ਜੋ ਕੋਊ ਮਾਰਨ ਆਵੈ।ਹਮ ਅਪਨਾ ਬਲ ਸਭ ਸੁਟ ਪਾਵੈਂ। ੨੩੯।

ਦੋਹਰਾ
ਹਾਰ ਮਾਨ ਉਨ ਸਿਉਂ ਜਿਣਹੁੰ, ਹਮਰੀ ਏਹੀ ਰੀਤਿ।
ਇਨ ਕਰ ਘਾਉ ਨ ਮੁਝ ਲਗੈ, ਹਾਰਿ ਜਾਇ ਬਿਪ੍ਰੀਤ।

Digitized by Panjab Digital Library | www.panjabdigilib.org

॥ ਚੌਪਈ ॥ ਜਬ ਹਾਰਨ ਪਰ ਮਨ ਕਉਂ ਲਿਆਵੈ।
ਏਹ ਬਾਤ ਸਾਹਿਬ ਕਉਂ ਭਾਵੈ। ਤਬ ਓਹ ਰਖੈ ਲੋਕ ਪ੍ਰਲੋਕ।
ਹਾਥ ਜਿਸੈ ਕੈ ਕਰੈ ਸੁ ਹੋਗ। ਕਿਆ ਮਾਨਸ ਬਪੜੇ ਕੋ ਬੱਲ।
ਲਏ ਬਚਾਇ ਠਾਕੁਰ ਅਟੱਲ। ਪ੍ਰਿਥਮੇ ਹਾਰਨ ਰਿਦੇ ਲਿਆਵਹੁ।
ਅਪਨੀ ਮਾਨ ਪ੍ਰਭ ਭੇਟ ਚੜ੍ਹਾਵਹੁ। ਤਬ ਪ੍ਰਭ ਕਹਿਆ ਤੁਮਾਰਾ
ਮਾਨੈ। ਲਏ ਬਚਾਇ ਠਾਕਰ ਭਗਵਾਨੈ। ੨੪੦।

॥ ਦੋਹਰਾ ॥

ਅਪਨਾ ਆਪ ਪ੍ਰਭ ਸਉਂਪੀਐ, ਹੋਈਐ ਤਾਂਕਾ ਦਾਸ।
ਬੁਰੇ ਸਿਉਂ ਹਾਰਣ ਮਾਨੀਐ, ਤਰ ਜਾਈਐ ਦੁਖ ਤ੍ਰਾਸ।

॥ ਚੌਪਈ ॥ ਇਨ ਬਿਧ ਬੱਲੀ ਹੋਤ ਤੂੰ ਸ਼ਾਹ। ਹਮ ਕਉਂ
ਏਹੀ ਆਵਤ ਰਾਹ। ਸ਼ਾਹੁ ਕਹਿਆ ਮੈ ਕ੍ਰਿਪਾ ਤੁਮਾਰੀ। ਓਹੀ
ਮੰਗਹੁੰ ਹਰਿਜਨ ਹਿਤ ਕਾਰੀ। ਹਰਿ ਜਨ ਕਹਿਆ ਹਮ ਬਚਨ ਜੁ
ਕਹੇ। ਇਨ ਹੀਂ ਮਹਿੰ ਕ੍ਰਿਪਾ ਮਮ ਅਹੇ। ਜਬ ਤੁਮ ਕਛੂ ਅਮਲ
ਮਹਿੰ ਲਿਆਇ। ਮੋਹਿ ਕਿਰਪਾਲ ਤੁਮ ਅਪਰ ਸਬਾਏ। ਪਾਤ
ਸ਼ਾਹ ਕਹਿਆ ਸੰਤ ਕੀਨਾ। ਹੋਈ ਤਿਨਕੀ ਫਤੇ ਅਮੀਨਾ। ੨੪੧।

॥ ਦੋਹਰਾ ॥

ਜਿਨ ਸੰਤਨ ਕੇ ਬਚ ਮਨੇ, ਕਛੂਅਕ ਹਿਰਦੇ ਮੀਤ।
ਅਗਿਆਨ ਦਲ ਸਿਉਂ ਊਬਰੇ, ਇਨ ਦਲ ਕਿਆ ਹੈ ਜੀਤ।

॥ ਚੌਪਈ ॥ ਮਾਨਸ ਕੇ ਦਲ ਕਉਨ ਬਿਚਾਰੇ। ਸੇਵਕ
ਪੰਚਾਂ ਦਲ ਲੇ ਮਾਰੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰਾ। ਸੰਤਨ
ਆਗਿਆ ਲੇ ਇਨ ਮਾਰਾ। ਇਨ ਮਾਰਿਆ ਤੇ ਮਿਲ ਹੈ ਪ੍ਰਭੂ।
ਜਸ ਹੋਵੈ ਲੋਗਨ ਮਹਿੰ ਸਭੂ। ਇਨ ਮਾਰਿਆ ਤੇ ਦਰਗਹ ਸਿੱਝੈ।
ਇਨਹ ਮਾਰ ਦੁਖ ਖਿਝਨ ਖਿਝੈ। ਇਨਹਿ ਜੀਤ ਜੀਤੈ ਤ੍ਰੈ ਲੋਈ।
ਜਉਂ ਇਨ ਕਉਂ ਜਿਣ ਜਾਵੈ ਕੋਊ ॥ ੨੪੨ ॥

Digitized by Panjab Digital Library | www.panjabdigilib.org

॥ ਦੋਹਰਾ ॥

ਸੰਤਨ ਆਗਿਆ ਅਪਰ ਬੱਲ, ਮੰਨਨ ਹਾਰ ਫਲ ਢੇਰ।
ਗੁਰਮੁਖ ਦਾਉ ਪਛਾਨਤੇ, ਕਬਹੂੰ ਨ ਜਾਨਤ ਫੇਰ।

॥ ਚੌਪਈ ॥ ਹੋਰ ਸ਼ਾਹ ਇਕ ਦਰਸ਼ਨ ਆਇਆ । ਸੰਤ ਪਾਸ ਉਹ ਭੇਟ ਲਿਆਇਆ। ਕਾਢ ਭੇਟ ਸੰਤ ਆਗੇ ਧਰੀ। ਮੁਖ ਸਿਉਂ ਬਿਨਉਂ ਇਹੁ ਉਚਰੀ। ਹੇ ਹਰਿ ਜਨ ਏਹੁ ਲੇਵਹੁ ਤੁਮਹਿੰ। ਪ੍ਰਸੰਨ ਕਰੋ ਤੁਮ ਲੇਕਰ ਹਮਹਿੰ। ਹਰਿ ਜਨ ਕਹਿਆ ਹੇ ਸ਼ਾਹ ਪਿਆਰੇ। ਸੁਨ ਲੇਵਹੁ ਕਛ ਬਚਨ ਹਮਾਰੇ । ਪਰਜਾ ਤੁਮ ਜਬ ਖੁਸ਼ੀ ਨਿਹਾਰਉਂ। ਮੈਂ ਮਨ ਸੂਖ ਬਹੁਤ ਏਹ ਧਾਰਉਂ ।੨੪੩॥

॥ ਦੋਹਰਾ ॥

ਜਬ ਪਰ ਦੁਖ ਹਮ ਦ੍ਰਸਹਉਂ, ਸੁਕਚ ਜਾਉਂ ਤਬ ਮੀਤ।
ਪਰਜਾ ਦੁਆਰੇ ਦੇਹ ਮੁਝ, ਏਹ ਭੇਟਾ ਸੁਖ ਦੀਤ।

॥ ਚੌਪਈ ॥ ਏਹ ਭੇਟਾ ਨਹੀਂ ਮੋਕਉਂ ਭਾਵੈ। ਜੋ ਹਮ ਹੀਂ ਕਉਂ ਤੁਮ ਸਉਂਪਾਵੈ। ਪਰਜਾ ਸੁਖ ਮਮ ਭੇਟ ਚੜ੍ਹਾਵਉ । ਇਨ ਸਿਉਂ ਓਹ ਬਹੁਤ ਮੈ ਭਾਵਉਂ। ਸ਼ਾਹ ਕਹਿਆ ਕਿਉ ਕਰ ਕਹਿ ਦੇਵਹੁੰ। ਜਾਹਿ ਭੇਟ ਕਰ ਤੁਮ ਸੁਖ ਲੇਵਉ। ਪਰਜਾ ਸਿਉਂ ਕਿਆ ਭਲਾ ਕਮਾਈਐ। ਸੋ ਹਮ ਕਉਂ ਤੁਮ ਦੇਹੁ ਬਤਾਈਐ ? ਤਬ ਹਰਿ ਜਨ ਸਿਖ ਰਾਈ ਰੀਤਾ। ਜਬ ਉਨ ਪੂਛਿਆ ਰਿਦ ਕਰ ਪ੍ਰੀਤਾ। ।੨੪੪।

॥ ਦੋਹਰਾ ॥

ਏਤੇ ਹੀਂ ਤੁਮ ਬਹੁਤ ਹੈਂ, ਜਬ ਮਨ ਜਾਵਉ ਸ਼ਾਹੁ।
ਘਰ ਘਰ ਖਾਟ ਕਢਾਵਤੇ, ਛੋਡਹੁ ਏਹੁ ਕੁਰਾਹੁ।

॥ ਚੌਪਈ ॥ ਤੁਮ ਕੁਤਵਾਲ ਕੋ ਏਹੀ ਬਤਾਈ । ਨਗਰ ਖਾਟ ਕਢ ਲਿਆਵਹੁ ਭਾਈ।ਭਉ ਭਗਵੰਤ ਕਾ ਓਹ ਨਹੀ ਕਰਤੇ। ਜਿਸ ਕਿਸ ਖਟ ਕਢ ਲੇਹ ਨ ਡਰਤੇ।ਜਉਂ ਪਰਸੂਤ ਹੋਇ ਪਰੀ ਹੈ

Digitized by Panjab Digital Library | www.panjabdigilib.org

ਨਾਰੀ। ਖਟ ਖੱਸ ਲੇਹ ਉਨ ਦੇਹਿੰ ਉਤਾਰੀ । ਦੋਨੋ ਹੀਂ ਓਹ ਦੁਖੀਏ ਹੋਤੇ। ਮਾਤਾਂ ਬਾਰਿਕ ਬੁਸ ਬੁਸ ਰੋਤੇ। ਦੋਨੋ ਕੇ ਤਨ ਫੂਲ ਨਿਆਈਂ। ਸੀਤ ਘਾਮ ਕੀ ਤਾਬ ਨਾ ਲਿਆਈਂ ॥ ੨੪੫ ॥

॥ ਦੋਹਰਾ ॥

ਧਰਤੀ ਪਰ ਓਹ ਪਰ ਰਹੈਂ, ਧਰ ਕੇ ਉਹੈ ਸੁਭਾਵ।
ਕੈ ਹੋਵਤ ਧਰ ਸਰਦ ਬਹੁ, ਕੈ ਹੋਵਤ ਧਰ ਤਾਵ।

॥ ਚੌਪਈ । ਸੋ ਉਨ ਕਉਂ ਓਹ ਖਟ ਹੀਂ ਚਹੀਐ। ਉਭੈ ਸੁਭਾਵ ਨ ਘਟ ਮਹਿ ਪਈਐ। ਜਬ ਰੁਤ ਕੋ ਹੋਇ ਸੀਤ ਸੁਭਾਈ। ਊਪਰ ਪਾਈਐ ਲੇਫ ਤੁਲਾਈ। ਤਬ ਉਨ ਸੀਤ ਸੁਭਾਵ ਮਿਟ ਜਾਵੈ। ਘਾਮ ਚਿਟਾਈ ਸੰਗ ਬਿਲਾਵੈ। ਮਾਤਾਂ ਬਾਰਿਕ ਖਟ ਸੁਖ ਪਾਹੀਂ। ਉਨਹਿੰ ਸਉਨ ਧਰ ਮ੍ਰਿਤ ਨਿਆਈਂ । ਜਬ ਤੁਮ ਚਾਕਰ ਖਟ ਖਸ ਲੇਹੀ। ਉਨ ਕਉਂ ਦੂਖ ਬਹੁਤ ਓਹ ਦੇਈ। । ੨੪੬ ।

॥ ਦੋਹਰਾ ॥

ਰੋਗੀ ਸੋਗੀ ਨ ਦ੍ਰਿਸਹਿੰ, ਬੂਢੀ ਬੂਢਾ ਦੇਖ।
ਅਮਲੀ ਹਾਰਿਆ ਨ ਦ੍ਰਿਸਹਿੰ, ਲੇਵਹਿੰ ਖਟ ਕਉਂ ਪੇਖ।

॥ ਚੌਪਈ ॥ ਜਹਾਂ ਖਾਟ ਕਉਂ ਪਾਵਹਿੰ ਭਾਈ। ਲੇਵਹਿੰ ਖਟ ਅਉਰ ਗਨੈ ਨ ਕਾਈ। ਸੋ ਇਹ ਜ਼ੁਲਮ ਹੋਤ ਹੈ ਭਾਰੀ। ਹਮ ਇਹੁ ਮਨ ਆਨੀਤ ਬਿਚਾਰੀ। ਤੁਮਰਾ ਭੀ ਇਨ ਮਹਿੰ ਹੋਇ ਘਾਟਾ। ਜ਼ੁਲਮ ਕਰਤ ਪ੍ਰਭ ਮਾਰ ਚਮਾਟਾ। ਜਿਸ ਕੈ ਤੁਮ ਤਿਸ ਕਾ ਸਭ ਕੋਈ। ਰਾਜਾ ਰੰਕ ਸਮਾਨ ਅਲੋਈ। ਲੇਤ ਦੇਤ ਜੋ ਬੇਰ ਨ ਲਾਵੈ। ਐਸੇ ਸਿਉਂ ਡਰਿਆ ਬਨਿਆਵੈ ॥ ੨੪੭ ॥

॥ ਦੋਹਰਾ ॥

ਅਪਨਾ ਨਿਆਉਂ ਆਪੇ ਕਰੈ, ਤਿਨ ਸਿਉਂ ਕਰੈ ਨਾ ਹੋਰ।
ਜਿਨ ਅਨਿਆਉਂ ਲੇ ਦਰ ਗਹਿਆ, ਸੇ ਕਰ ਪਕੜੇ ਚੋਰ।

Digitized by Panjab Digital Library | www.panjabdigilib.org

॥ ਚੌਪਈ ॥ ਤਾਂ ਤੇ ਏਹੁ ਬਨਤਾ ਹੈ ਸ਼ਾਹੁ। ਸਮਝ ਰਿਦੇ ਮਹਿੰ ਪਕੜੋ ਰਾਹੁ। ਖਾਟ ਨਿਆਉਂ ਇਉਂ ਕਰਨਾ ਬਨੇ। ਜ਼ੁਲਮ ਮਿਟੇ ਜਿਉਂ ਕਰ ਸ਼ਾਹ ਜਨੇ। ਅਪਣੀ ਹੀਂ ਤੁਮ ਖਾਟ ਸਵਾਰੋ। ਸਉ ਪ੍ਰਮਾਣ ਐਸੀ ਕਰ ਡਾਰੋ। ਤਉਂ ਘਰ ਜਉਂ ਮਿਹਮਾਨ ਹੋਇ ਕੋਈ। ਉਨ ਕਉ ਮਿਲੈ ਤੁਰਤ ਸੁਖ ਸੋਈ। ਤੁਰਤ ਮਿਲੈ ਮਿਹ-ਮਾਨ ਹੋਇ ਸੁਖੀ। ਇਨਕਰ ਜਰਾ ਭੀ ਹੋਇ ਨ ਦੁਖੀ। ੨੪੮।

॥ ਦੋਹਰਾ ॥

ਸਰਬ ਪ੍ਰਕਾਰ ਸੁਖ ਨੀਕਸੈ, ਇਨ ਕਰ ਹੇ ਸੁਲਤਾਨ।
ਮਹਮਾਨ ਜਹਾਨ ਪ੍ਰਸੰਨ ਹੋਇ, ਜ਼ੁਲਮ ਭਿ ਮਿਟੈ ਸੁਜਾਨ।

॥ ਚੌਪਈ ॥ ਏਹ ਭੇਟ ਹਮ ਕਉਂ ਭੀ ਭਾਵੈ। ਨਿਆਉਂ ਢੂੰਢ ਜੋ ਰਾਜ ਕਮਾਵੈ। ਸੁਨਿ ਸੁਨਿ ਬਾਤ ਸੂਖ ਮਨ ਮਾਨਉ,। ਨਿਆਈਂ ਬਾਤ ਭਜਨ ਕਰ ਜਾਨਉਂ। ਬਡ ਭਾਗੀ ਜੋ ਰਾਜਾ ਭਾਈ। ਨਿਆਉਂ ਢੂੰਢ ਜੋ ਰਾਜ ਕਮਾਈ। ਬਲ ਆਪਨਾ ਪ੍ਰਭ ਕਾ ਬੱਲ ਜਾਨੈ। ਆਪ ਸਿਉਂ ਘਟ ਨ ਕਾਹੂੰ ਮਾਨੈ। ਦੁਖੀ ਦੀਨ ਮਸਕੀਨ ਜੁ ਆਵੈ। ਕਾਨ ਦੇਇ ਸਭ ਬਾਤ ਸੁਨਾਵੈ। ੨੪੯।

॥ ਦੋਹਰਾ ॥

ਬੇਪਰ ਵਾਹੀ ਤਜ ਰਹੇ, ਰਾਜ ਮਾਹਿ ਜੋ ਮੀਤ।
ਸੋ ਬਡ ਭਾਗੀ ਜਾਨੀਐ, ਨਿਹਚਲ ਧਾਰਹੁ ਚੀਤ।

॥ ਚੌਪਈ ॥ ਸੰਤ, ਬਾਤ ਸ਼ਾਹ ਖੁਸ਼ ਆਈ। ਤਿਉਂ ਉਨ ਮਨੀ ਜਿਉ ਸੰਤ ਬਤਾਈ। ਬਹੁੜ ਸ਼ਾਹੁ ਇਕ ਮਿਲਿਆ ਅਉਰ। ਤਾਹਿ ਬਾਤ ਸੁਨ ਮਨ ਰਖ ਠਉਰ। ਸ਼ਾਹੁ ਸੰਤ ਸਿਉਂ ਮਿਲ ਕਰ ਭਾਈ। ਅਪਨੇ ਪੱਖ ਕੀ ਬਾਤ ਬਤਾਈ। ਪੰਥ ਤੁਰਕ ਤਿਨ ਊਚਾ ਠਾਨਾ। ਇਹੁ ਸੁਨ ਕਰ ਫਿਰ ਸੰਤ ਬੁਲਾਨਾ। ਸੰਤ ਬਾਤ ਯਹ ਭਾਖ ਬਤਾਈ। ਸੁਨਹੁ ਸ਼ਾਹ ਹਮ ਸਿਉਂ ਕਛ ਭਾਈ। ੨੫੦।

Digitized by Panjab Digital Library | www.panjabdigilib.org

॥ ਦੋਹਰਾ ॥

ਇਕ ਰਾਜੇ ਕੀ ਬਾਤ ਹਮ, ਤੁਮ ਸਿਉਂ ਭਾਖਉਂ ਮਿਤ।
ਸੋ ਹਮ ਸਿਉਂ ਸੁਨ ਲੀਜੀਐ, ਦੇ ਕਰ ਹਿਰਦਾ ਚਿਤ।

॥ ਚੌਪਈ ॥ ਰਾਜਾ ਏਕ ਰਾਣੀ ਸਉ ਤਾਂਕੀ। ਸਭ ਕਉਂ ਏਕਾ ਦੇਵੈ ਝਾਂਕੀ। ਸਭ ਸਿਉਂ ਬਾਤ ਉਹੀ ਇਹ ਕਰੈ। ਹਮ ਤੁਮਰੇ ਬਸ ਰਾਣੀ ਪਰੈ। ਇਕ ਇਕ ਸਿਉਂ ਇਹ ਬਾਤ ਉਚਾਰੈ। ਹਮਰਾ ਤੁਮਹੀਂ ਸੰਗ ਪਿਆਰੈ। ਜੈਸੀ ਤੂੰ ਮਨਭਾਵਹਿੰ ਨਾਰੀ। ਤੈਸੀ ਅਉਰ ਨ ਮੋਹਿ ਪਿਆਰੀ। ਜਿਉ ਰਾਜੇ ਰਾਨੀ ਕਹਿ ਦੀਨਾ। ਰਾਣੀ ਭੀ ਤਿਉਂ ਹੀਂ ਮਨ ਲੀਨਾ। ਆਪੋ ਅਪਨੇ ਮਨ ਮਹਿੰ ਜਾਨਹਿੰ। ਰਾਜਾ ਹਮਰਾ ਹੀਂ ਪਹਿ ਚਾਨਹਿੰ ।੨੫੧।

॥ ਦੋਹਰਾ ॥

ਰਾਨੀ ਮਾਨਤ ਨਿਜ ਮਨਹਿੰ, ਹਮਰੇ ਬਸੀ ਭਤਾਰ।
ਸੋ ਰਾਜਾ ਬਾ ਸਭਸ ਕਾ, ਤਿਉ ਇਹ ਸ਼ਾਹਿ ਬਿਚਾਰ।

॥ ਚੌਪਈ ॥ ਸਕਲ ਪੰਥ ਅਪਨੇ ਮਨ ਮਾਨਤ। ਹਮਰਾ ਹੀਂ ਪ੍ਰਭ ਸਕਲ ਪਛਾਨਤ। ਪ੍ਰਭ ਭੀ ਸਭ ਕਉਂ ਦੀਓ ਦਿਲਾਸਾ। ਰਿਦੇ ਧਾਰ ਇਉਂ ਕਰਿ ਬਿਸੁਆਸਾ। ਹਮਰਾ ਹੀਂ ਹੈ ਸਾਚਾ ਪ੍ਰਭੂ। ਇਹ ਮਾਨਨ ਮਾਨਤ ਹੈਂ ਸਭੂ। ਸੋ ਪ੍ਰਭ ਸਭ ਕੋ ਹੈ ਸੁਖਦਾਈ। ਇਹ ਨਿਸਚਾ ਬਿਰਲੇ ਹੀਂ ਪਾਈ। ਪੰਥ ਸਕਲ ਐਸੇ ਹੀਂ ਮਾਨਤ। ਜਿਉਂ ਤੁਮ ਅਪਨੇ ਹਿਰਦੇ ਜਾਨਤ। ੨੫੨।

॥ ਦੋਹਰਾ ॥

ਏਕ ਪਛਾਨਹਿੰ ਸਰਬ ਮਹਿੰ, ਏਕ ਦੂਸਹਿੰ ਸੂਬ ਆਹਿ।
ਸਭ ਪੰਥਨ ਮਹਿੰ ਇਕ ਜਾਨਹਿੰ, ਸੇ ਥੋਰੇ ਪਾਤਸ਼ਾਹਿ।

॥ ਚੌਪਈ ॥ ਸਭ ਪੰਥਨ ਮਹਿੰ ਏਕਾ ਸਾਈਂ। ਘੱਟ ਵੱਧ ਕਾਹੂ ਮਹਿੰ ਨਾਹੀ। ਅਉਰ ਦ੍ਰਿਸ਼ਟਾਂਤ ਦੇ ਸੰਤ ਸੁਨਾਇਆ। ਉਤੂ ਘਰੂਰ ਸੁਨਹੁ ਕਛ ਰਾਇਆ। ਜਿਉ ਸ਼ਹਿਰਉਂ ਮੇ ਸਭ ਕੋਊ

ਰਹੈ। ਬਰਨ ਚਾਰ ਛੇ ਦਰਸ਼ਨ ਅਹੈ। ਬ੍ਰਾਹਮਣ ਖਤ੍ਰੀ ਡੋਮ ਚੰਡਾਲ ਹਿੰਦੂ ਤੁਰਕ ਚੰਮਾਰ ਕਲਾਲ। ਗਨਤ ਨ ਆਵੈ ਜੇਤੇ ਰਹਿਤੇ। ਨਗਰ ਹਮਾਰਾ ਸਭ ਇਉਂ ਕਹਤੇ। ੨੫੩।

॥ ਦੋਹਰਾ ॥

ਆਪੋ ਆਪ ਸਭ ਹੀ ਕਥਹਿੰ, ਨਗਰ ਹਮਾਰਾ ਮੀਤ।
ਸਭਨ ਮਾਨ ਮਨ ਮਹਿੰ ਮਨੀ, ਦ੍ਰਿੜ੍ਹ ਕਰ ਅਪਨੇ ਚੀਤ।

॥ ਚੌਪਈ ॥ ਅਪਨਾ ਨਗਰ ਸਭੀ ਕਹਿ ਹਿਲੈ। ਦਾਵਾ ਕਾਹੂ ਕੋ ਨਹ ਚਲੈ। ਪਰਨਾਲਾ ਨਹ ਸਕਹ ਭਵਾਈ। ਅਉਰ ਠੌਰ ਬਾਰੀ ਨ ਧਰਾਈ। ਜਹ ਬਾਰੀ ਤਹ ਬਾਰੀ ਰਹੇ। ਪਰਨਾਲਾ ਅਉਰ ਠਉਰ ਨ ਲਹੇ।ਜਉਂ ਕਾਹੂੰ ਕਾ ਹਕ ਕੋਊ ਭਾਨੇ। ਉਨ ਹੋਵੈ ਸੋ ਓਹੀ ਜਾਨੈ। ਪੰਥ ਭੇਖ ਸਭ ਸਾਹਿਬ ਕੇਰੇ। ਸਭ ਕਹ ਮੁਖ ਹਮ ਸਾਹਿਬ ਤੇਰੇ। ਸਭ ਕਾ ਪ੍ਰਭੁ ਜੇਤੇ ਹਹਿੰ ਜੀਆ। ਸਭ ਮਹਿੰ ਪ੍ਰਭ ਨ ਭਿੰਨ ਕੋ ਥੀਆ। ੨੫੪।

॥ ਦੋਹਰਾ ॥

ਨਗਰ ਪ੍ਰਭੂ ਮਹਿੰ ਪੰਥ ਗ੍ਰਹ, ਸਭ ਮਹਿੰ ਏਕ ਸਮਾਨ।
ਦਾਵਾ ਕਹੂੰ ਚਾਲੈ ਨਹੀ, ਸਭ ਹੀਂ ਕਾ ਸੁਲਤਾਨ।

। ਚੌਪਈ। ਜਉਂ ਕੋਊ ਪੰਥ ਅਪਨਾ ਭਲ ਮਾਨਹਿੰ।ਅਉਰਨ ਪੰਥ ਨੀਚ ਕਰ ਜਾਨਹਿੰ। ਨੀਚ ਜਾਨ ਉਨ ਖੰਡਿਆ ਚਾਹੇ। ਖੰਡ ਨ ਸਕੈ ਨਿਖੇਧੀ ਤਾਹਿੰ।ਜਿਉਂ ਕਾ ਤਿਉਂ ਓਹ ਬਨਿਆ ਰਹੈ। ਨਿਖੇਧ ਮੁਖੀ ਅਨਥਾ ਸ੍ਰਮ ਲਹੇ।ਜਉਂ ਕੋਊ ਕਾਹੂੰ ਸਿਉਂ ਕਰ ਰਰੋ। ਸਾਹਿਬ ਤਾਕਉਂ ਜਾਨੈ ਚੋਰ। ਚੋਰ ਜਾਂਨ ਤਾਂਕਉਂ ਡੰਡ ਕਰੇ। ਸੋ ਜਾਨੈ ਜਿਹ ਹੋਵਤ ਨਰੈ। ੨੫੫।

॥ ਦੋਹਰਾ ॥

ਭਲਾ ਪੰਥ ਨਿਜ ਜਾਂਨ ਕਰ, ਪੰਥ ਅਉਰ ਕਰ ਜੁਧ।
ਤਿਨ ਕਉਂ ਨਰਕ ਭਵਾਈਅਹਿ, ਸਾਹਿਬ ਕਰਹਿ ਵਿਰੁਧ।

Digitized by Panjab Digital Library | www.panjabdigilib.org

॥ ਚੌਪਈ ॥ ਤਾਂਤੇ ਸਕਲ ਪੰਥ ਸਮ ਭਾਈ। ਘੱਟ ਵੱਧ ਜਾਨਨ ਬੁਰਿਆਬੀ। ਊਂਨਾ ਊਚਾ ਪੰਥ ਨ ਕੋਈ। ਹਰਿ ਕਉਂ ਭਜੈ ਸੁ ਊਚਾ ਹੋਈ। ਊਚਾ ਸੋ ਜਿਨ ਹਉਮੈ ਮਾਰੀ। ਊਚਾ ਸੋ ਜੋ ਤਤ ਬਿਚਾਰੀ। ਊਚਾ ਸੋ ਜਿਨ ਏਕੋ ਬੁਝਿਆ। ਘਟ ਘਟ ਮਾਹਿੰ ਸੁਆਮੀ ਸੁਝਿਆ। ਊਚਾ ਸੋ ਜਿਨ ਬਾਦ ਚੁਕਾਯਾ। ਸਭ ਤਜ ਕੈ ਹਰਿ ਸਰਨੀ ਆਇਆ। ੨੫੬।

॥ ਦੋਹਰਾ ॥

ਮਨ ਸਿਉਂ ਝੂਝਨ ਜੋ ਲਗਾ, ਸਕਲੀ ਝੂਝ ਬਿਸਾਰ।
ਸੋ ਜਨ ਊਚਾ ਜਾਨੀਐ, ਨਿਰਚਉ ਹਿਰਦੈ ਧਾਰ।

॥ ਚੌਪਈ ॥ ਇਹ ਬਾਤ ਪਾਤਸ਼ਾਹ ਸਿਉਂ ਹੋਈ। ਭਇਓ ਪ੍ਰਸੰਨ ਸ਼ਾਹ ਸੁਨ ਸੋਈ।੨੭ ਅਉਰ ਬਾਤ ਹਰਿਜਨ ਕੀ ਭਨੀਐ। ਜਿਉ ਸੁਨਿਆਂ ਤਿਉਂ ਕਹ ਸੁਖ ਗੁਨੀਐ। ਇਕ ਦਿਨ ਸੀਤ ਕਾਲ ਕੀ ਰੁਤਿ। ਹਰਿਜਨ ਆਇ ਬਾਹਰ ਸੁਤ। ਘਰ ਸਿਉਂ ਨਿਕਸ ਬਾਹਰ ਜਬ ਆਇਆ।ਦੂਸਿਓ ਸੀਤ ਅਤਿਅੰਤ ਸਬਾਇਆ ਇਕ ਜਨ ਸੰਤ ਕੇ ਆਹਾ ਸੰਗਾ।ਤਾ ਸਿਉਂ ਬਚਨ ਕਹਿਓ ਸਰ ਬੰਗ। ।੨੫੭।

॥ ਦੋਹਰਾ ॥

ਹੇ ਜਨ ਹਮਰਾ ਪ੍ਰਸ਼ਨ ਇਕ, ਤੁਮ ਸਿਉਂ ਪੂਛਉਂ ਯਾਰ।
ਖੋਜ ਢੂੰਢ ਉਤ੍ਰ ਕਹੋ, ਜੋ ਮੈ ਕਹਉਂ ਉਚਾਰ।

॥ ਚੌਪਈ ॥ ਹਮਰੇ ਚਿਤ ਇਉਂ ਆਈ ਭਾਈ। ਅਧਿਕ ਸੀਤ ਕਰ ਗਨਤ ਗਨਾਈ। ਅਧਿਕ ਸੀਤ ਮੈ ਦੇਖਿਆ ਮੀਤਾ। ਇਤ ਕਰ ਸੋਚ ਸੋਚੀ ਕਛ ਚੀਤਾ। ਮਮ ਦਰਸ਼ਨ ਕਾਰਨ ਜੋ ਤੁਰੇ। ਘਰ ਉਨ ਤਜੇ ਨ ਪੌਂਹਚੇ ਧੁਰੇ। ਰਸਤੇ ਮਾਹਿੰ ਸੀਤ ਉਨ ਲਾਗਤ। ਸੀਤ ਕਾਲ ਓਹ ਆਵਤ ਜਾਗਤ। ਉਨ ਕਉ ਹਮ ਕਿਆ ਦੇਨਾ ਬਨੇ। ਉਤ੍ਰ ਕਹੋ ਬਿਚਾਰ ਕਛ ਜਨੇ। ੨੫੮।

॥ ਦੋਹਰਾ ॥

ਜੈਸੇ ਕਸ਼ਟ ਕਉ ਝਾਗ ਕਰ, ਹਮ ਕਉਂ ਮਿਲਹਹਿੰ ਓਇ।
ਹਮ ਉਨ ਕਉਂ ਕਿਆ ਦੇਵਹੋਂ, ਉਤ੍ਰ ਦੇਵਹੁ ਕੋਇ।

॥ ਚੌਪਈ ॥ਤਬ ਜਨ ਕਹਿਆ ਹੇ ਹਰਿਜਨ ਸੰਤ। ਇਨਕਾ ਤੁਮ ਹੀਂ ਭਾਖਉ ਅੰਤ। ਹਮ ਕਉਂ ਭੀ ਇਹ ਸੁਨਨ ਪਿਆਸਾ। ਕਿਆ ਦੇਵਹੁਗੇ ਤੁਮ ਉਨ ਦਾਸਾ। ਇਨ ਉਤ੍ਰ ਹਮ ਪਾਸ ਨ ਸੰਤਾ। ਕ੍ਰਿਪਾ ਕਰ ਖੋਲ੍ਹੋ ਇਹ ਮੰਤਾ। ਤਬ ਹਰਿ ਜਨ ਇਉਂ ਬੋਲਤ ਭਇਓ। ਕ੍ਰਿਪਾ ਕਰ ਸੰਤ ਉਤ੍ਰ ਦਇਓ। ਸੰਤ ਕਹਿਆ ਸੁਨ ਲੇਵਹੁ ਜਨਾ। ਉਨ ਕੈ ਭਾਇ ਵੰਛਹੁ ਇਹ ਮੰਨਾ। ੨੫੯।

॥ ਦੋਹਰਾ ॥

ਪੰਥ ਦੁਖ ਅਰ ਸੀਤ ਦੁਖ, ਝਾਗ ਜੁ ਦਰਸ਼ਨ ਆਹਿ।
ਤਿਨਹਿੰ ਭਾਇ ਏਹੀ ਚਿਤੀ, ਗਨ ਚਾਖੀ ਮਨ ਮਾਹਿ।

॥ ਚੌਪਈ ॥ ਤਿਨ ਕਉਂ ਭੇਟ ਨਿਰਾਦਰ ਦੇਵਉ। ਆਵੈ ਕਛੂ ਨ ਆਦ੍ਰ ਦੇਵਹੁ। ਮੂਰਖ ਮੂੜ ਕਹਤ ਧਿਧ ਕਾਰਉ। ਕ੍ਰੂਰ ਦਿਸ਼ਟ ਤਿਸ ਜਨਹਿੰ ਨਿਹਾਰਉ। ਤਿਨ ਕੀ ਬਾਤ ਨ ਭਾਇ ਦਿਖਾਵਉ। ਉਠਤ ਬੈਠਤ ਟੋਕ ਲਗਾਵਹੁ। ਤਨ ਮਨ ਉਨ ਬਿਸ੍ਰਾਮ ਨ ਦੇਈਐ। ਉਨਕਾ ਐਸਾ ਆਗਾ ਲੇਈਐ। ਉਨ ਕਉਂ ਨੀਕਾ ਅਉਰ ਨ ਲਾਗੈ। ਕਰਨ ਭੇਟ ਇਹੁ ਬਨੈ ਸਭਾਗੈ। ੨੬੦।

॥ ਦੋਹਰਾ ॥

ਜਗਿਆਸੀ ਜੋ ਪ੍ਰਭੂ ਕੇ, ਤਿਨ ਕਉਂ ਏਹੀ ਪ੍ਰਸ਼ਾਦਿ।
ਨਾਮ ਨਿਰਾਦ੍ਰ ਤਾਸਕਾ ਦੇਈਏ ਉਨ ਇਹੁ ਸੁਆਦ।

॥ ਚੌਪਈ ॥ ਨਿਰਾਦ੍ਰ ਸੰਗ ਨੀਕਾ ਕਛ ਨਾਹੀ। ਜਨ ਕਾ ਕਾਰਜ ਇਨਹੀਂ ਮਾਹੀਂ। ਪ੍ਰਭੂ ਦੇਸ਼ ਏਹ ਬੇਗ ਪੌਹਚਾਵੈ। ਜਗਿਆਸੀ ਕਉ ਪੰਖ ਲਗਾਵੈ। ਦੇਰ ਨ ਲਾਇ ਮੇਲਾ ਕਰ ਦੇਵੈ। ਕਹੋ

ਨ ਅਟਕੇ ਸੁਖ ਕਰ ਲੇਵੇ। ਸੰਤ ਅਨੁਗ੍ਰਹ ਭਰੇ ਭੰਡਾਰਾ। ਅਨਿਕ ਥੋਕ ਹੈਂ ਜਨ ਘਰ ਧਾਰਾ। ਥੋਕ ਨਿਰਾਦ੍ਰ ਅਦਭੁਤ ਜਾਨਹਿੰ। ਇਨ੍ਹਕਾ ਕਦ੍ਰ ਨੀਕ ਪਹਿ ਚਾਨਹਿੰ। ੨੬੧

॥ ਦੋਹਰਾ ॥

ਇਹੁ ਥੋਕ ਤਾਕਉਂ ਦਿਵਹਿੰ, ਜੋ ਜਨ ਪਿਆਰੇ ਹੋਇ।
ਮਨ ਬਚ ਕਰਮ ਜੋ ਹਿਤ ਕਰਹਿੰ ਆਗੇ ਸੋਹਿੰ ਸੋਇ।

॥ ਚੌਪਈ ॥ ਪਿਆਰਾ ਥੋਕ ਪਿਆਰੇ ਦੀਜੈ। ਸਰਬ ਗੀਤ ਇਹੀ ਸੁਨ ਲੀਜੈ। ਸੋ ਇਹ ਥੋਕ ਹਰਿ ਜਨਹਿੰ ਪਿਆਰਾ। ਤਿਹ ਦੇਵਹਿ ਜਿਹ ਹੇਤ ਦਿਆਰਾ। ਤਾਂਤੇ ਹਮ ਭੀ ਇਹ ਹੀਂ ਕਰਹੌਂ। ਉਨ ਪਹਿ ਥੋਕ ਇਹੀ ਕਢ ਧਰਹੋਂ। ਉਨ ਨੇ ਏਤਾ ਪ੍ਰੇਮ ਜੁ ਕੀਆ। ਹਮ ਨੇ ਹੀ ਕਛ ਦੇਵਨ ਥੀਆ। ਸੋ ਮੈ ਨੀਕਾ ਇਹੀ ਬਿਚਾਰਾ। ਜਨ ਕਾ ਕਾਰਜ ਤੁਰਤ ਸਵਾਰਾ ।੨੬੨।

॥ ਦੋਹਰਾ ॥

ਨਿਰਾਦ੍ਰ ਕਾਮ ਸਵਾਰਈ ਆਦ੍ਰ ਕਾਮ ਬਿਗਾਰ।
ਆਦ੍ਰ ਆਦ੍ਰ ਨਾ ਕਰਹਿੰ, ਜੋ ਬਿਰਹੀ ਪ੍ਰਭ ਯਾਰ।

॥ ਚੌਪਈ ॥ ਆਦ੍ਰ ਜੱਗਿਆਸੀ ਕਉਂ ਫਾਸੀ। ਆਦੌਂ ਮਾਹਿੰ ਤ੍ਰਾਸ ਚਉਰਾਸੀ। ਆਦ੍ਰ ਮਹਿੰ ਜਬ ਮਨਹਿੰ ਲਗਾਵੈ। ਸਾਚ ਬਾਤ ਸਿਉਂ ਤਬ ਅਕਲਾਵੈ। ਆਦ੍ਰ ਜਿਹ ਜਨ ਮੀਠ ਲਗਾਨਾ। ਨਿਹ ਕਾਮਨ ਸੋਂ, ਸੋ ਅਲਸਾਨਾ। ਜੋ ਕਛ ਕਰੇ ਆਦ੍ਰ ਕਉਂ ਕਰੇ। ਪ੍ਰਭ ਸਿਉਂ ਦੂਰ ਭਇਆ ਸੋ ਨਰੇ। ਆਦ੍ਰ ਜਿਹ ਰਿਦ ਕੀਨੋ ਡੇਰਾ। ਤਹ ਕੀਨੋ ਅਹੰਕਾਰ ਬਸੇਰਾ ॥੨੬੩॥

॥ ਦੋਹਰਾ ॥

ਸਭ ਕੈ ਆਗੈ ਲਗ ਚਲੈ, ਸਭ ਕੋ ਮਾਨੈ ਈਸ।
ਪ੍ਰਭੁਤਾ ਭੇਖ ਜੁ ਪ੍ਰਭੂ ਕਾ, ਤਿਨ ਧਰ ਲੀਨੋ ਸੀਸ।

Digitized by Panjab Digital Library | www.panjabdigilib.org

॥ ਚੌਪਈ ॥ ਜਿਨਕਾ ਹੋਵਨ ਬਨਤਾ ਦਾਸ। ਛੱਤ੍ਰ ਝੁਲਾਇਓ ਸਿਰ ਪਰ ਤਾਸ। ਸੁਆਮੀ ਅਦਬ ਨ ਪੂਰਾ ਰਾਖਾ। ਆਦ੍ਰ ਐਸਾ ਕੀਆ ਮਨਾਖਾ। ਸਰਪ ਡੰਗ ਸਿਉਂ ਆਦ੍ਰ ਬੁਰਾ। ਬਿਖ ਧਾਵੱਨ, ਸਿੰਘ ਪਿੜ ਪਰਾ। ਜਲ ਡੂਬਨ, ਅੱਗ ਜਰਨਾ ਦੁਖ। ਆਦ੍ਰ ਸਮ ਯਹ ਸਭ ਹੈ ਦੁਖ। ਕ੍ਰਿਪਾ ਕਰੇ ਠਾਕੁਰ ਅਬਿਨਾਸੀ। ਆਦ੍ਰ ਕੋ ਨ ਦ੍ਰਸੈ ਜਗਿਆਸੀ ॥੨੬੪॥

॥ ਦੋਹਰਾ ॥

ਆਦ੍ਰ ਸਿਉਂ ਛਪਿਆ ਰਖੇ, ਜਿਹ ਜਨ ਕਰਤ ਉਧਾਰ।
ਜਗ ਕੀ ਸਿਧ ਸਿਰ ਪਰ ਸਹੈ, ਸਭ ਕੀ ਹੋਵੈ ਛਾਰ।

॥ ਚੌਪਈ ॥ ਇਤ ਕਰ ਭਲਾ ਨਿਰਾਦ੍ਰ ਜਾਨਾ। ਅਦਭੁਤ ਕਦਰ ਇਸ ਕਾ ਕਰ ਜਾਨਾ। ਅਦਭੁਤ ਜਾਨ ਕਰ ਜਨ ਸਉਂਪਾਈ। ੨੯। ਅਉਰ ਬਾਤ ਸੁਨ ਹਰਿਜਨ ਭਾਈ। ਇਕ ਦਿਨ ਸੰਤ ਇਹ ਵੰਛਾ ਕਰੀ। ਚਲਉਂ ਮੁਸਾਫਰੀ ਸਭਾ ਉਚੱਰੀ। ਇਕ ਜਨ ਸੰਤ ਸ੍ਰਿਉਂ ਬਿਨਉਂ ਬਖਾਨੀ। ਮੋਹਿੰ ਸੰਗ ਲੇ ਚਲਉਂ ਗਿਆਨੀ। ਜਨ ਕਉਂ ਸੰਤ ਕਹੀ ਇਹ ਬਾਤਾ। ਹਮਰੇ ਸੰਗ ਚਲਹੁ ਹੇ ਤਾਤਾ। ।੨੬੫।

॥ ਦੋਹਰਾ ॥

ਏਹ ਬਾਤ ਤੁਮ ਮੋ ਕਹੋ, ਅਪਨੇ ਦਿਲ ਕੀ ਮੀਤ।
ਤੁਮਰਾ ਮਨ ਤੁਮ ਪਾਹਿ ਹੈ, ਕੈ ਕਹੂੰ ਅਟਕਿਓ ਚੀਤ।

। ਚੌਪਈ ॥ ਤਬ ਜਗਿਆਸੀ ਭਾਖ ਸੁਨਾਈ। ਜਿਉਂ ਕੀ ਤਿਉਂ ਤਿਨ ਕਹ ਬਤ ਲਾਈ। ਜੋ ਜੋ ਥੋਕ ਕਹੂੰ ਤਿਨ ਪਰਾ। ਸਕਲਾ ਨਿਰਨਾ ਤਿਨਹਿੰ ਉਚਰਾ। ਕਹੂੰ ਬਤਾਇ ਦਾਮ ਮੋਹਿ ਪਰੇ। ਕਹੂੰ ਦਸਾਏ ਕੱਪੜੇ ਧਰੇ। ਤਬ ਹਰਿ ਜਨ ਇਹ ਬਾਨੀ ਠਾਨੀ। ਮੁਖ ਸਿਓਂ ਕਹਿਓ ਮੂੜ੍ਹ ਅਗਿਆਨੀ। ਇਤੀ ਬਾਸ਼ਨਾ ਦੇਹ ਪਸਾਰੀ। ਕਿਹ ਮਨ ਮਹਿੰ ਮਨਸਾ ਲੇ ਧਾਰੀ? ।੨੬੬।

Digitized by Panjab Digital Library | www.panjabdigilib.org

(

॥ ਦੋਹਰਾ ॥

ਕਿਹ ਬਿਚਾਰ ਕਰ ਬਾਸ਼ਨਾ, ਅਮਿਤ ਪਸਾਰੀ ਤੋਹਿ।
ਜੋ ਬਿਚਾਰ ਤੁਮਰੇ ਰਿਦੇ ਖੋਲ੍ਹ ਸੁਨਾਵਹੁੰ ਮੋਹਿ।

॥ ਚੌਪਈ ॥ ਜਨ ਕਉਂ ਕਛੂ ਬਿਚਾਰ ਨ ਆਇਆ। ਚੁਪ ਕਰ ਰਹਿਆ ਮੋਨ ਰਚਾਯਾ। ਤਬ ਹਰਿ ਜਨ ਬੋਲਿਓ ਹੇ ਮਿੱਤ। ਹੇ ਜਨ ਤੈਂ ਮਰਣਾ ਨਹੀ ਚਿੱਤ? ਜੇਤਕ ਠਉਰ ਲੈ ਬਸਤ ਧਰਾਈ। ਤਿਤੀ ਬਾਸ਼ਨਾ ਬਹੁਤ ਬਢਾਈ। ਬਾਸ਼ਨਾ ਜਨਮ ਮਰਨ ਕੋ ਮੂਲ। ਬਾਸ਼ਨਾ ਬਿਰਛ ਚਉਰਾਸੀ ਫੂਲ। ਜੋ ਬਾਸ਼ਨਾ ਕਛ ਲੇਕਰਿ ਮਰੈ। ਫਿਰ ਫਿਰ ਰੂਪ ਤਿਸੈ ਕਾ ਧਰੈ ॥੨੬੭॥

॥ ਦੋਹਰਾ ॥

ਸਕਲ ਜਗਤਿ ਕਉਂ ਬਾਸ਼ਨਾ, ਡੋਰੀ ਪਾਇ ਭਵਾਇ।
ਰੂਪ ਉਤਾਰੈ ਉਸੀ ਕੈ, ਜਿਸ ਮਹਿੰ ਕਰੈ ਬਿਨਾਹਿ।

॥ ਚੌਪਈ॥ ਸੋ ਤੈ ਪੰਥ ਜਗਤ ਕਾ ਪਕੜਾ। ਉਆਹੀਂ ਕੈ ਸੰਗ ਤੈਂ ਭੀ ਜਕੜਾ। ਬਾਸ਼ਨਾ ਤ੍ਰਾਸ ਨ ਨੈਕ ਤੁਮਾਰੇ। ਜਾਵਹੁਗੇ ਸੰਗ ਜਗਤਿ ਬਿਚਾਰੇ। ਬਿਨਾ ਗੁਰੂ ਕਿਉਂ ਮਰਹੁ ਪਿਆਰੇ। ਸਤਿ ਬਿਚਾਰ ਕਰ ਸਿਰ ਸਿਕਦਾਰੇ। ਬਾਸ਼ਨਾ ਖੰਡ ਸ਼ੁਭ ਮਾਰਗ ਪਾਏ। ਈਂਹਾਂ ਊਂਹਾਂ ਸੁਖੀ ਬਸਾਏ। ।ਐਸਾ ਕਾਮ ਜੁ ਤੁਮ ਹੈ ਕੀਨਾ ਠਉਰ ਠਉਰ ਬਸਤੂ ਧਰ ਦੀਨਾ? ।੨੬੮।

॥ ਦੋਹਰਾ॥

ਕੈ ਮੋਕਉਂ ਯਿਹ ਖਬਰ ਨਹ, ਤੈਂ ਬੋਲ ਕੀਓ ਜਮ ਸੰਗ।
ਜਉ ਮੈ ਸਦਉਂ ਤ ਆਵਨਾ, ਮੋਹਿ ਕਰਉ ਤਨ ਭੰਗ?

॥ ਚੌਪਈ ॥ ਜਉਂ ਇਹੁ ਬੋਲ ਕਰੀ ਜਮ ਪਾਂਹੀ। ਬਸਤ ਪਸਾਰਨ ਤਬ ਡਰ ਨਾਹੀ। ਜਉਂ ਇਹੁ ਬੋਲ ਨ ਹੋਇ ਅਗਿ- ਆਨੀ। ਕਾਹੇ ਠਉਰ ਠਉਰ ਵਥ ਠਾਨੀ । ਰੈਨ ਪਰਨ ਤਕ

Digitized by Panjab Digital Library | www.panjabdigilib.org

ਨਾਹਿ ਭਰੋਸ਼ਾ। ਸੋ ਕਿਉਂ ਮਿਚਤ ਬਾਸ਼ਨਾ ਤੋਸ਼ਾ। ਜਾਸ ਗਲਾਵਾਂ ਪਰ ਹਥ ਹੋਈ। ਸੋ ਅਪਨਾ ਬਲ ਧਰੈ ਨ ਕੋਈ। ਜਉਂ ਅਪਨਾ ਬਲ ਲਾਵੈ ਓਇ। ਮਨ ਮਹਿੰ ਮੂਰਖ ਜਾਨਹਿੰ ਸੋਇ॥ ੨੬੯॥

॥ ਦੋਹਰਾ॥

ਸਕਲ ਜੀਅ ਗਰ ਡੋਰ ਹੈ, ਹਾਥ ਕਾਲ ਕੈ ਮੀਤ।
ਇਹ ਰਿਦਧਾਰ ਨਿਜ ਬਲ ਹਰੋ, ਸਮਝ ਲੇਹੁ ਅਜ ਚੀਤ।

॥ ਚੌਪਈ॥ ਆਜ ਸਮਝਨਾ ਨੀਕਾ ਆਹੀ। ਸਭ ਸੈ ਚੀਤ ਖਿੰਚ ਲੈ ਭਾਈ। ਰਹਿ ਜਾਵੈ ਨਹੀਂ ਚਿੰਤਾ ਚਿੱਤ। ਸਮਝ ਲਿਹੁ ਅਜ ਹੀਂ ਤਹ ਮਿੱਤ। ਕਾਰਨ ਆਜ ਕਾ ਲੇਖਾਪੜੇ। ਜੋ ਜੋ ਕਰੀਐ ਅਟਰ ਨ ਟਰੇ। ਬੁਰਾ ਭਲਾ ਜੋ ਕਛ ਕਰ ਲੀਜੈ। ਸਕਲ ਜੀਅ ਕੈ ਸੰਗ ਰਖੀਜੈ।ਇਹੀ ਸਮਝ ਨਹੀ ਬੁਰਾ ਕਮਾਈਐ। ਭਲੇ ਕਰਨ ਕਉਂ ਉਠ ਉਠ ਧਾਈਐ। ਮਨ ਅਜਾਨ ਪਰ ਦੀਜੈ ਪਹਰਾ। ਹੋਈਐ ਨਾਹੀ ਕਬਹੂੰ ਸ਼ਹਿਰਾ॥ ੨੭੦॥ ॥ ਦੋਹਰਾ॥

ਮਨ ਅਜਾਨ ਬਾਰਿਕ ਜਿਵੈਂ ਅਪਨਾ ਕੁਸਲ ਨ ਚਾਹਿ।
ਅਗਨ ਬਿਖੇ ਆਪਾ ਧਸੇ, ਮਾਤਾ ਪਕੜੇ ਤਾਹਿੰ।

॥ ਚੌਪਈ॥ ਬੁਧਿ ਸਿਉ ਮਿਲ ਕਰ ਕੀਚਹਿ ਕਰਮਾਂ। ਤਬ ਪਾਈਐ ਕਛ ਸਾਚਾ ਮਰਮਾ। ਬਾਸ਼ਨਾ ਬੁਧ ਗੁਰਮੁਖ ਸਿਉਂ ਖੰਡਹੁ। ਸੰਤ ਗਿਆਨ ਲੇ ਰਿਦ ਮਹਿੰ ਮੰਡਹੁ। ਆਜ ਕਾਲ ਮਰ ਜਾਈਅਹਿ ਪ੍ਰਾਨੀ। ਰਹ ਜਾਵਹੁ ਨਹ ਮੂੜ ਅਗਿਆਨੀ। ਹਮਰੇ ਸੰਗ ਜੁ ਚਾਲਨ ਕਹਤੇ। ਐਸੇ ਕਉਂ ਹਮ ਸੰਗਿ ਨ ਗਹਤੇ। ਨਾਨਾ ਠਉਰ ਜਾਸ ਮਨ ਹੋਇ। ਟਹਲ ਨ ਪੂਰੀ ਤਿਨ ਸੋ ਹੋਇ।੨੭੧। ॥ ਦੋਹਰਾ॥

ਹਮ ਕਉ ਚਹੀਅਹਿ ਸੋਈ ਜਨ, ਜਾਕਾ ਮਨ ਸਉਧਾਨ।
ਜਾਸ ਚਿਤ ਅਵਰਹ ਭ੍ਰਮੇ, ਤਹਿੰ ਮਿਰਤਕ ਕਰਿ ਮਾਨ।

Digitized by Panjab Digital Library | www.panjabdigilib.org

॥ ਚੌਪਈ ॥ ਚਿਤ ਬਿਨਾ ਭਇਓ ਭੀਤ ਕੋ ਚਿਤ੍ਰ। ਤਿਨ-ਸੋਂ ਕਾਮ ਨ ਹਮਰਾ ਮਿਤ। ਹਮ ਕਉਂ ਚਹੀਅਹਿ ਸੋਈ ਜੱਨ। ਜਾਕਾ ਹੋਵੈ ਤਨ ਮਹ ਮੰਨ। ਤਨ ਮਹਿੰ ਮਨ ਕਿਆ ਕਹੀਐ ਮੀਤਾ। ਜਿਨਕਾ ਇਤ ਉਤ ਅਰਿਓ ਨ ਚੀਤਾ। ਮਾਨ ਮੋਹ ਕਛ ਤੂਟੇ ਜਾਕੇ। ਸੁਨ ਜਨ ਹਮ ਸੰਗੀ ਬਨ ਤਾਂਕੇ। ਅਉਰ ਬਾਤ ਕਛ ਹਰਿ ਜਨ ਪਿਆਰੇ। ਤਾਂਹਿ ਸੁਨਾਵਹੁ ਮੋਹ ਉਚਾਰੇ।੨੮। ੨੭੨।

॥ ਦੋਹਰਾ ॥

ਇਕ ਔਰ ਸਜਣ ਸੰਤ ਭਾਖਿਆ, ਹਮ ਸੰਗ ਚਾਲਹੁ ਸੰਤ।
ਕ੍ਰਿਪਾ ਕਰੋ ਸੰਗ ਲੇ ਚਲਹੁ, ਹਮ ਬਹੁ ਚੀਤ ਚਹੰਤ।

॥ ਚੌਪਈ ॥ ਤਬ ਹਰਿ ਜਨ ਇਉਂ ਕਬਿਹੁ ਪਿਆਰੇ। ਜਨਹਿੰ ਕਹਿਓ ਸੁਨ ਬਚਨ ਹਮਾਰੇ। ਹਮ ਕਹੂੰ ਸੰਗ ਇਉਂ ਹੀਂ ਨਹੀ ਰਾਖਉਂ। ਜਬ ਤਕ ਜਨ ਕਾ ਪਤਾ ਨ ਲਾਖਉਂ। ਪ੍ਰੀਤ ਵਾਨ ਕਾ ਪਤੀਆ ਪਾਵਉਂ। ਤਬ ਉਨ ਕਉਂ ਮੈਂ ਸੰਗ ਲੈ ਜਾਵਉਂ। ਤਾਹਿੰ ਪਤੇ ਕਾ ਰੂਪ ਇਹ ਭਾਈ। ਸੁਨ ਲੇਵਉ ਮੈ ਤੁਮ ਸਮਝਾਂਈ। ਤੁਮਰਾ ਚਿਤ ਅਧਕ ਜਉਂ ਏਹੀ। ਹਮ ਸੰਗ ਚਾਲਨ ਪਰਮ ਸਨੇਹੀ।੨੭੩। ॥ ਦੋਹਰਾ ॥

ਜਬ ਈਹਾਂ ਸਉਂ ਉਠ ਚਲਉਂ, ਚਲਨ ਨ ਆਵੈ ਮੀਤ।
ਗੋਡੇ ਕੋ ਦੁਖ ਹੋਇ ਜਾਇ, ਪਰਖਉਂ ਪਰਖ ਏਹ ਚੀਤ।

॥ ਚੌਪਈ ॥ ਤਬ ਮੈ ਤੁਮ ਕੋ ਸੰਗ ਲੈ ਚਾਲਉਂ। ਪ੍ਰੇਮ ਤੁਮਾਰਾ ਜਬ ਰਿਦ ਭਾਲਉਂ। ਪ੍ਰੀਤ ਵਾਨ ਜੋ ਗੁਰਮੁਖ ਭਾਈ। ਸਾਚੀ ਪ੍ਰੀਤ ਜਿਨ ਮਨ ਉਪਜਾਈ। ਤਾਂਕਾ ਕਹਿਆ ਪ੍ਰਭ ਜੀ ਸੁਨੇ। ਸੁਨ ਕਰ ਮਾਨੇ ਸੀਸ ਨ ਧੁਨੇ। ਜੋ ਜੋ ਗੁਰਮੁਖ ਚਾਹੈ ਚਾਹੀ। ਬੇਗ ਮਨੇ ਪ੍ਰਭ ਬਿਲਮ ਨ ਲਾਈ। ਤੁਮ ਹਿਰਦੇ ਜਉਂ ਸਾਚੋ ਪ੍ਰੇਮ। ਪੂਰਾ ਕਰੇ ਤੁਮਾਰਾ ਨੇਮ।੨੭੪।

Digitized by Panjab Digital Library | www.panjabdigilib.org

॥ ਦੋਹਰਾ ॥

ਇਨ ਪਰ ਬਾਤ ਕਛ ਜੱਨ ਕਉਂ, ਸੰਤ ਸੁਨਾਈ ਖੋਲ੍ਹ ।
ਏਕ ਠਉਰ ਗੁਰਮੁਖ ਹਿਤੂ, ਮੋਹਿ ਰਖਿਆ ਚਾਹੇ ਕੋਲ ।

॥ ਚੌਪਈ ॥ ਹਮ ਨਹੀਂ ਰਹਹਿੰ ਓਹ ਰਖਆ ਲੋਰਹਿੰ । ਹਮਰੀ ਸੁਰਤ ਉਦਾਸ ਉਸ ਠਉਰਹਿੰ । ਓੜਕ ਹਮ ਊਹਾਂ ਸਿਉਂ ਚਲੇ । ਗੋਡੇ ਥੇ ਤਬ ਚੰਗੇ ਭਲੇ ॥ ਜਬ ਨਿਕਸੇ ਬਾਹਰ ਪਗ ਧਰਾ । ਗੋਡੇ ਦਰਦ ਤਬੈ ਉਠ ਖਰਾ । ਪਾਉਂ ਨ ਚਾਲੈ ਹਮਰਾ ਏਕ । ਜਤਨ ਕਰਉਂ ਪਰ ਚਲੈ ਨ ਨੈਕ । ਤਬ ਹਮ ਊਹਾਂ ਹੀਂ ਬਸ ਪਰੇ । ਪ੍ਰਸ਼ੰਨ ਕੀਏ ਹਮ ਗੁਰਮੁਖ ਨਰੇ ।੨੭੫।

॥ ਦੋਹਰਾ ॥

ਗੋਡੇ ਭਏ ਬਿ ਪੀੜ ਤਬ, ਤਤ ਕਾਲ ਮੋਹ ਮਿੱਤ ।
ਜਬ ਸੁ ਪ੍ਰਸੰਨ ਪ੍ਰੇਮੀ ਕੀਏ, ਰਹਨ ਲਗੇ ਤਬ ਨਿੱਤ ।

॥ ਚੌਪਈ ॥ ਤੁਮ ਭੀ ਜਉਂ ਐਸੇ ਦਿਖ ਰਾਵਉ । ਮਾਨੋ ਸਭ ਜੋ ਮੋਹ ਮਨਾਵਹੁ । ਬਾਤਾਂ ਸਿਉਂ ਨਹੀ ਮਾਨਉਂ ਕਾਈ । ਜਬ ਲਗ ਰਹਤ ਨ ਕਰ ਦਿਖ ਰਾਈ।੨੭੬ਅਉਰ ਬਾਤ ਇਹ ਹਰਿ ਜਨ ਕੀਤੀ । ਸੁਣ ਲੇਵਹੁ ਜਿਉਂ ਕਰ ਹੋਇ ਬੀਤੀ । ਇਕ ਜਨ ਗੁਰਮੁਖ ਸੰਗ ਜਗਿਆਸੀ । ਨਿਰਮਲ ਜਨ ਸਾਚਾ ਸੁਖ ਬਾਸੀ । ਤਾਸ ਸੰਗ ਸਭ ਹੂੰ ਕਉਂ ਹੇਤਾ । ਸੰਤ ਅਉਰ ਜਗਿਆਸੀ ਜੇਤਾ । ।੨੭੬।

॥ ਦੋਹਰਾ ॥

ਸੰਤ ਅਵਰ ਜੇਤੇ ਜਨਾ, ਸਭ ਕਾ ਤਿਨ ਸੰਗ ਪ੍ਰੇਮ ।
ਤੇ ਭੀ ਸੰਤ ਸੁਭਾਵ ਥੇ, ਚਾਹਤ ਸਕਲ ਜਨ ਖੇਮ ।

॥ ਚੌਪਈ ॥ ਤਿਹ ਹਰਿਜਨ ਕਛ ਰੋਗ ਬਢਾਨਾ । ਸਕਲ ਜਨਾ ਯਹ ਦੁਖ ਬਹੁ ਮਾਨਾ । ਸੰਤ ਪਾਸ ਥਾ ਹਰਿਜਨ ਪਿਆਰਾ । ਉਨ ਜਬ ਰੋਗ ਬਢਿਯਾ ਤਨੁ ਭਾਰਾ । ਅੰਤ ਤਕ ਗਾਇਓ ਸਰੀਰ

Digitized by Panjab Digital Library | www.panjabdigilib.org

ਜਬ ਹਰਿ ਜਨ । ਤਬ ਇਹੁ ਉਪਜਨ ਉਪਜੀ ਸੰਤ ਮੰਨ । ਸੰਤ ਚਿਤੀ ਇਹੁ ਸਭ ਕਾ ਪਰਚਾ। ਸਕਲ ਸੁਨਾਵਤ ਹਰਿਜਨ ਚਰਿਤਾ। ਜਬ ਯਹ ਜੀਵਤ ਹੈ ਜਗ ਮਾਂਹੀ । ਸਭ ਜਨ ਭੀੜ ਹਮਹਿੰ ਭੀ ਨਾਹੀ । ੨੭੭ । ॥ ਦੋਹਰਾ ॥

ਜਬ ਯਹ ਚਾਲੇ ਜਗਤ ਸਿਉਂ, ਤਬ ਹਮਹੀਂ ਹੋਇ ਭੀੜ।
ਹਮ ਸਭ ਭੀੜ ਨ ਸਹ ਸਕਹਿੰ, ਜਹ ਕਹਿੰ ਪਰਚਹਿੰ ਬੀਰ।

॥ ਚੌਪਈ ਅਬ ਇਹ ਸਭ ਕਾ ਪਰਚਾ ਬਨੇ । ਹੋਇੰ ਪ੍ਰਸੰਨ ਇਨ ਸੰਗ ਬਹੁ ਜਨੇ । ਜਬ ਇਨ ਦੇਹ ਮ੍ਰਿਤ ਹੋਇ ਜਾਇ। ਤਬ ਸਭ ਜਨ ਕਉਂ ਸੋਗ ਲਗਾਇ। ਹਮਰਾ ਈਹਾਂ ਰਹਨ ਨ ਹੋਈ। ਤਜ ਏਹ ਦੇਸ ਅਵਰ ਲੇਹ ਢੋਈ। ਇਨਹੀਂ ਕਰ ਹਮ ਈਹਾਂ ਬਾਸਾ । ਇਨ ਬਿਨ ਹਮ ਹੋਇ ਜਾਉਂ ਉਦਾਸਾ। ਤਾਂਤੇ ਇਨ ਕਾ ਜੀਵਨ ਚੰਗਾ । ਇਨ ਜੀਵਨ ਸਭ ਸੰਗਤ ਮੰਗਾ ।੨੭੮।

॥ ਦੋਹਰਾ ॥

ਜਾਸ ਦੇਸ ਹਰਿਜਨ ਬਸੈ, ਮਾਨੋ ਰਾਜਾ ਸੋਇ।
ਪਾਪ ਕਰਮ ਨਹ ਕੋ ਕਰੇ, ਤ੍ਰਾਸ ਸਕਲ ਰਿਦ ਹੋਇ।

॥ ਚੌਪਈ ॥ ਤਿਉ ਜਗਿਆਸੀ ਕੇ ਸੰਤ ਰਾਜੇ । ਪਾਪ ਕਰਮ ਜਗਿਆਸ ਨ ਸਾਜੇ । ਸੰਤਨ ਕੇ ਭੈ ਮਹਿ ਸਭ ਭਾਈ । ਪਾਪ ਕਰਮ ਕਉਂ ਲਾਗਹਿੰ ਨਾਹੀ । ਹਰਿ ਜਨ ਕੇ ਸੁਨ ਸਭ ਢੰਢੋਰੇ। ਗਹਿ ਅਨੀਤ ਨਹ ਹੋਵਹਿੰ ਬਉਰੇ। ਜਉਂ ਹਰਿਜਨ ਜਗ ਮਾਹੀਂ ਮੀਤਾ । ਤਉਂ ਕਛ ਬੀਜ ਜਗਿਆਸ ਦਿਖੀਤਾ । ਜਬ ਜਗ ਸਿਉਂ ਹਰਿਜਨ ਹੋਇ ਬਿਦਾ । ਤਬ ਹੋਵਹਿੰ ਸਭ ਤਾਮਸ਼ ਰਿਦਾ ।੨੭੯।

॥ ਦੋਹਰਾ ॥

ਜਿਉਂ ਸੂਰਜ ਬਿਨ ਹੋਇ ਹੈ, ਅੰਧਕਾਰ ਸਭ ਰੈਂਨ।
ਤਿਉਂ ਜਗਿਆਸੀ ਦੇਸ਼ ਮਹਿੰ, ਸੰਤਨ ਬਿਨਾ ਨ ਚੈਨ।

Digitized by Panjab Digital Library | www.panjabdigilib.org

॥ ਚੌਪਈ ॥ ਇਹ ਰਿਦ ਧਾਰ ਸੰਤ ਬਿਨਤੀ ਠਾਨੀ। ਰਮਤ ਰਾਮ ਹੇ ਪਰਮ ਸੁਜਾਨੀ। ਸੰਮ੍ਰਥ ਪੁਰਖ ਦਇਆਲ ਮੁਰਾਰਾ। ਸੰਤਨ ਬੰਦਨ ਅਪਰ ਅਪਾਰਾ।ਅਬ ਯੇਹ ਕਾਮ ਕਰੋ ਹੇ ਪ੍ਰਭੂ। ਇਨ ਬਚਾਇ ਸੁਖ ਦੇਵਹੁ ਸਭੂ। ਅਬ ਇਨ ਮ੍ਰਿਤ ਨ ਕਰੋ ਮਨੋਹਰ। ਕਛ ਜੀਵਤ ਜਗ ਮਾਇ ਰਖੋ ਬਰ। ਜਬ ਯਹ ਬਿਨਤੀ ਹਰਿਜਨ ਠਾਨੀ। ਤਾਤ ਕਾਲ ਠਾਕੁਰ ਤਬ ਮਾਨੀ।੨੯੦।

॥ ਦੋਹਰਾ ॥

ਹਰਿ ਜਨ ਕੇ ਜੋ ਰੋਗ ਥਾ, ਸੋ ਫੋੜੇ ਕੋ ਮੀਤ।
ਤਾਤ ਕਾਲ ਛੁਟ ਸੁਖ ਭਇਆ,ਸੰਤ ਬਿਨਉਂ ਜਬ ਕੀਤ।

॥ ਚੌਪਈ ॥ ਗਲ ਕੇ ਮਾਹਿੰ ਉਠਿਓ ਸੋ ਫੋੜਾ। ਫੁਰਤ ਰਿਦਾ ਮਿਟਿਓ ਸੋ ਕੋੜ੍ਹਾ। ਸੰਤ ਪ੍ਰਤਾਪ ਅਗਿਆਨ ਮਿਟ ਜਾਵੈ। ਫੋੜੇ ਕੋ ਦੁਖ ਕਉਨ ਕਹਾਵੈ?੩੦ ਆਗੇ ਅਉਰ ਬਚਨ ਕਛ ਚੱਲੇ। ਸੁਨ ਲੇਵਹੁ ਸੁ ਜਨ ਭਲ ਭਲੇ। ਏਕ ਨਗਰ ਸੰਤ ਇਛਾ ਬਾਛੀ। ਧਰਮ ਸਾਲ ਬਨ ਜਾਇ ਸੁਆਛੀ। ਇਕ ਜਨ ਭੇਦੀ ਤਿਹ ਪੁਰ ਮਾਹੀ।ਉਨ੍ਹੀ ਪ੍ਰੇਮ ਕਰ ਰੱਹਿਆ ਤਾਹੀਂ।ਉਨਹੀ ਪਰਚੇ ਕਰਕੈ ਸੰਤ। ਊਹਾਂ ਬਨਾਵਨ ਚਹਿਤ ਮਹੰਤ ॥ ੨੯੧।

॥ ਦੋਹਹਾ ॥

ਸੰਤ ਸਾਥ ਜੋ ਸਕਲ ਜਨ, ਭੇਜੇ ਇਸ ਹੀਂ ਕਾਮ।
ਕਹੂੰ ਕਹਿਆ ਤ੍ਰਿਣ ਲਿਆਵ ਹੋ, ਕੂਏਂ ਕਉਂ ਅਭਿਰਾਮ।

॥ ਚੌਪਈ ॥ ਕਹੂੰ ਕਹਿਆ ਤੁਮ ਲਕਰੀ ਲਿਆਵਹੁ। ਕਹੂੰ ਕਹਿਆ ਕਾਨੇ ਕਉਂ ਜਾਵਹੁ। ਕਹੂੰ ਕਹਿਆ ਪੀਸਾਵਹੁ ਆਟਾ। ਕਹੂਕਹਿਆ ਲੇਆਵਹੁ ਖਾਟਾ। ਰਹਣ ਸਾਜ ਸਭ ਜੋਰੇ ਹਰਿ ਜਨ। ਰਹਣ ਕੀਆ ਊਂਹਾ ਬਚ ਕਰਮ ਮਨ। ਭੇਦੀ ਜਨ ਕੇ ਘਰ ਉਤ ਰਾਂਨੇ। ਊਹਾਂ ਕਾਟੀਰੈਨ ਸੁਜਾਨੇ। ਇਕ ਬੀਤਾ ਦੂਜਾ ਦਿਨ ਭਇਆ। ਤਬ ਕਛ

Digitized by Panjab Digital Library | www.panjabdigilib.org

ਬਚਨ ਸੰਤ ਸੁਨ ਲਇਆ ॥ ੨੮੨ ॥

॥ ਦੋਹਰਾ ॥

ਭੇਦੀ ਜਨ ਕੇ ਪੂਤ ਕਉ, ਤਨ ਮਹਿੰ ਥਾ ਕੁਛ ਰੋਗ।
ਰੋਗ ਪੁਛਨ ਕਉਂ ਆਵ ਹੈ, ਸਕਲਾ ਉਨ ਘਰ ਲੋਗ।

॥ ਚੌਪਈ ॥ ਭੇਦੀ ਜਨ ਕੀ ਕਾਮਨ ਭਾਈ। ਕਾਹੂੰ ਕਉਂ ਇਉਂ ਕਹਿਆ ਤਾਹੀਂ। ਪੂਤ ਅਰੋਗੀ ਹੂਆ ਦੇਹੁ। ਜਬ ਕਾ ਹਰਿ ਜਨ ਆਇਆ ਗ੍ਰੇਹੁ। ਸੰਤ ਪ੍ਰਸਾਦਿ ਬੇਟੇ ਸੁਖ ਭਇਆ। ਆਗੇ ਥਾ ਇਹੁ ਰੋਗੀ ਪਇਆ। ਆਗੇ ਸਭ ਦਿਨ ਜਾਰੇ ਤਾਪ। ਅਬ ਤੇ ਸੁਖ ਭਾ ਸੰਤ ਪ੍ਰਤਾਪੁ। ਇਹੁ ਸੁਨ ਹਰਿ ਜਨ ਕੀਓ ਪਿਆਨਾ। ਊਹਾਂ ਸਿਉਂ ਉਠਿ ਚਲਿਓ ਸੁਜਾਨਾ ॥ ੨੮੩ ॥

॥ ਦੋਹਰਾ ॥

ਜਬ ਊਹਾਂ ਸਿਉਂ ਉਠ ਚਲੇ, ਭੇਦੀ ਪੂਛੀ ਬਾਤ।
ਤੁਮ ਤੋ ਈਹਾਂ ਰਹੇ ਥੇ, ਧ੍ਰਮਸਾਲ ਰਚਾਵਤ ਗਿਆਤ।

॥ ਚੌਪਈ ॥ ਸੰਤ ਕਹਿਆ ਕਛ ਭੇਦ ਨਾ ਰਾਈ। ਹਮ ਈਹਾਂ ਹੀਂ ਬਾਸੇ ਭਾਈ। ਮਨ ਬਚ ਕ੍ਰਮ ਹਮ ਈਹਾਂ ਰਹੇ। ਸਾਲ ਬਨਾਵਨ ਮਮ ਮਨ ਚਹੇ। ਪੈ ਇਕ ਬਾਤ ਕਾਨ ਮੋਹਿ ਪਰੀ। ਝੂਠ ਬਾਤ ਸੁਨ ਕਰ ਨਹ ਜਰੀ। ਕਾਮਨ ਤੁਮਰੀ ਬੋਲੇ ਬੈਨਾ। ਸੁਨ ਕਰ ਹਮਹਿੰ ਨ ਮਾਨਿਓ ਚੈਨ। ਕਾਮਨਿ ਸਿਉਂ ਕਿਨੇ ਪੂਤ ਪੁਛਾਨਾ। ਹਾਲ ਬੇਟੇ ਕੋ ਕਹਹੁ ਸੁਜਾਨਾ ॥ ੨੮੪ ॥

॥ ਦੋਹਰਾ ॥

ਤੁਮ ਕਾਮਨਿ ਇਉ ਭਾਖਿਆ, ਪੁਛਨ ਹਾਰ ਸਿਉਂ ਮੀਤ।
ਆਏ ਸੰਤ ਜਬ ਕੇ ਘਰਹਿੰ, ਪੂਤ ਪ੍ਰਭੂ ਸੁਖ ਕੀਤ।

॥ ਚੌਪਈ ॥ ਭਇਓ ਅਰੋਗੀ ਪੂਤ ਤਬੀ ਕਾ। ਆਏ ਸੰਤ ਜਬ ਗ੍ਰਿਹ ਪੁਨੀਤਾ। ਇਹ ਸੁਨ ਹਮ ਨੇ ਕੀਓ ਓਚਾਲਾ। ਬਚਨ

ਸੁਨਤ ਹਮ ਪਾਹਿ ਨਾ ਟਾਲਾ। ਤਬ ਭੇਦੀ ਫਿਰ ਬਾਤ ਪੁਛਾਨੀ। ਇਨ ਮਹਿੰ ਕਿਆ ਹੈ ਪ੍ਰਸ਼ਨ ਗਿਆਨੀ? ਕਾਮਨਿ ਬਾਤ ਜੋ ਕਹੀ ਪਿਆਰੇ। ਤੁਮ ਕਉਂ ਭਾਣੀ ਨੈਕ ਨ ਸਾਰੇ ? ਜਿਤ ਕਰ ਤੁਮਹਿੰ ਨ ਭਾਣੀ ਹਰਿਜਨ। ਖੋਲ੍ਹ ਸੁਨਾਵਹੁ ਸਮਝਹੁੰ ਹਮ ਮੰਨ?। ੨੯੫।

॥ ਦੋਹਰਾ ॥

ਕਾਮਨਿ ਜਨ ਉਸਤਤ ਕਰੀ, ਤੁਮਹਿੰ ਨਾ ਭਾਣੀ ਚਿੱਤ।
ਸੋ ਹਰਿਜਨ ਕਿਹ ਕਾਰਨੇ, ਖੋਲ੍ਹ ਸੁਨਾਵਹੁ ਮਿੱਤ।

॥ ਚੌਪਈ ॥ ਤਬ ਹਰਿਜਨ ਇਹੁ ਬੋਲਤ ਭਏ। ਜਨ ਕਉਂ ਕਓਹਿਹੈ ਉਤ੍ਰ ਸੁਨ ਲੈ। ਕਾਮਨ ਜੋ ਇਹੁ ਭਾਖਿਓ ਭਾਈ।ਜਬ ਕੇ ਹਰਿਜਨ ਮਮ ਗ੍ਰਹ ਆਈ। ਤਬ ਕਾ ਭਇਓ ਪੂਤ ਅਰੋਗੀ। ਆਗੇ ਥਾ ਇਹੁ ਅਤਸ਼ੈ ਰੋਗੀ। ਸੋ ਇਹੁ ਕਹਿਨਾ ਖਾਮੀ ਮੀਤਾ। ਸੁਨ ਲੇਵਹੁ ਦੇ ਕਰ ਤੁਮ ਚੀਤਾ। ਪ੍ਰਿਥਮੇ ਉਤ੍ਰ ਇਨ ਕਾ ਏਹੁ। ਸੰਤ ਮਿਲੇ ਕਾ ਫਲ ਨਹੀ ਏਹੁ ॥੨੯੬॥

॥ ਦੋਹਰਾ ॥

ਤਨ ਕੇ ਸਾਥ ਤਨ ਮਾਤ੍ਰ, ਰੋਗ ਸੋਗ ਅਰ ਭੋਗ।
ਜੀਵਨ, ਮ੍ਰਿਤ, ਅਉ ਸੁਖ ਦੁਖ, ਵਰਤੈ ਸਭ ਸਮ ਲੋਗ।

॥ ਚੌਪਈ ॥ ਜੀਵ ਸੰਤ ਸਿਧ ਸਾਧਿਕ ਭਾਈ।ਜੋਗੀ ਭੋਗੀ ਜੋ ਕੋਊ ਆਹੀ। ਰੰਕ ਰਾਉ ਅਰ ਤਪੀ ਤਪੀਸੁਰ। ਪੀਰ ਪੈਕੰਬਰ ਮੁਨੀ ਰਖੀਸੁਰ। ਤਨ ਸੁਭਾਉ ਇਕ ਰਸ ਨਹੀ ਕਿਨੇ। ਸਭ ਕੇ ਤਨੁ ਚਲ ਬਿੱਚਲ ਬਨੇ। ਛਿਨ ਛਿਨ ਮਾਹਿੰ ਕ੍ਰਾਂਤ ਤਨ ਅਉਰੇ। ਰਹੈ ਨ ਕ੍ਰਾਂਤ ਕਹੂੰ ਤਨ ਠਉਰੇ। ਅੰਤ ਸਕਲ ਤਨ ਹੋਵਹਿੰ ਨਾਸਾ। ਤਨ ਥਿਰ ਰਹਿੰਨ ਝੂਠ ਬਿਸੁ ਆਸਾ। ੨੯੭।

॥ ਦੋਹਰਾ ॥

ਕਬੀਰਾ ਧੂਰ ਸਕੇਲ ਕੇ, ਪੁਰੀਆ ਬਾਂਧੀ ਦੇਹ।
ਦਿਵਸ ਚਾਰ ਕੋ ਪੇਖ ਨਾ, ਅੰਤ ਖੇਹ ਕੀ ਖੇਹ।

॥ ਚੌਪਈ। ਤਨ ਕੀ ਆਦ ਬੂੰਦ ਜਲ ਭਾਈ। ਅੰਤ ਮਿਰਤਕਾ ਸਭ ਹੋਇ ਜਾਈ। ਦੇਖਨ ਮਾਤ੍ਰ ਮਧ ਪਸਾਰਾ। ਸੋ ਭੀ ਰੋਗਹੁੰ ਗ੍ਰਸਿਓ ਬਿਚਾਰਾ। ਤਾਪ ਸਿਰਤ ਸੀਤ ਅਰ ਘਾਮ। ਫੋੜਾ ਸੁੰਦ੍ਰ ਬਦਲੈ ਚਾਮ। ਬਾਈ ਪਿਤ ਪੇਟ ਪੀ ਰਾਤ। ਵਿਛੂ ਸਰਪ ਡੰਗ ਕਰਤਾ ਘਾਤ। ਜਬ ਲਗ ਤਨ ਤਬ ਲਗ ਸਭ ਲਾਗੈ। ਇਨ ਮਹਿੰ ਭੇਦ ਨ ਨੈਕ ਸਭਾਗੈ। ਕਾਂਮਨਿ ਬਚਨ ਜੁ ਇਹ ਮੁਖ ਕਹਿਆ। ਤਨੁ ਅਰੋਗ ਸੰਤ ਮਿਲਿਆਂ ਭਇਆ ? ॥ ੨੮੮।

॥ ਦੋਹਰਾ ॥

ਸੋ ਤੋ ਕਾਮਨਿ ਫਲ ਯਹੀ, ਜਾਨਿਆ ਅਪਨੇ ਚੀਤ।
ਏਹ ਸਮਝਨਾ ਅਤਿ ਸਹਲ, ਮੈ ਨਹਿੰ ਭਾਇਆ ਮੀਤ।

। ਚੌਪਈ ॥ ਤਨ ਦੁਖ ਸੁਖ ਕਰ ਸੰਤ ਪ੍ਰਮਾਨਾ। ਸੰਤ ਪ੍ਰਤਾਪ ਇਹੀ ਇਨ ਜਾਨਾ। ਜਬ ਬਾਰਕ ਪ੍ਰਾਨਨ ਹੋਇ ਅੰਤ। ਤਬ ਕਾਮਨ ਕਹਿ ਮੋਹਿ ਅਸੰਤ। ਤਾਂਤੇ ਇਨ ਸਿਉਂ ਭਾਗਿਆ ਬਨੇ। ਥੋਰੀ ਬੂਝ ਸਿਉਂ ਡਰਪਉਂ ਜਨੇ। ਥੋਰੀ ਬੂਝ ਸਭ ਸਮਝੈ ਥੋਰਾ। ਈਹਾਂ ਕਾਮ ਨਹੀ ਜਨ ਮੋਰਾ। ਇਤ ਕਰ ਈਹਾਂ ਸਿਉਂ ਉਠ ਚਾਲੇ। ਬਾਤ ਅਉਰ ਸੁਨ ਸੰਤ ਕ੍ਰਿਪਾਲੇ।੩੧। ।੨੮੯। ।ਦੋਹਰਾ।

ਇਕ ਜਨ ਚਾਹਤ ਸੰਤ ਕਉਂ, ਸੰਤ ਦਰਸ ਤਿਹ ਪ੍ਰੀਤ।
ਗ੍ਰਹਸਤ ਮਾਂਹਿ ਸੋ ਰਹਤ ਸੋ, ਪੁਰ ਬਾਸੀ ਸੋ ਮੀਤ।

ਹਰਿ ਜਨ ਓਰ ਲਿਖ ਭੇਜਹਿ ਸੋਈ। ਹਮ ਤੁਮ ਦਰਸ਼ਨ ਅਧਿਕ ਸਨੇਹੀ। ਕਹੂ ਪ੍ਰਕਾਰ ਕਰੋ ਬਹੁ ਕਰਨਾ। ਹਮ ਦਿਖਰਾਵੋ ਅਪਨੇ ਚਰਨਾ। ਜਿਉਂ ਕਰ ਤੁਮਰਾ ਦਰਸ਼ਨ ਹੋਈ। ਕਰੋ ਉਪਾਓ ਤੁਮ ਹਰਿ ਜਨ ਸੋਈ। ਹਮਰੀ ਰੁਚ ਨਿਸ ਦਿਨ ਇਹ ਸੰਤ। ਦੇਹੁ ਦਰਸ ਕਰ ਕ੍ਰਿਪਾ ਮਹੰਤ। ਬਹੁਤ ਪ੍ਰੇਮ ਵੈ ਆਖ ਪਠਾਵਹਿੰ। ਇਨ ਸਿਉ ਵਧ ਲਿਖ ਸੰਤ ਪਹੁ ਚਾਵਹਿੰ। ॥ ੨੯੦ ॥

Digitized by Panjab Digital Library | www.panjabdigilib.org

॥ ਦੋਹਰਾ ॥

ਇਉਂ ਕਹ ਕਹ ਨਿਤ ਭੇਜਈ, ਹਰਿਜਨ ਕੈ ਹੀਂ ਪਾਸ।
ਹਰਿ ਜਨ ਭੀ ਯਹ ਮਨ ਲਈ, ਚਾਹਤ ਦੇਖੇ ਦਾਸ।

॥ਚੌਪਈ॥ ਕੀਓ ਉਪਾਵ ਸੰਤ ਮਿਲਨੇ ਆਇਉ।ਆਇਓ ਪੁਰ ਤਿਸ ਹਰਿ ਜਨ ਰਾਇਓ। ਹਰਿ ਜਨ ਭੇਖ ਜਿਉ ਜਨ ਸੁਨ ਪਾਇਆ। ਭੇਖ ਉਤਾਰ ਅਉਰ ਪਹਿ ਰਾਇਆ। ੨੯੧ ॥

॥ ਦੋਹਰਾ ॥

ਸੰਗ ਨ ਕੋਊ ਆਨਿਆ, ਨਿਜ ਜਗਿਆਸੀ ਸੰਤ।
ਏਕ ਏਕਲੇ ਸੇ ਭਏ, ਅਦਭੁਤ ਪ੍ਰਮ ਮਹੰਤ।

॥ ਚੌਪਈ ॥ ਹੋਇ ਏਕਲੇ ਹਰਿਜਨ ਆਏ। ਜਿਹ ਪੁਰ ਮੇ ਸੇ ਜਨ ਥੇ ਆਹਿ। ਹਰਿਜਨ ਜੋ ਨਿਜ ਰੂਪ ਭਵਾਇਆ। ਇਹ ਹਿਰਦਾ ਬਾਹਰ ਜਨ ਆਇਆ। ਕੱਸਨ ਕੱਸੀ ਹਰਿ ਜਨ ਮਨ ਮਾਹੀਂ। ਜਿਉਂ ਕੇ ਤਿਉਂ ਜਨ ਦੇਖੇ ਚਾਹੀ। ਸਰਬੱਤ ਸੇਵੀ ਇਹ ਜਨ ਬਨੇ। ਹੈ ਨਹਿੰ ਬਨਹਿੰ ਦੇਖੀਅਹਿੰ ਜਨੇ। ਸਰਬ ਸੇਵੀ ਜੋ ਪ੍ਰਭੂ ਬਨਾਏ। ਬਿਨ ਪਹਿ ਚਾਨੇ ਹਮਹਿੰ ਪੁਜਾਏ ॥ ੨੯੨ ॥

॥ ਦੋਹਰਾ ॥

ਸਕਲ ਭੇਖ ਸਭ ਜੀਵ ਕਉਂ, ਸਰਬੱਤ ਸੇਵੀ ਪੂਜ।
ਗ੍ਰਿਹ ਤਾਕੇ ਜੋ ਆਵਹੈ, ਦੇਖ ਪ੍ਰਸੰਨ ਸੋਹੂਜ।

॥ ਚੌਪਈ ॥ ਦੇਖਾ ਦੇਖੀ ਸਭ ਜਗ ਸੇਵੈ। ਪੂਜੇ ਮੰਨੇ ਆਦ੍ਰ ਦੇਵੈ। ਜੋ ਗੁਰਮੁਖ ਪ੍ਰਭ ਹੇਤੀ ਜਨੈ। ਤੇ ਸੂਬ ਪੂਜ ਸੁਖ ਦਾਇਕ ਬੰਨੇ। ਅਬ ਇਨ ਕਉਂ ਭੀ ਦੇਖਾ ਚਹੀਐ। ਜੈਸੇ ਹਹਿੰ ਤੈਸੇ ਦਿਖ ਲਈਐ। ਇਹ ਰਿਦ ਧਾਰ ਸੰਤ ਭੇਖ ਉਲ ਟਾਇਆ। ਭੇਖ ਉਲ ਟਾਇ ਉਸ ਜਨ ਪਹਿ ਆਇਆ। ਹਟੀ ਪਰ ਤ੍ਰਿਨ ਬੈਸਿਓ ਆਈ। ਮਉਨ ਪਕੜ ਆਸਨ ਕੀਓ ਜਾਈ।੨੯੩।

Digitized by Panjab Digital Library | www.panjabdigilib.org

॥ ਦੋਹਰਾ ॥

ਜਬ ਹਰਿ ਜਨ ਆਸਨ ਕੀਓ, ਹੱਟੀ ਤਿਨ ਕੀ ਮੀਤ।
ਤਬ ਹਰਿ ਜਨ ਕਉਂ ਤਿਨ ਕਹਿਓ, ਈਹਾਂ ਨ ਬੈਸ ਅਤੀਤ।

॥ ਚੌਪਈ ॥ ਹੱਟੀ ਹਮਰੀ ਸਿਉਂ ਉਠ ਜਾਵਹੁ। ਔਰ ਠੌਰ ਆਸਨ ਜਾਇ ਲਾਵਹੁ। ਹਮ ਤੁਮਰਾ ਇਸ ਬਹਨ ਨ ਸਹਤੇ। ਉਠ ਜਾਵਹੁ ਹਮ ਇਹ ਹੀਂ ਚਹਤੇ। ਜਬ ਹਰਿ ਜਨ ਕਉਂ ਇਹੁ ਤਿਨ ਕਹਿਆ। ਉਠਿਆ ਸੰਤ ਜਬ ਸੁਣ ਤਿਨ ਲਇਆ। ਅਉਰ ਠਉਰ ਜਾਇ ਬਸਿਓ ਗਿਆਨੀ। ਉਂਹਾਂ ਕਿਨੇ ਸੰਤ ਪਹਿਚਾਨੀ। ਸੰਤ ਨਾਮ ਕਾ ਸ ਜਨ ਮਰਮੀ। ਦਰਸ ਭਿ ਕਬ ਦਰਸਿਓ ਸ਼ੁਭ ਕਰਮੀ। ਦੇਖ ਸੰਤ ਤਿਨ ਭਾਸੀ ਭਾਸਾ। ਕਹਿਓ ਨਾਮ ਪੁਰ ਮਹਿੰ ਬਹੁ ਤਾਸਾ ॥ ੨੯੪।

॥ ਦੋਹਰਾ ॥

ਨਾਮ ਸੰਤ ਕਾ ਸੁਨਤ ਹੀਂ ਸੋ ਜਨ ਆਇ ਤੇਜ।
ਜੋ ਪਿਆਸਾ ਬਹੁ ਧਰਤ ਥੇ, ਨਿਤ ਲਿਖ ਚਿਠੇ ਭੇਜ।

॥ਚੌਪਈ॥ ਲੇ ਪ੍ਰਸ਼ਾਦਿ ਹਰਿਜਨ ਪਹਿ ਆਏ। ਬਾਰੇ ਬੂਢੇ ਤਰਨ ਸਬਾਏ। ਜਬ ਹਰਿ ਜਨ ਕੋ ਦਰਸ ਨਿਹਾਰਾ। ਦੇਖ ਹਰਾਨ ਅਤਿ ਭਏ ਅਪਾਰਾ। ਇਹੁ ਓਹੀ ਜੋ ਦੀਉ ਉਠਾਈ। ਚੁਕਨਾ ਪਰੀ ਹਮਹਿੰ ਅਧ ਕਾਈ। ਹੋਇ ਬਿਸਮਾਦ ਮਿਲੇ ਸੰਤ ਆਈ। ਸੰਤ ਭਿ ਤਿਨ ਪ੍ਰਸਾਦਿ ਨ ਖਾਈ। ਸੰਤ ਪਾਹਿੰ ਜਨ ਬਿਨਤੀ ਠਾਨੀ। ਹੇ ਹਰਿਜਨ ਹਮ ਭਏ ਅਗਿਆਨੀ। ਤੁਮ ਸਰੂਪ ਅਉਰ ਸੁਨ ਪਾ-ਇਆ। ਅਬ ਕਛ ਅਉਰੇ ਰੂਪ ਦਿਖਾਇਆ। ਇਤ ਕਰ ਹਮੈ ਨ ਤੁਮਹਿੰ ਪਛਾਨਾ। ਕਰੀ ਬੇਦਬੀ ਤੁਮਹਿੰ ਨ ਜਾਨਾ ॥ ੨੯੫ ॥

॥ ਦੋਹਰਾ ॥

ਇਹ ਸੁਨ ਹਰਿ ਜਨ ਬੋਲਿਆ, ਉਤ੍ਰ ਕਹਿਓ ਬਖਾਨ।
ਕੀਓ ਉਪਦੇਸ਼ ਤਿਨ ਜਨਹੁ ਕਉਂ, ਸੰਤ ਮਿਲਣ ਫਲ ਸਿਆਨ।

Digitized by Panjab Digital Library | www.panjabdigilib.org

॥ਚੌਪਈ॥ ਜਉ ਕੋਊ ਨਿੰਦੈ ਜਉਂ ਕੋਊ ਵੰਦੈ। ਸੰਤ ਸੁਭਾਵ ਸਦਾ ਆਨੰਦੈ। ਜਨ ਕਾਰਨ ਕਛ ਜਨ ਕਉਂ ਕਹਤੇ। ਮਿੱਲਨੇ ਕੋ ਫਲ ਦੇਵਨ ਚਹਤੇ। ਸੰਤ ਮਿਲਨ ਕਉਂ ਏਹੀ ਲਾਹਾ। ਕਰ ਉਪਦੇਸ਼ ਕਟਹਿੰ ਭ੍ਰਮ ਫਾਹਾ। ਭਰਮ ਬੂਝ ਕਉਂ ਕਾਟ ਗਵਾਵਤ। ਗੁਰਮਤ ਬੂਝ ਜਨਹਿ ਸਮਝਾਵਤ। ਹਰਿ ਜਨ ਕਹਾ ਸੁਨਹੁ ਜਨ ਭਾਈ। ਅਪਨਾ ਰੂਪ ਹਮ ਇਤ ਉਲਟਾਈ॥ ੨੯੬ ॥

॥ ਦੋਹਰਾ ॥

ਤੁਮ ਪੱਰਖਨ ਕੇ ਕਾਰਨੇ, ਹਮ ਉਲਟਾਇਆ ਭੇਖ।
ਹਮ ਕਹਿਆ ਜਗ ਕੈ ਸਮਾਨ, ਕੈ ਕਛ ਭਏ ਵਿਸ਼ੇਖ।

॥ ਚੌਪਈ ॥ ਜੱਗ ਸਕਲ ਕੀ ਏਹੀ ਗੀਤਾ। ਨਾਮ ਚੜੇ ਸਿਉਂ ਕਰਤੇ ਪ੍ਰੀਤਾ। ਜਾਕਾ ਨਾਮ ਨ ਜਾਨੈ ਕੋਈ। ਤਾਂਕਉਂ ਕੋਇ ਨ ਦੇਵੈ ਢੋਈ। ਦੇਖਾ ਦੇਖੀ ਪੂਜਨ ਲਾਗਹਿੰ। ਦੇਖਾ ਦੇਖੀ ਹੀਂ ਸਭ ਭਾਗਹਿੰ। ਜੋ ਭਗਵੰਤ ਹੇਤੀ ਜਨ ਮੀਤਾ। ਭਗਵੰਤ ਅਰਥ ਸਭਨ ਕਰ ਪ੍ਰੀਤਾ। ਨਹ ਕਾਹੂੰ ਸਿਉਂ ਬੈਰ ਬਢਾਵਹਿੰ। ਨਾ ਕਾਹੂੰ ਦੁਰ ਬਚਨ ਬਤਾਵਹਿੰ। ਜਉਂ ਕਹੂੰ ਨਾਮ ਸੁਨਹਿੰ ਨਹ ਸੁਨਹਿੰ। ਸਭ ਕੀ ਮਾਂਨਤ ਸੀਸ ਨ ਧੁਨਹਿੰ॥ ੨੯੭ ॥

॥ ਦੋਹਰਾ ॥

ਹਮ ਯਹ ਰਿਦ ਮਹਿੰ ਧਾਰ ਕਰ, ਬਨੇ ਰੂਪ ਕਛ ਅਉਰ।
ਤੁਮ ਪਰਖਨ ਕੇ ਕਾਰਨੇ, ਆਏ ਤੁਮਰੀ ਠਉਰ।

॥ ਚੌਪਈ ॥ ਹਮ ਕਹਿਆ ਜਉਂ ਸਾਚਾ ਏਹ। ਸਭ ਕੋ ਆਦਰ ਤਬੀ ਕਰੇਇ। ਇਹੀ ਭੇਖ ਮਹਿੰ ਪੂਜਹਿੰ ਹਮ ਕਉਂ। ਜਉਂ ਇਹੁ ਕਛੂ ਪਛਾਨਤ ਪ੍ਰਭ ਕਉਂ। ਸੋ ਤੁਮ ਮਹਿੰ ਪ੍ਰਭ ਪ੍ਰੀਤ ਨ ਪੇਖੀ। ਆਇ ਮਿਲੇ ਅਬ ਦੇਖਾ ਦੇਖੀ। ਦੇਖਾ ਦੇਖੀ ਜੋ ਕਿਛ ਕਰੀਏ। ਪ੍ਰਭੂ ਪ੍ਰੀਤ ਲੇਖੈ ਨਹੀ ਪਰੀਏ। ਨਾਮ ਸੁਨਤ ਪ੍ਰਸ਼ਾਦਿ

ਲਿਆਇ। ਦੇਖਾ ਦੇਖੀ ਮਿਲਨੇ ਆਇ। ਅਬ ਇਹੁ ਤੁਮਰਾ ਮਿਲਨ ਮੁਲੰਮਾ। ਅਸਲ ਅਉਰ ਦੇਖਿਉ ਹੈ ਹਮਾ।੨੯੮।

॥ ਦੋਹਰਾ ॥

ਅਸਲ ਤੁਮਾਰਾ ਓਹੀ ਥਾ, ਜੋ ਕਹਿਆ ਦੁਕਾਨ ਪਰ ਬੋਲ।
ਲੇਖੇ ਮਹਿੰ ਓਹੀ ਪਰਾ, ਨਿਰਖ ਲੀਆ ਮੈ ਟੋਲ।

॥ ਚੌਪਈ ॥ ਜਉਂ ਤੁਮ ਸਭ ਕੀ ਪੂਜਾ ਕਰਤੇ। ਸਭ ਕੇ ਬੀਚ ਹਮ ਕੋ ਭੀ ਧਰਤੇ। ਸੋ ਪੂਜਾ ਹਮ ਕਉਂ ਬਹੁ ਭਾਵੈ। ਅਉਰ ਪੂਜ ਰਿਦ ਭਾਰੁ ਬਢਾਵੈ। ਪ੍ਰਭੂ ਪੂਜ ਇਸ ਹੀਂ ਕਾ ਨਾਮ। ਜਉਂ ਸੱਭ ਕੀ ਕਰੀਐ ਅਭਿਰਾਮ। ਨਾਮ ਚੜ੍ਹੇ ਜੋ ਕਰਤੇ ਪੂਜਾ। ਤਿਨ ਕੇ ਰਿਦੇ ਭਾਉ ਹੈ ਦੂਜਾ। ਕਿਸੀ ਅਰਥ ਕਿਸੀ ਕਾਮ ਕੇ ਕਾਰਨ। ਨਾਮ ਚੜੇ ਕੀ ਪੂਜਾ ਧਾਰਨ। ੨੯੯।

॥ ਦੋਹਰਾ ॥

ਸੁਆਰਥ ਕੋ ਸਭ ਕੋ ਕਰੈ, ਜਗ ਸਕਲਾ ਹੀਂ ਜਾਨ।
ਬਿਨ ਸੁਆਰਥ ਸੇਵਾ ਕਰਹਿੰ, ਹਰਿ ਕੀ ਪ੍ਰੀਤ ਪਛਾਨ।

॥ ਚੌਪਈ ॥ ਬਿਨ ਸੁਆਰਥ ਜੋ ਸੇਵ ਕਮਾਈ। ਤਿਨ ਕੋ ਲੱਛਨ ਏਹ ਸੁਨ ਭਾਈ। ਸਰਬ ਸਾਥ ਜੋ ਕੁਸਲੀ ਭਇਆ। ਰਿਦ ਮਹਿ ਪਕੜ ਰਹਿਆ ਵਹੁ ਦਇਆ। ਚੌਰਾਸੀ ਮਹਿੰ ਦਰਸੈ ਗੋਬਿੰਦ। ਕਰੇ ਦਇਆ ਜੋ ਰਾਖੇ ਚਿੰਦ। ਮਾਨਸ ਪਸ਼ੂ ਅਰ ਕੀਰੀ ਮਕਰੀ। ਗਊ ਗਰਧੱਬ ਅਰ ਹਸਤੀ, ਬਕਰੀ। ਧਰਮੀ, ਪਾਪੀ, ਸੰਤ, ਅਸੰਤ। ਸਭ ਮੈ ਰਮਤਾ ਰਾਮ ਰਮੰਤ। ੩੦੦।

॥ ਦੋਹਰਾ ॥

ਜਿਹ ਜਿਹ ਦੇਖਉਂ ਨੈਨ ਭਰ, ਦ੍ਰਿਸ਼ਟ ਨਾ ਆਵੈ ਅਉਰ।
ਮੋਹਨ ਮੂਰਤ ਮਿਤ੍ਰ ਕੀ, ਬਿਆਪ ਰਹੀ ਸਭ ਠਉਰ।

॥ ਚੌਪਈ ॥ ਰਹਿਆ ਬਿਆਪ ਏਕ ਕਰਤਾਰ। ਤਉਂ

Digitized by Panjab Digital Library | www.panjabdigilib.org

ਕਿਸ ਸਾਥ ਮਾਨੈ ਉਪਕਾਰ। ਆਗੈ ਸਭ ਕਿਛ ਪ੍ਰਭ ਕਾ ਭਾਈ। ਪ੍ਰਭੂ ਅਰਥ ਪ੍ਰਭ ਕਉਂ ਜਉਂਲਾਈ। ਦੇਵਨ ਲੇਵਨ ਵਾਰਾ ਏਕ। ਜੇ ਇਹ ਰਿਦ ਮਹਿ ਗਹਿਆ ਬਿਬੇਕ। ਤਉਂ ਸਭ ਕਿਸ ਸਾਥ ਭਲਾ ਇਨ ਕੀਆ। ਇਹ ਰਿਦ ਧਾਰ ਨਿਹ ਕਾਮੀ ਥੀਆ। ਸਭ ਤਨ ਕਉਂ ਅਪਨਾ ਤਨ ਜਾਨੈ। ਤਨ ਕੇ ਸਾਥ ਉਪਕਾਰ ਕਿਆ ਮਾਨੈ? ॥ ੩੦੧ ॥

॥ ਦੋਹਰਾ ॥

ਅੰਜਨ ਪਾਵੈ ਆਂਖ ਮਹਿ, ਨਾਵੈ ਮਲ ਮਲ ਦੇਹਿ।
ਭੋਗ ਭੁਗਾਵੈ ਬਹੁ ਬਿਧੀ, ਤਨ ਸਿਉਂ ਕਛੂ ਨ ਲੇਹਿ।

। ਚੌਪਈ। ਭੂਖਾ ਦੇਖ ਖਵਾਵੈ ਯਾਕਉਂ। ਪਿਆਸਾ ਦੇਖ ਪਾਨੀ ਦੇਇ ਤਾਕਉਂ। ਹਾਰਿਆ ਦੇਖ ਸੰਵਾਇ ਸਰੀਰਹਿੰ। ਸਰਬ ਪ੍ਰਕਾਰ ਇਨਹਿੰ ਦੇ ਧੀਰਹਿੰ। ਯਾ ਸਿਉਂ ਨੈਕ ਨ ਲੇਵਨ ਬਾਂਛੈ। ਚਿਤੈ ਨਾਹੀ ਕੀਆ ਹਮ ਆਛੈ। ਤੈਸੇ ਸਰਬ ਸਾਥ ਕਰ ਭੱਲਾ। ਅਹੰਕਾਰ ਚਿਤਉਨੀ ਸਿਉ ਨਿਹ ਚੱਲਾ ਕਰਿ। ਕਰਿ ਕੈ ਕਛੂ ਕੀਆ ਨ ਮਾਨੈ। ਅਦਭੁਤ ਗੁਰਮੁਖ ਰਿਦੈ ਗਿਆਂਨੈ ॥ ੩੦੨।

॥ ਦੋਹਰਾ ॥

ਕਰੇ ਕਰੇ ਕੁਛ ਨਾ ਕਰੇ, ਰਹੇ ਸਦਾ ਅਚਾਹੁ।
ਏਕੋ ਏਕ ਨਿਹਾਰਿਆ, ਹੋਆ ਬੇਪਰਵਾਹੁ।

। ਚੌਪਈ। ਬੇਪਰਵਾਹੁ ਤ੍ਰਿਸ਼ਨਾ ਸਿਉਂ ਹੂਆ। ਦੁਤੀਆ ਭਰਮ ਲੇ ਤਿਨਹ ਵਿਗੋਆ। ਚਹੇ ਨਹੀਂ ਆਦਰ ਅਰ ਮਾਨ। ਚਹੇ ਨਹੀ ਸੁਖ ਦੇਹਿ ਸੁਜਾਨ। ਦੋਹੂ ਲੋਕ ਕੀ ਚਾਹ ਬਿਸਾਰੀ। ਰਿਦ ਮਹਿ ਦ੍ਰਿੜ ਕਰ ਗਹਿਓ ਮੁਰਾਰੀ। ਇਹੈ ਸਮਝ ਭਇਓ ਕੁਸਲੀ ਗਯਾਤਾ। ਸੁਆਰਥ ਤਜ ਪ੍ਰਮਾਰਥ ਰਾਤਾ। ਹੋਇ ਅਲੱਗ ਪ੍ਰਭ ਸੇਵ ਕਮਾਵੈ। ਐਸੀ ਸੇਵ ਪ੍ਰਭ ਕਉਂ ਬਹੁ ਭਾਵੈ। ੩੦੩।

Digitized by Panjab Digital Library | www.panjabdigilib.org

॥ ਦੋਹਰਾ ॥

ਖੁਦੀ ਚਾਹ ਦੋਊ ਤਿਆਗ ਕੈ, ਸੇਵ ਕਮਾਵਹੁ ਮੀਤ।
ਜਿਸਕੀ ਤਿਸਕਉਂ ਸਉਂਪੀਐ, ਤਉਂ ਸੁਖ ਪਾਵਹੁ ਨੀਤ।

॥ ਚੌਪਈ ॥ ਸੰਤ ਨ ਸੇਵ ਇਹ ਹੀਂ ਹੈ ਭਾਈ। ਸਭ ਕਉਂ ਜਉਂ ਹੋਈਐ ਸੁਖ ਦਾਈ। ਸੰਤ ਅਧਾਰ ਭਾਵ ਕਾ ਕਰਤੇ। ਆਂਨ ਅਧਾਰ ਨ ਹਿਰਦੈ ਧਰਤੇ। ਭਾਵ ਅਰਥ ਏਹੀ ਤੁਮ ਜਾਨਹੁ। ਸਭ ਸਾਜਣ ਮਨ ਮਾਹਿਂ ਪਛਾਨਉਂ। ਮਨ ਬਚ ਕਰਮ ਕਰ ਸੋਈ ਉਪਾਏ। ਜਹਿ ਪ੍ਰਕਾਰ ਹੋਇ ਸੁਖੀ ਸਬਾਏ। ਦੁਸ਼ਟ ਭਾਉ ਜਿਹ ਖੋਇ ਗਵਾਇਆ। ਸਜਨ ਭਾਇ ਸਭ ਸਿਉਂ ਜਤ ਲਾਇਆ ॥੩੦੪ ॥

॥ ਦੋਹਰਾ ॥

ਸਭ ਕੇ ਸਾਜਨ ਹੋਇ ਰਹੇ, ਸਭ ਕੋ ਮਾਨਤ ਦਾਸ।
ਆਪਾ ਪਰ ਜਉਂ ਉਠ ਗਇਆ' ਤਉਂ ਸੰਤਨ ਲੀਓ ਹੁਲਾਸ।

॥ ਚੌਪਈ ॥ ਸੰਤ ਪ੍ਰਸੰਨਤਾ ਤਿਸ ਜਨ ਲੀਨੀ। ਜਿਨ ਐਸੇ ਪਦ ਰਿਦ ਮਹਿਂ ਚੀਨੀ। ਸੰਤ ਸਾਦ ਪਰ ਤਨੁ ਸਿਉਂ ਲੇਵਤ ਅਪਨੇ ਤਨ ਮਹ ਮਨ ਨਹੀ ਦੇਵਤ। ਭਏ ਸੰਤ ਨਿਜ ਤਨ ਸਿਤੇਂ ਜੁਦਾ। ਖਿੰਚ ਲੀਓ ਰਗੁ ਰਗੁ ਸਿਉਂ ਰਿਦਾ। ਅਪਨਾ ਕਛ ਤਿਨ ਮਨਿਓ ਨ ਰਾਈ। ਭਾਵ ਸਿਉਂ ਰੀਝਤ ਜਨ ਪਰ ਭਾਈ। ਅਉਰ ਪ੍ਰਕਾਰ ਨ ਰੀਝਹਿ ਸੋਈ। ਸਰਬ ਦੁਆਰ ਹੋਇ ਸੰਤ ਸਨੇਹੀ। ੩੦੫। ॥ ਦੋਹਰਾ ॥

ਸਰਬ ਸੰਗ ਜੋ ਭਾਉ ਕਰ, ਸੰਤ ਰੀਝ ਸੋ ਲੇਹਿ। ਇਸਹੀਂ ਪਰ ਪ੍ਰਸੰਗ ਕਛ ਸੰਤ ਸੁਨਾਇਓ ਤੇਹਿ। ॥ ਚੌਪਈ ॥

ਸੰਤ ਪ੍ਰਸੰਗ ਤਿਨ ਏਹ ਸੁਨਾਇਆ। ਇਕ ਬਾ ਭੂਪਤ ਪਰਜਾ ਰਿਾਇਆ। ਹੰਸ ਦ੍ਰਸ਼ਨ ਕੀ ਵਾਂਛਾ ਭਈ। ਸੁਜਨ ਜਨਾ ਸਿਉਂ ਬ੍ਰਥਾ ਕਹੀ। ਸੁਜਨ ਜਨਾ ਤਿਨ ਜਤਨ ਬਤਾਯਾ। ਹੰਸ ਦ੍ਰਸ਼ਨ ਕੋ

ਕਹਿਓ ਉਪਾਇਆ। ਹੰਸ ਜਾਤ ਪੰਛੀ ਕੀਂ ਰਾਇਆ ਤਨੁ ਤਿਨਕੋ ਪੰਛਾ ਹੀਂ ਆਹਿਆ। ਚੋਗਅਉਰ ਵੈ ਚੁਗਹੀਂ ਹੰਸ। ਤਨ ਤਿਨਕੋ ਪੰਛੀ ਕੀ ਅੰਸ। ੩੫੯।

॥ ਦੋਹਰਾ ॥

ਤਾਂਤੇ ਪੰਛੀ ਸੇਵ ਕਰਿ, ਇਨ ਮਹਿੰ ਆਵਹਿੰ ਸੋਇ।
ਹੰਸ ਦ੍ਰਸ਼ਨਕੀ ਵੰਛਿਆ, ਪੂਰਨ ਕਰਿ ਤੁਮ ਲੇਹ।

। ਚੌਪਈ ॥ ਸਰਬ ਪੰਛੀ ਕੀ ਸੇਵ ਕਮਾਂਵਹਿੰ।ਇਹੈ ਬਾਤ ਪੰਛੀ ਸੁਨ ਪਾਵਹਿੰ। ਹੰਸ ਮਹਿਮਾਨ ਤੁਮਰੇ ਘਰ ਹੋਈ। ਆਇ ਤੁਮਾਹੇ ਆਂਙਨ ਸੋਈ। ਤਿਨ ਆਹਾਰ ਮੁਕਤ ਕੋ ਮੀਤਾ। ਨਿਤ ਕੋ ਖਾਵਨ ਪ੍ਰਭ ਇਹ ਕੀਤਾ। ਨਿਰਮਲ ਮੁਕਤ ਅ ਵਿਧਿ ਜੋ ਭਾਈ। ਤਿੰਨ ਅਹਾਰ ਹੈ ਇਹ ਸੁਖਦਾਈ। ਤਿਨ ਦੇਖਨ ਕੋ ਫਲ ਏਹੁ ਹੋਈ। ਸੁਨ ਲੇਵਹੁ ਹਮ ਤੇ ਅਬ ਸੋਈ ॥ ੩੦੭ ॥

॥ ਦੋਹਰਾ ॥

ਖਾਵਨ ਹੰਸ ਮੁਕਤਾ ਕਰਹਿੰ, ਗੋਹਾ ਤਿਨ ਕੋ ਲਾਲ।
ਹੰਸ ਜਿਵੈਂ ਖਾਵਨ ਤਿਨੇ, ਗੋਹਾ ਤੈਸੋ ਭਾਲ।

ਚੌਪਈ ॥ ਹੰਸ ਲਾਲ ਜਬ ਪਾਈਅਹਿੰ ਰਾਜਾ। ਰੰਕਾਈ ਮਿਟ,ਇੰਦ੍ਰ ਸਮਾਜਾ। ਤਬ ਭੂਪਤ ਇਉਂ ਹੀ ਮਨ ਲੀਨਾ। ਜਿਉਂ ਜਨ ਸੁਜਨ ਬਚਨ ਉਨ ਕੀਨਾ। ਪੰਛੀ ਸੇਵਾ ਭੂਪਤ ਠਾਨੀ। ਅਦ ਭੁਤ ਠਉਰ ਰਾਜੇ ਰਾਚਾਂਨੀ। ਬਾਗ ਲਵਾਇਓ ਆਛਾ ਰਾਜੇ। ਮਧ ਬਾਗ ਕੇ ਕੂੰਏ ਸਾਜੇ। ਨਾਨਾ ਚੋਗ ਪਾਇ ਚੁਗ ਵਾਵੈ। ਬਧਿਕ ਗਾਜੀ ਵੜਨ ਨ ਪਾਵੈ। ੩੦੮।

॥ ਦੋਹਰਾ ॥

ਚਿਹਲ ਬਿਹਲ ਪੰਛੀ ਕਰਹਿੰ, ਰਾਜਾ ਮਾਨੈ ਸੁਖ।
ਪੰਛਨ ਕੇ ਬਿਸਰਾਮ ਜਿਉਂ ਚੁਨ ਡਾਰਿਓ ਹਭ ਦੁਖ।

॥ ਚੌਪਈ ॥ ਸਰਬ ਦੇਸ ਕੇ ਪੰਛੀ ਜੋਈ। ਸਕਲ ਆਇ

ਤਹ ਲੇਵਹਿੰ ਢੋਈ। ਸੁਨ ਕੇ ਪੰਛੀ ਉਡ ਉਡ ਆਵਹਿੰ। ਆਇ ਰਾਜ ਗ੍ਰਹ ਚੋਗਾ ਖਾਵਹਿੰ। ਆਗੈ ਚੋਗ ਅਮਿਤ ਅਪਾਰਾ। ਜੋ ਖਾਵਹਿੰ ਸੋ ਖਾਵਹਿੰ ਯਾਰਾ। ਬਹੁੜ ਹੰਸ ਜਹ ਬਸਤੇ ਭਾਈ। ਤਿਹ ਇਹੁ ਬਾਤ ਕਿਨੈ ਬਤਲਾਈ। ਜੈਸੇ ਸੇਵਾ ਰਾਜੇ ਠਾਨੀ। ਸਭ ਤਿਨ ਪੰਖੀ ਆਖ ਬਖਾਨੀ। ਹੰਸ ਬਾਤ ਸੁਨ ਕਰ ਉਮ ਗਾਨੇ। ਚਾਹਿਆ ਤਿਨ ਜਾਈਐ ਤਿਨ ਥਾਨੇ।੩੦੯।

॥ ਦੋਹਰਾ ॥

ਹੰਸ ਉਡ ਆਏ ਤਹਾਂ, ਜਹ ਰਾਜੇ ਰਾਚੀ ਸੇਵ।
ਮੁਕਤਾਹਲ ਬਿਨ ਨਾ ਚੁਗਹਿੰ, ਹੰਸਨ ਕੀ ਯਹ ਟੇਵ।

॥ ਚੌਪਈ ॥ ਤਬ ਰਾਜੇ ਮੁਕਤਾ ਲੇ ਡਾਰੇ। ਜਾਸ ਚੋਗ ਸਿਉ ਹੰਸ ਪਿਆਰੇ। ਹੰਸ ਮੁਕਤ ਕੀ ਚੋਗ ਚੁਗਾਨੀ। ਇਕ ਇਕ ਲਾਲ ਦੇ ਗਏ ਸੁਜਾਨੀ। ਲਾਲ ਦੇਇ ਫਿਰ ਚਲਤੇ ਰਹੇ। ਰਾਜੇ ਲਾਲ ਸਕਲ ਚੁਣ ਲਏ। ਭਇਓ ਧਨੀ ਸੋ ਅਤਿ ਅਪਾਰਾ। ਲਾਲਨ ਸਿਉਂ ਲੇ ਭਰਿਓ ਭੰਡਾਰਾ। ਏਕ ਏਕ ਕੋ ਮੋਲ ਨ ਕੋਈ। ਅਮਿਤ ਲਾਲ ਕਿਆ ਕੀਮਤ ਹੋਈ।੩੧੦।

॥ ਦੋਹਰਾ ॥

ਤਾਤ ਪਰਜ ਤਿੰਨ ਕੋ ਸੁਨਹੁ, ਜਿਸ ਪਰ ਇਹ ਬਿਰਤੰਤ।
ਰਾਜੇ ਨਿਆਈਂ ਸੋਇ ਜਨ, ਜੁ ਦੇਖੇ ਚਾਹੇ ਸੰਤ।

। ਚੌਪਈ ॥ ਸੰਤ ਮਨਿੰਦ ਹੰਸ ਕੀ ਭਾਈ। ਜੋ ਜਨ ਇਨ ਕੀ ਰਾਖੇ ਚਾਹੀ। ਸ਼ਾਤਕ ਸੁਜਨ ਇਹ ਕਰਹਿੰ ਉਪਾਇਆ। ਸਰਬ ਜੀਆਂ ਤਿਨ ਪੰਖ ਬਤਾਇਆ। ਸਰਵ ਸੇਵ ਇਹ ਟਹਲ ਬਤਾਈ। ਹੰਸ ਸੰਤ ਮਾਨਸ ਪੰਛਾਈ। ਚੋਗ ਭਿੰਨ ਤਿਨਕੀ ਸੁਨ ਲੇਹ। ਸੰਤ ਚੋਗ ਭਾਉ ਹੀ ਲੇਹਿ। ਜੀਅਨ ਚੋਗ ਸਰੀਰ ਕੀ ਪੋਖਨ। ਦੋਨੋ ਕੀ ਨਿਆਰੀ ਹੈ ਤੋਖਨ ॥੩੧੧॥

Digitized by Panjab Digital Library | www.panjabdigilib.org

॥ ਦੋਹਰਾ ॥

ਸੰਤ ਦਰਸ ਕੀ ਪਿਆਸ ਜਿਨ, ਸਰਬ ਜੀਅ ਕੀ ਸੇਵ ।
ਜਲ ਅਨਾਜ ਅਰ ਠਉਰ ਸੁਖ, ਸਭ ਕਾਹੂੰ ਕਉਂ ਦੇਵ ।

॥ ਚੌਪਈ ॥ ਮਿਸਟ ਬਚਨ ਸਭ ਹੀਂ ਸੰਗ ਬੋਲੇ । ਕੂਮਲ ਦ੍ਰਿਸ਼ਦ ਨਿਹਾਰੇ ਖੋਲ੍ਹੇ । ਮਨ ਬਚ ਕ੍ਰਮ ਸਭ ਸਾਜਨ ਹੋਵੈ । ਅਪਨਾ ਆਪ ਸਕਲ ਆਲੋਵੈ । ਜਬ ਇਹੁ ਐਸੀ ਸੇਵ ਰਚਾਵੈ । ਹੰਸ ਸੰਤ ਸੁਨ ਕਰ ਸਭ ਆਵੈ । ਸੰਤ ਹੰਸ ਚੋਗ ਚੁਗਤੇ ਭਾਉ । ਦੇਵਹਿੰ ਲਾਲ ਨਿਹ ਕਾਮਤਾ ਸਾਉ । ਨਿਹਕਾਮ ਲਾਲ ਕੋ ਮੋਲ ਅਮੋਲਾ । ਯਾਮਹਿੰ ਨਾਹੀ ਕਾਹੂੰ ਰੋਲਾ । ੩੧੨ । ।ਦੋਹਰਾ ।

ਸੰਤ ਮਿਲਨ ਕੋ ਫਲ ਇਹੀ ਨਿਹ ਕਾਮਤਾ ਚਿਤ ।
ਕਰ ਉਪਦੇਸ਼ ਕਟ ਡਾਰਹੀਂ, ਖੋਟ ਜਨਾ ਕਉਂ ਮਿਤ ।

॥ ਚੌਪਈ ॥ ਖੋਟ ਜਨਾ ਸਹਕਾਮਤਾ ਭਾਈ। ਕਟ ਡਾਰਿਓ ਉਪਦੇਸ਼ ਸੁਨਾਈ । ਨਿਹਕਾਮ ਬਣੇ ਸੰਤ ਸੇਵਾ ਲਾਏ । ਤਿਹ ਕਰ ਜਨ ਅਨੰਤ ਫਲ ਪਾਏ । ਛਿਨ ਮਹਿੰ ਪ੍ਰਭ ਕਉਂ ਕਰੇ ਪ੍ਰਸੰਨਾ। ਸੰਤ ਸਕਲ ਜਨ ਭਾਖਹਿੰ ਧੰਨ । ਜੋ ਕਿਛ ਕਰੇ ਸੁ ਲੇਖੇ ਪਰੇ । ਆਪਾ ਪਰਕਾ ਸਰਬ ਬਿਸੱਰੇ । ਸੰਸਾਰ ਜਾਲ ਸਿਉਂ ਤਬ ਛੁਟ ਜਾਵੈ । ਹੋਇ ਨਿਹ ਕਪਟ ਸੰਤ ਸੇਵ ਕਮਾਵੈ । ੨੧੩ । ॥ ਦੋਹਰਾ ॥

ਫਲ ਅਨੰਤ ਸੋ ਖਾਵਈ, ਜੋ ਹੋਵਹਿ ਨਿਹ ਕਾਮ ।
ਏਹ ਬਚਨ ਹਰਿਜਨ ਕਹੇ, ਸੁਨੇ ਸਕਲ ਅਭਿਰਾਮ ।

॥ ਚੌਪਈ ॥ ਐਸੇ ਬਚ ਕਹਿ ਕੀਓ ਪਇਆਨਾ। ਪ੍ਰਸ਼ਾਦਿ ਭਿ ਤਿਨ ਕੋ ਲੀਓ ਸੁਜਾਨਾ । ਤਿਨ ਸਿਉਂ ਗੰਢ ਕਰ ਚਲਿਓ ਸੰਤ । ਟੂਟੇ ਕਉਂ ਗੱਢ ਲੀਓ ਮਹੰਤ । ਤਿਨ ਜਨ ਦਸ਼ਾ ਤਿਵੇਂ ਗਹਿ ਲਈ । ਜਿਉ ਉਨ ਕਉਂ ਸੰਤ ਆਗਿਆਭਈ । ਸ੍ਰਬ ਸੇਵੀ ਬਨ ਰਹੇ ਸਿ ਮੀਤਾ । ਬਨ ਨਿਸ਼ਕਾਮ ਸੇਵ ਗਹੀ ਚੀਤਾ । ਭੋਜਨ

ਭਾਉ ਅਰ ਠੰਡਾ ਪਾਣੀ। ਸਭ ਦੇਵਹਿੰ ਜੋ ਆਵਹਿੰ ਪ੍ਰਾਨੀ।੩੧੪।

॥ ਦੋਹਰਾ ॥

ਸਕਲ ਕੁਟੰਬ ਜੁ ਤਿਨ ਜਨਾ, ਇਸ ਹੀਂ ਲਾਗਾ ਕਾਮ।
ਕੋ ਖਟ ਕਰ ਖਵਾਵਈ, ਕੋਈ ਦੇਇ ਬਿਸਰਾਮ।

॥ ਚੌਪਈ ॥ ਪਕਾਇ ਖਵਾਵੈਂ ਭੂਖੇ ਜਨਾ। ਆਏ ਕੋ ਰਾਖਹਿੰ ਚਾਹਿ ਸਨਾ। ਹਾਰੇ ਕਉਂ ਚਾਪੀ ਵੈ ਕਰਈਂ ਪਿਆਸੇ ਆਗੇ ਜਲ ਸੋ ਧਰਹੀਂ। ਜੇ ਕੋਊ ਕਛ ਤਿਨਹਿੰ ਸੰਤਾਵੈ। ਸਹਿ ਜਾਵਹਿੰ ਨਹ ਕਛੂ ਅਲਾਵੈਂ। ਸੰਤ ਬਚਨ ਪਰ ਧਿਆਨ ਲੇ ਰਾਖਹਿੰ। ਸੰਤ ਉਪਦੇਸ਼ ਰਿਦੇ ਰਸ ਚਾਖਹਿੰ। ਧੰਨ ਸੰਤ ਜੋ ਕਰਿ ਉਪਦੇਸ਼ਾ। ਧੰਨ ਤੇ ਜਨ ਜਿਹ ਰਿਦ ਪ੍ਰਵੇਸ਼ਾ। ਜਨਮ ਮ੍ਰਿਤ ਤਿਨ ਸਫਲੇ ਭਏ। ਜਿਨ ਉਪਦੇਸ਼ ਸੰਤ ਮਨ ਲੈ।੩੧੫॥

॥ ਦੋਹਰਾ ॥

ਜਨਮ ਲਾਭ ਤਿਨ ਜਨਾ ਕਉਂ, ਜਿਨ ਲੀਓ ਉਪਦੇਸ਼।
ਇਨ ਤੇ ਪਰੇ ਕੋ ਨਾ ਕਰਮ, ਜਉਂ ਰਿਦ ਹੋਇ ਪ੍ਰਵੇਸ਼।
੩੨॥ ਚੌਪਈ ॥ ਅਉਰ ਬਾਤ ਹਰਿ ਜਨ ਕੀ ਭਈ। ਤਿਉਂ ਉਚਰਉਂ ਜਿਉ ਕਰਿਸੁਨ ਲਈ। ਇਕ ਜਨ ਪ੍ਰਾਨ ਅੰਤ ਤਕ ਗਏ। ਜਨ ਮਨ ਪਿਆਸ ਸੰਤ ਦਰਸਏ। ਸੰਤ ਓਰ ਤਿਨ ਪਠਿਓ ਸਨੇਹਾ। ਹੇ ਹਰਿ ਜਨ ਮਮ ਛੂਟਤ ਦੇਹਾ। ਮੋ ਮਨ ਦਰਸ਼ਨ ਪਿਆਸ ਤੁਮਾਰੀ। ਕਰ ਕ੍ਰਿਪਾ ਆਇ ਮਿਲ ਹਿਤਕਾਰੀ? ਤਬ ਹਰਿਜਨ ਮਾਨੀ ਇਹ ਬਾਤਾ। ਰੋਗੀ ਕਉਂ ਆਇ ਮਿਲਿਓ ਗਿਆਤਾ।੩੧੬।

॥ ਦੋਹਰਾ ॥

ਰੋਗੀ ਜਨ ਕੀ ਭਾਵਨੀ, ਹਰਿ ਜਨ ਪੂਛੀ ਆਇ।
ਅਬ ਤੋ ਤੁਮਰਾ ਦੇਹ ਛੁਟਤ ਮਨ ਮਹਿੰ ਕਿਆ ਤੁਮ ਚਾਹਿ।

॥ ਚੌਪਈ ॥ ਤਬ ਰੋਗੀ ਜਨ ਬਚਨ ਉਚਾਰਾ। ਹੇ

Digitized by Panjab Digital Library | www.panjabdigilib.org

ਹਰਿਜਨ ਇਹ ਰਿਦਾ ਹਮਾਰਾ। ਮਨ ਮਹਿ ਵੰਛ ਹਮਰੀ ਇਹ ਰਹੀ। ਬਰਨ ਸੁਨਾਵਉਂ ਤੁਮ ਕਉਂ ਸਹੀ। ਪੰਜ ਸੈ ਹਮ ਲੈਹਨਾ ਹੈ ਪੂਰਾ। ਵਹੁ ਇਉ ਹੀਂ ਰਹਿ ਗੱਇਆ ਧੱਰਾ। ਉਨ ਸੇ ਲੇ ਸੰਤਨ ਭੋਗਾਵਤ। ਸਭ ਦੂਲੇ ਸਿਉਂ ਕਾਢ ਖਵਾਵਤ। ਜਉਂ ਮਮ ਪ੍ਰਾਨ ਪ੍ਰਭੂ ਬਚਵਾਵੈ। ਤਉਂ ਹਮਰੀ ਇਹ ਲੋਚ ਪੁਜਾਵੈ।੩੧੭।

॥ ਦੋਹਰਾ ॥

ਹਮਰੇ ਮਨ ਸੰਤਾਪ ਇਹੁ, ਲੇ ਮਰਉਂ ਅਬ ਸੰਤ।
ਕਹਾਂ ਕਰਉਂ ਕਛ ਨਾ ਚਲੈ, ਪ੍ਰਾਨਨ ਹੋਵੈ ਅੰਤ।

॥ ਚੌਪਈ ॥ ਤਬ ਹਰਿ ਜਨ ਏਹ ਬਚਨ ਬਖਾਨੇ। ਸੁਨ ਲੇਵਹੁ ਗੁਰਮੁਖ ਜਨ ਸਿਆਨੇ। ਯੇਹ ਸੰਤਾਪ ਅੱਨਥਾ ਤੁਮ ਕੇਰਾ। ਬਿਨਾ ਬੂਝ ਇਹ ਬਾਤ ਚਿਤੇਰਾ। ਗੁਰਮੁਖ ਬੂਝ ਤੁਮ ਬੂਝ ਜਿਉਂ ਪਰੇ। ਅਬ ਸੁਨ ਧਾਰ ਰਿਦੇ ਮਹਿ ਨਰੇ। ਇਹੁ ਜਾਨਨ ਤੁਮ ਸੁਖ ਦੇ ਭਾਈ। ਸੋ ਮੈ ਤੋਕਉਂ ਦੇਉਂ ਸੁਨਾਈ। ਅਾਪਨਾ ਕਰੋ ਨ ਤਨ ਧਨ ਪ੍ਰਾਨਾ। ਪ੍ਰਭ ਕੇ ਜਾਨਹੁ ਸਭ ਤੇ ਸਿਆਨਾ।੩੧੮।

॥ ਦੋਹਰਾ ॥

ਪ੍ਰਭ ਕਾ ਸਭ ਕਛ ਜਾਨੀਐ, ਮਾਲ ਮਿਲਕ ਭੰਡਾਰ।
ਨਿਜ ਕਉਂ ਜਾਨੈ ਪਾਹੁਨਾ, ਆਇਆ ਪ੍ਰਭ ਘਰ ਯਾਰ।

॥ ਚੌਪਈ ॥ ਪ੍ਰਭ ਕੋ ਗ੍ਰਿਹ ਮਿਰਤਕ ਭੂ ਮੰਡਲ। ਤਾਮਹਿ ਪਾਹੁਣ ਜੀਅ ਸਭ ਖੰਡਲ। ਪਾਹੁਨ ਆਏ ਫਿਰ ਉਠ ਗਏ। ਘਰ ਮਹਿੰ ਥੋਕ ਸੁ ਨਾਨਾ ਪਏ। ਇਨਕਾ ਇਹੀ ਜੁ ਇਨ ਅੰਗ ਲਾਇਆ। ਅਉਰ ਸਕਲ ਇਹੁ ਜਾਨ ਪਰਾਇਆ। ਜਬ ਦੀਆ ਤਬ ਪ੍ਰਭ ਜੀ ਦੀਆ। ਜੋ ਰਹਿ ਗਇਆ ਸੁ ਪ੍ਰਭ ਕਾ ਥੀਆ। ਆਗੈ ਧਨੀ ਤੇ ਸਭ ਕੋ ਪ੍ਰਭੂ। ਸਭ ਪ੍ਰਭ ਕੀ, ਪ੍ਰਭ ਜੂ ਹੈ ਸਭੂ।੩੧੯।

Digitized by Panjab Digital Library | www.panjabdigilib.org

॥ ਦੋਹਰਾ ॥

ਏਕ ਧਨੀ ਕੇ ਹੋਤਿਆਂ, ਤੁਮ ਕਿਉ ਮਾਨਹੁ ਮਾਨ।
ਨਿਜ ਕਉਂ ਜਾਨਉਂ ਪਾਹੁਨਾ, ਧਨੀ ਪ੍ਰਭੂ ਪਹਿਚਾਨ।

॥ ਚੌਪਈ ॥ ਆਇਆ ਨਾਂਗਾ ਜਾਇ ਉਘਾਰਾ। ਜੀਉ ਵਟਾਊ ਪ੍ਰਭ ਘਰ ਬਾਰਾ। ਜੋ ਕਛਿ ਰਹਿਆ ਸੁ ਪ੍ਰਭ ਕਾ ਰਹਿਆ। ਸੋ ਮੂਰਖ ਅਪਨਾ ਮਨ ਲਇਆ। ਤਾਂਤੇ ਇਹ ਜਾਨਨ ਹੈ ਨੀਕਾ। ਜੋ ਕਛੁ ਦਿਸੈ ਸੁ ਹੈ ਪ੍ਰਭ ਜੀਅ ਕਾ। ਪ੍ਰਭ ਕਾ ਜਾਨ ਸੰਤਾਪ ਚਿਤ ਹਰੀਏ। ਨਿਜ ਕਉਂ ਪਾਹੁਨ ਮਨ ਮਹਿੰ ਧਰੀਏ। ਜਿਨ ਸਿਉਂ ਲਹਨਾ ਵਹੁ ਭੀ ਪ੍ਰਭ ਕੇ। ਹੋਵਹੁ ਸਾਜਨ ਮਨ ਮਹਿੰ ਸਭਕੇ ।੩੨੦

॥ ਦੋਹਰਾ ॥

ਉਨ ਸਿਉਂ ਲੇ ਅਉਰਨ ਦਿਵਹੁ, ਵੁਹ ਭੀ ਪ੍ਰਭ ਕੇ ਜੀਅ।
ਤੁਮਰਾ ਲੇਵਨ ਦੇਵਨਾ, ਆਗੈ ਸਭ ਹੈ ਪੀਅ।

॥ ਚੌਪਈ ॥ ਲੇਵਨ ਦੇਵਨ ਹਰੀਏ ਅਪਨਾ। ਮਨ ਮਹਿੰ ਜਾਪਹੁ ਪ੍ਰਭ ਕੇ ਜਪਨਾ। ਜੋ ਕੋਊ ਖਾਹਿ ਪਕਾਇ ਹੀਂ ਖਾਵੈ। ਚੂਲੇ ਸਿਉਂ ਕਢ ਮੁਖ ਮਹਿੰ ਪਾਵੈ। ਆਪੇ ਰੀਧੇ ਆਪ ਪਕਾਇ। ਆਪੇ ਲਕਰੀ ਲੇਇ ਜਰਾਇ। ਤੁਮਹਿੰ ਉਪਾਇ ਨ ਕਰਨਾ ਪਇਆ। ਆਪ ਪਕਾਵਹਿੰ ਆਪ ਭੁਗਇਆ। ਇਕ ਤੁਮਰੀ ਮਮਤਾ ਨਹੀ ਰਹੀ। ਅਵਰ ਸਕਲ ਬਿਧ ਪੂਰਨ ਭਈ ॥ ੩੨੧ ॥

॥ ਦੋਹਰਾ ॥

ਸੋ ਮਮਤਾ ਤੁਛ ਜੀਅ ਕਾ, ਸ਼ੁਭ ਅਸ਼ੁਭ ਦੋਊ ਮੀਤ।
ਮਮਤਾ ਜਾਲ ਸਿਉਂ ਨਿਕਸੀਐ,ਕਰੀਐ ਨਿਰਮਲ ਚੀਤ।

॥ ਚੌਪਈ ॥ ਮਮਤਾ ਸਹਤ ਜੋ ਕਰਮ ਕਮਾਵੈ। ਸੋ ਪ੍ਰਭ ਜੀ ਲੇਖੇ ਨਹੀ ਪਾਵੈ। ਮਮਤਾ ਸਹਿਤ ਜੋ ਪੜ੍ਹੈ ਪੁਰਾਨਾ। ਤਿਨ ਪਢ ਕਰ ਬਢਿਓ ਅਭਿਮਾਨਾ। ਮਮਤਾ ਸਹਤ ਜੋ ਗਾਵੈ ਗਾਵਨ।

Digitized by Panjab Digital Library | www.panjabdigilib.org

ਸੋ ਪ੍ਰਭ ਕੇ ਭਾਵੈ ਨਹੀਂ ਭਾਵਨ। ਮਮਤਾ ਸਹਿਤ ਜੋ ਜਾਗੈ ਰੋਵੈ।
ਇਉਂ ਹੀ ਰੋਇ ਦੁਖੀ ਓਹ ਹੋਵੈ। ਮਮਤਾ ਸਹਿਤ ਜੋ ਦੇਵੈ ਦਾਨ।
ਮਰ ਗਯਿੰਦ ਸੋ ਹੋਆ ਜਾਨ॥ ੩੨੨॥

॥ ਦੋਹਰਾ॥

ਬਹੁ ਅਨਾਜ ਸੁ ਖਾਵਈ, ਦੀਰਘ ਉਦਰ ਸੁਧਾਰ।
ਜੋ ਦੀਆ ਸੋ ਤਿਨ ਲੀਆ, ਪ੍ਰਭ ਕ੍ਰਿਪਾ ਉਪਕਾਰ।

॥ ਚੋਪਈ॥ ਪ੍ਰਭ ਕਿਰਪਾ ਉਨ ਜਨ ਪਰ ਕਰੈ। ਜੋ ਮਮਤਾ ਕਛੂਐ ਨਹੀ ਧਰੈ। ਪ੍ਰਭ ਕਾ ਜਾਨੈ ਸਭ ਕਿਛ ਜੋਈ। ਸੋ ਪ੍ਰਭ ਕ੍ਰਿਪਾ ਮਾਹਿ ਸਮੋਈ। ਪ੍ਰਭ ਕ੍ਰਿਪਾ ਕੋ ਬਡ ਪ੍ਰਤਾਪ। ਮਿਟ ਜਾਵੈ ਜੀਅ ਕੋ ਸੰਤਾਪ। ਸ਼ਾਂਤ ਸਹਜ ਅਰ ਸੁਖ ਅਨੰਦ। ਜਨਮ ਮ੍ਰਿਤ ਕੋ ਦੂਕੈ ਜਿੰਦ। ਇਹ ਬਚਨ ਰੋਗੀ ਕੋ ਕਹੇ। ਰੋਗੀ ਜਨ ਇਉ ਹੀਂ ਮਨ ਲਏ। ਸੰਤ ਉਪਦੇਸ਼ ਤਿਨ ਰਿਦੈ ਬਸਾਨਾ। ਗਹਿ ਉਪਦੇਸ਼ ਕੀਉ ਤਿਨ ਪਿਆਨਾ॥ ੩੨੩॥

॥ ਦੋਹਰਾ॥

ਧੰਨ ਧੰਨ ਸੇ ਧੰਨ ਜਨ, ਸੰਤ ਕਹਿਆ ਮਨ ਲੀਨ।
ਦਰਗਹ ਮੁਖ ਉਜਲ ਭਏ, ਅਬਿਗਤ ਗਤਿ ਉਨਚੀਨ।

। ਚੌਪਈ॥ ਰੋਗੀ ਦੇਹ ਛੂਟ ਤਬ ਗਇਆ। ਅਉਰ ਬਚਨ ਹਰਜਨ ਕਾ ਭਇਆ।੩੩। ਇਕ ਟੋਲਾ ਅੰਮ੍ਰਿਤਸਰ ਚਲਿਆ। ਸਕਲ ਸਿਖ ਆਪਸ ਮਹਿ ਰਲਿਆ। ਬਹੁਰ ਸੰਤ ਕੇ ਦਰਸ਼ਨ ਆਏ। ਸੰਤ ਕਉਂ ਸਕਲ ਸਿਖ ਹਥ ਪਾਇ। ਤੁਮ ਭੀ ਅੰਮ੍ਰਿਤਸਰ ਅਬ ਚਲੋ। ਹਮਰੇ ਲੇ ਕੇ ਬਿਚ ਰਟੋਲੋ। ਹਮਰੀ ਬਾਤ ਮਨਹੁ ਤੁਮ ਸੰਤ। ਕਿਰਪਾ ਦ੍ਰਿਸ਼ਟ ਕਰ ਚਲੋ ਮਹੰਤ।੩੨੪।ਦੋਹਰਾ॥

ਤਬ ਹਰਿ ਜਨ ਇਉਂ ਬੋਲਿਆ, ਸਕਲ ਸਿਖ ਕੇ ਸੰਗ।
ਬਾਤ ਤੁਮਾਰੀ ਮੈ ਮਨੀ, ਤੁਮ ਭੀ ਮਾਨੋ ਸੰਗ।

॥ ਚੌਪਈ ॥ ਕੁਛ ਮਾਨਹੁ ਕੁਛ ਮਨਾਵਹੁ ਭਾਈ। ਹਮ ਤੁਮ ਕਉਂ ਏਹੀ ਭਲਿਆਈ। ਤਬ ਸਭ ਸਿੱਖਨ ਬਾਤ ਉਚਾਰੀ। ਕਿਆ ਮਨਾਵਹੁ ਸੰਤ ਮੁਰਾਰੀ? ਜੋ ਤੁਮਰੇ ਮਨ ਮਹਿ ਕਛ ਹੋਵੈ। ਖੋਲ੍ਹ ਕਹੋ ਹਮ ਕਉਂ ਅਬ ਸੋਵੈ। ਤਬ ਹਰਿਜਨ ਇਉਂ ਬੋਲਤ ਭਇਆ। ਅਪਨ ਮਨਾਵਨ ਤਿਨ ਕਉਂ ਕਹਿਆ। ਬਾਸਨ ਮਾਂਜਨ ਟਹਲ ਜਉਂ ਪਾਵਉਂ। ਤਬ ਮੈ ਤੁਮਰੇ ਸੰਗ ਸਿਧਾਂਵਉਂ। ੩੨੫॥

॥ ਦੋਹਰਾ ॥

ਤੀਰਥ ਜੋ ਸੰਤਨ ਰਚੇ, ਇਤਹੀਂ ਕਾਰਨ ਮੀਤ।
ਟਹਲ ਮਹਲ ਕਰ ਉਬਰੇ, ਤੀਰਥ ਮਿਸ ਵਿਚ ਲੀਤ।

। ਚੌਪਈ ॥ ਤੀਰਥ ਜਾਨ ਕੋ ਫਲ ਹੈ ਏਹੀ। ਪੂਜੇ ਮਾਨੇ ਸੇਵ ਕਰੇਈ। ਗਾਵੈ ਪੜ੍ਹੈ ਮੁਖ ਬੋਲੈ ਮੀਠਾ। ਦੇਵੈ ਦਾਨ ਕਰ ਡਿੱਠ ਅਡੀਠਾ। ਮਾਇਆ ਕੇ ਧੰਧੇ ਸਭ ਟਾਰੇ। ਮਿਲੇ ਜਾਇ ਕਹੂੰ ਗੁਰਮੁਖ ਪਿਆਰੇ। ਗ੍ਰਿਸਤ ਕੁਟੰਬ ਜੁ ਮੇਰੀ ਮੇਰਾ। ਤਿੰਨ ਮਹਿੰ ਰਹੇ ਸਦਾ ਜੀਉ ਘੇਰਾ। ਜਬ ਤੀਰਥ ਕਉਂ ਜਾਵੈ ਪ੍ਰਾਨੀ। ਇਨ ਮਿਉਂ ਭੀ ਬਿਬ ਪਰੈ ਸੁਜਾਨੀ।੩੨੬।

॥ ਦੋਹਰਾ।

ਇਨ ਬਾਤਾਂ ਕਰ ਉਧਰਹਿੰ, ਤੀਰਥ ਜਾਤ੍ਰੀ ਲੋਗ।
ਜੋ ਇਹ ਬਾਤ ਨ ਕਛ ਕਰਹਿੰ, ਤੀਰਥ ਗਇਆ ਕਿਆ ਹੋਗ।

॥ਚੌਪਈ॥ ਤੀਰਥ ਮੇ ਤੋ ਪਾਨੀ ਪਾਨੀ। ਅਉਰ ਨ ਕਛੂ ਉਹਾਂ ਦਰਸਾਨੀ। ਮਲ ਮਲ ਨਾਇ ਅਰ ਨਾਇ ਨਾਇ ਮਲੇ। ਅੰਤ ਸਰੀਰ ਹੋਤ ਉਜਲੇ। ਸੋ ਸਰੀਰ ਹੈ ਮ੍ਰਿਤ ਕੀ ਮਾਤ੍ਰਾ। ਸਫਲ ਨਹੀ ਇਨਕੀ ਕਛ ਜਾਤ੍ਰਾ। ਜਾਤ੍ਰਾ ਸਫਲ ਜਾਤ੍ਰੀ ਕੀ ਭਾਈ। ਜਉਂ ਕਛ ਗਹਿ ਲੇਵੈ ਭਲਿਆਈ। ਸਕਲ ਜਗਤ ਮਾਨੈ ਉਨ ਮਾਨਾ। ਗੁਰਮੁਖ ਮਾਨੈ ਪ੍ਰਗਟ ਸਿਆਨਾ।੩੨੭।

Digitized by Panjab Digital Library | www.panjabdigilib.org

॥ ਦੋਹਰਾ ॥

ਗੁਰਮੁਖ ਮਾਨੈ ਪ੍ਰਗਟਤਾ, ਜੋ ਕਛ ਹੋਵੈ ਹਾਲ ।
ਹਾਲ ਛਾਡ ਉਨ ਮਾਨ ਮਹਿੰ, ਧਾਵਹਿੰ ਭੂਮੀ ਬਿਤਾਲ ।

॥ ਚੌਪਈ ॥ ਗੁਰਮੁਖ ਮਾਨਹਿ ਪ੍ਰਗਟ ਕਹਾਨੀ । ਨਾਤੇ ਕੋਇ ਨ ਹੋਇ ਗਿਆਨੀ । ਜੋ ਕਾਮੀ ਸੋ ਕਾਮੀ ਰਹੇ । ਜੋ ਜਨ ਜੱਤੀ ਸੁ ਜੱਤ ਕਉਂ ਗਹੈ । ਕਾਗ ਨ ਹੋਇ ਹੰਸ ਅਉਤਾਰਾ । ਜਉਂ ਅੱਠ ਸੱਠ ਪਰਸੈ ਬਿਚਾਰਾ । ਚਾਮ ਨ ਹੋਵੈ ਨਾਤੇ ਪੱਟ । ਅਨਿਕ ਬਾਰ ਜਉਂ ਕਰੀਐ ਝੱਟ । ਸਭ ਪਾਨੀ ਸਮਸਰ ਹੈ ਭਾਈ । ਸਲਤ ਸੁਰਸਰੀ ਦੇਭ ਕੂਪਾਈ ॥੩੨੮ ॥

॥ ਦੋਹਰਾ ॥

ਗੁਨ ਅਵਗਨ ਸਭ ਇਕ ਸਮਾਨ, ਭੇਦ ਭਾਉ ਨਹੀ ਕੋਇ ।
ਡੋਬਨ ਗੋਤੇ ਕੰਨ ਪਰੇ, ਜੋ ਕਛ ਹੋਇ ਸੁ ਹੋਇ ।

॥ ਚੌਪਈ ॥ ਤਿਖ ਮੇਟੇ ਸਗਲਾ ਹੀਂ ਪਾਨੀ । ਜੋ ਕੋਊ ਹੋਇ ਸੁ ਹੋਇ ਸੁਜਾਨੀ । ਤਾਤਾ ਠਾਂਡਾ ਸਭ ਹੀਂ ਹੋਇ । ਮੈਲ ਉਤਾਰੈ ਸਕਲਾ ਧੋਇ । ਤਾਂਤੇ ਸਭ ਪਾਨੀ ਇਕ ਭਇਆ । ਭੇਦ ਭਾਉ ਸਗਲਾ ਉਠ ਗਇਆ । ਭੇਦ ਭਾਉ ਅਗਿਆਨੀ ਮਾਨੇ । ਗੁਰਮੁਖ ਏਕੋ ਏਕ ਪਛਾਨੈ । ਤੀਰਥ ਪਰਸਨ ਭੀ ਸ਼ੁਭ ਭਾਈ । ਜਉਂ ਕਛ ਹਿਰਦੇ ਦਇਆ ਜਨਾਈ ।੩੨੯।

॥ ਦੋਹਰਾ ॥

ਜਿਨ ਹਿਰਦੇ ਨਹੀ ਕਛ ਦਇਆ, ਤਿਨ ਕੇ ਚਿਤ ਕਠੋਰ ।
ਤੀਰਥ ਗਏ ਨ ਸਿਝਈ, ਪ੍ਰਸਹਿ ਲਾਖ ਕਰੋਰ ।

॥ਚੌਪਈ॥ ਕਿਰਪਨ ਕਉਂ ਤੀਰਥ ਕਛ ਦੇਵੈ । ਇਨ ਬਿਨ ਅਉਰ ਨ ਤੀਰਥ ਸੇਵੈ । ਦਾਨ ਤੀਰਥ ਮਹਿੰ ਤਿਨ ਨਿਸ-ਤਾਰਾ । ਤੀਰਥ ਅਉਰ ਨ ਸਿਝੈ ਬਿਚਾਰਾ । ਕਾਮੀ ਕੋ ਤੀਰਥ ਹੈ

Digitized by Panjab Digital Library | www.panjabdigilib.org

ਜੱਤ। ਰਾਖਹਿੰ ਮਨ ਮਹਿੰ ਸੰਜਮ ਸੱਤ। ਇਨ ਤੀਰਥ ਪਰ ਇਨ ਗਤਿ ਹੋਹੀ। ਤੀਰਥ ਅਉਰ ਨ ਛੂਟੈ ਸੋਈ। ਲੋਭੀ ਕੋ ਤੀਰਥ ਸੰਤੋਖ। ਕ੍ਰੋਧੀ ਕੈ ਤੀਰਥ ਨਿਰ ਦੋਖ।੩੩੦।

॥ ਦੋਹਰਾ ॥

ਭੂਪਤ ਤੀਰਥ ਨਿਆਉਂ ਹੈ, ਇਨ ਮਹਿੰ ਕਰਿ ਇਸ਼ਨਾਨ।
ਇਨ ਤਜ ਜਾਵਹਿੰ ਤੀਰਥਹਿੰ, ਛੂਟੈ ਨਾਹਿ ਨਿਦਾਨ।

॥ ਚੌਪਈ॥ ਜੋ ਜੋ ਜੀਅ ਮਹਿ ਜੋ ਪਰ ਕਿਰਤ। ਤਿਸ ਸਿਉਂ ਹੋਵੈ ਜੋ ਨਿਰ ਵਿਰਤ। ਓਹੀ ਉਨਕਾ ਤੀਰਥ ਭਾਈ। ਤੀਰਥ ਔਰ ਨ ਸਿਝਿਆ ਜਾਈ। ਹੋਵੈ ਫੋੜ ਸੀਸ ਕੇ ਮਾਹਿੰ। ਦਾਰੂ ਲਗੈ ਨ ਪਾਂਇਨ ਲਾਇ। ਗੁਨ ਤਬ ਕਰੈ ਜਬ ਲਾਗੈ ਫੋੜੈ। ਕਰੈ ਅਰੋਗੀ ਖਿਨ ਮਹਿੰ ਕੋੜੈ। ਸਰਬ ਰੋਗ ਕੇ ਅਉਖਦ ਆਂਹੀਂ। ਅਉਖਧ ਬਿਨਾ ਰੋਗ ਕੋਊ ਨਾਹੀ।੩੩੧।

॥ ਦੋਹਰਾ ॥

ਅਉਖਧ ਰੋਗ ਲਗਾਈਐ, ਪੂਛ ਤਬੀਬਨ ਮੀਤ।
ਹੋਹੁ ਅਰੋਗੀ ਛਿਨਕ ਮਹਿੰ, ਯਾਂਮੈ ਭੇਦ ਨ ਭੀਤ।

॥ਚੌਪਈ॥ ਸੰਤ ਤਬੀਬ ਅਉਖਧ ਸਭ ਦੇਵਹਿੰ। ਤੀਰਥ ਦਾਰੂ ਤਿਸੈ ਦਸੇਵਹਿੰ। ਤੀਰਥ ਹੀਂ ਪਰ ਜੋ ਜਨ ਛੀਜੈ ਤਾਂਕਉਂ ਤੀਰਥ ਹੀਂ ਕਹਿ ਦੀਜੈ। ਤੀਰਥ ਹੀਂ ਪਰ ਛਿੱਜੈ ਜੁ ਪ੍ਰਾਨੀ। ਮਨਮਹ ਇਹ ਰੋਪਨ ਰੋਪਾਨੀ। ਤਿਸ ਰੋਗੀ ਕਉਂ ਅਉਖਧ ਤੀਰਥ। ਊਹਾਂ ਹੀਂ ਉਨ ਕੀ ਕਛ ਕੀਰਤਿ। ਜੋ ਗੁਰਮੁਖ ਸਭ ਠਉਰ ਛਿਜੰਤਾ। ਜਥਾ ਸ਼ਕਤਿ ਸਭ ਸੇਵ ਕਰੰਤਾ।੩੩੨।

॥ ਦੋਹਰਾ ॥

ਨਿਹ ਕਾਮੀ ਨਿਰ ਵੈਰਤਾ, ਚਰਨ ਕਮਲ ਬਿਸੁਆਸ।
ਤੀਰਥ ਆਸ ਤਿਨ ਕੀ ਰਖਹਿੰ, ਕਬ ਆਵਹਿੰ ਹਰਿਦਾਸ।

Digitized by Panjab Digital Library | www.panjabdigilib.org

॥ ਚੌਪਈ ॥ ਸਭ ਨਦੀਆਂ ਤਿਨ ਤੀਰਥ ਭਏ । ਸਰਬ ਠਉਰ ਧਰਮ ਸਾਲ ਸੁ ਅਹੇ । ਜੋ ਬੋਲੈ ਜਨ ਸੋਈ ਜਾਪ । ਜੋ ਡੋਲੈ ਪਰ ਦੱਛਨਾ ਥਾਪ । ਸੰਤ ਸੁਖੀ ਹੋਇ ਸਰਬ ਪ੍ਰਕਾਰਾ । ਅਦਭੁਤ ਤਿਨਕੇ ਕਰਮ ਅਚਾਰਾ । ਨਹਿ ਚਾਹਹਿੰ ਤੀਰਥ ਕੀ ਜਾਤ੍ਰਾ । ਨਹਿ ਚਾਹਹਿੰ ਤਨ ਪੋਖਨ ਮਾਤ੍ਰਾ । ਨਹ ਚਾਹਹਿੰ ਜਗ ਮਾਨ ਮਹੱਤ । ਕਟ ਡਾਰਿਓ ਸਗਲਾ ਮੈ ਮੱਤ ।੩੩੩।

॥ ਦੋਹਰਾ ॥

ਸਭ ਪ੍ਰਕਾਰ ਨਿਹ ਕਾਮ ਸੰਤ, ਭਏ ਜਗਤ ਕੇ ਮਾਹਿੰ ।
ਤਿਨ ਪਰ ਡੰਡ ਨ ਕੋ ਰਹਿਆ, ਜਿਉਂ ਕਿਉਂ ਮੁਕਤੇ ਆਹਿੰ ।

॥ ਚੌਪਈ ॥ ਜਉਂ ਘਰ ਮਹਿੰ ਬੈਠੇ ਰਹਿ ਜਾਵਹਿੰ । ਤਉਂ ਭੀ ਪ੍ਰਭ ਕਉ ਬਹੁ ਰਿਦ ਭਾਵਹਿੰ । ਜਬੋ ਊਠ ਦਹ ਦਿਸ ਕਉਂ ਗਏ । ਤਉਂ ਭੀ ਪ੍ਰਭ ਜੀ ਮਾਂਨ ਸਿ ਲਏ । ਅਰੋਗੀ ਜਨ ਅਉਖਧ ਕਿਉ ਕਰਹਿੰ ।ਅਉਖਧ ਕਉਂ ਰੋਗੀ ਰਿਦ ਧਰਹਿੰ । ਗੁਰਮੁਖ ਭਏ ਅਰੋਗੀ ਭਾਈ । ਅਉਰ ਸਕਲ ਜਗ ਰੋਗੀ ਆਹੀ । ਤੀਰਥ ਭੀ ਇਕ ਅਉਖਧ ਬਨੇ । ਸੰਜਮ ਪੱਥ ਜਉਂ ਰਖੀਐ ਜਨੈ ।੩੩੪

॥ ਦੋਹਰਾ ॥

ਜੇਤੇ ਅਉਖਧ ਪ੍ਰਭ ਰਚੇ, ਪੱਥ ਭੀ ਰਾਚੇ ਸਾਥ ।
ਪੱਥ ਬਿਨਾ ਰੋਗੀ ਰਹਿਤ, ਯਤਨ ਕੋਟ ਆਕਾਥ ।

॥ ਚੌਪਈ ॥ ਤੀਰਥ ਅਉਖਧ ਸਾਧ ਇਹ ਪੱਥ । ਜਉਂ ਕਛ ਰਿਦੈ ਪਛਾਨੀਐ ਤੱਥ । ਜਉਂ ਤੀਰਥ ਪਰ ਜਾਵੈ ਪ੍ਰਾਣੀ । ਤਾਹਿੰ ਕਰਨ ਇਉਂ ਬਨੇ ਸੁਜਾਨੀ । ਜਥਾ ਸ਼ਕਤਿ ਉਦਾਰਤਾ ਕਰੈ। ਹਾਰੇ ਕਉਂ ਚਾਪੀ ਲੇ ਧਰੈ । ਧਾਨ ਨਖਿੱਧ ਨ ਖਾਵੈ ਕੋਈ । ਪਰ ਤ੍ਰਿਆ ਮਾਤਾ ਜਾਨੇ ਸੋਈ । ਬਨਿਤਾ ਗ੍ਰਿਸਤ ਨ ਆਵੈ ਨੇੜੇ । ਕਾਹੂੰ ਸਿਉਂ ਰਿਦ ਜਾਨ ਨ ਛੇੜੇ ।੩੩੫।

॥ ਦੋਹਰਾ ॥

ਮੰਸ ਮਾਛਲੀ ਸੁਰਾ ਪਾਨ, ਤਾਕਾ ਕਰੇ ਤਿਆਗ ।
ਹਰਿ ਕੀ ਕੱਥਾ ਸੁਨਾਇ ਸੁਨ, ਸੋ ਜਾਤ੍ਰੀ ਵਡ ਭਾਗ ।

॥ ਚੌਪਈ ॥ ਜਹ ਜਹ ਸਾਧ ਸੰਤ ਕੋਊ ਸੁਨੇ । ਚਲ ਜਾਵੈ ਕਛ ਕਠਨ ਨ ਗਨੇ । ਬਿਉਹਾਰ ਪਸਾਰ ਕੋਊ ਨਹੀਂ ਮਾਂਡੈ । ਕੂੜ ਕੁਮੱਤ ਬਾਦ ਸਭ ਛਾਡੈ । ਤੱਬ ਤੀਰਥ ਕੀ ਜਾਤ੍ਰਾ ਲੇਖੇ । ਏਤੇ ਗੁਨ ਆਪਨ ਮਹਿ ਪੇਖੇ । ਤਾਂਤੇ ਤਬ ਮੈ ਤੁਮ ਸੰਗ ਜਾਵੋਂ । ਜਬ ਯਹ ਖਿਦਮਤ ਤੁਮਾਰੀ ਪਾਂਵੋਂ । ਬਾਸਨ ਮਾਂਜਉ ਕਰਉਂ ਰਸੋਈ । ਏਹ ਟਹਲ ਮੋਕਉਂ ਦਿਹੁ ਸੋਈ ।੩੩੬।

॥ ਦੋਹਰਾ ॥

ਸਿਖਨ ਬਾਤ ਯਿਹ ਨਹ ਮਨੀ, ਮਨ ਮਹ ਏਹ ਬੀਚਾਰ ।
ਅਦਬ ਨ ਪੂਰਾ ਉਤ੍ਰੈ, ਹਰਿ ਜਨ ਘਾਲੈ ਕਾਰ ।

॥ ਚੌਪਈ ॥ ਅਪਨੀ ਸੇਵ ਜਿ ਸੰਤ ਕਰਾਈਐ । ਇਹ ਜਾਰਨ ਨਹੀ ਰਿਦੇ ਜਰਾਈਐ । ਸਿਖ ਗਏ ਹਰਿਜਨ ਨਹ ਗਇਆ।(੩੪)ਆਗੇ ਅਉਰਬਚਨ ਕਛਭਇਆ।ਇਕ ਜਗਿਆਸੀ ਤਨ ਸੁਖ ਆਖਤ । ਇਕ ਜਗਿਆਸੀ ਮਨ ਸੁਖ ਭਾਖਤ । ਤਨ ਸੁਖ ਤਾਕਉਂ ਕਹਤਾ ਸੰਤ । ਜੋ ਜਨ ਐਸਾ ਦ੍ਰਿਸਤ ੦ ਹੰਤ । ਟਹਲ ਕਰੈ ਪੜ੍ਹ ਗਾਇਨ ਜਾਨੈ। ਤਾਸ ਸੰਤ ਤਨ ਸੁਖ ਬਖਿਆਨੈ ।੩੩੭

॥ ਦੋਹਰਾ ॥

ਜੋਜਨ ਗਾਵੈ ਅਰ ਪੜ੍ਹੈ, ਚਰਚਾ ਕਰੈ ਬਿਚਾਰ ।
ਤਾਸ ਸੰਤ ਮਨ ਸੁਖ ਕਹੈਂ, ਜੁ ਐਸਾ ਹੋਵੈ ਯਾਰ ।

॥ ਚੌਪਈ ॥ ਸੰਤ ਕਹੈਂ ਓਹ ਵਿਰਲਾ ਗੁਰਮੁਖ । ਜਿਨ ਮਹਿੰ ਪਾਈਅਹਿ ਦੋਨੋ ਹੀਂ ਸੁਖ। ਮਨ ਸੁਖ ਤਨ ਸੁਖ ਪਾਈਅਹਿ ਜਾਮੈ। ਸੋ ਵਿਰਲਾ ਦੀਸਤ ਹੈ ਯਾਮਹਿ । ਅਵਰ ਬਾਤ ਹਰਿਜਨ

Digitized by Panjab Digital Library | www.panjabdigilib.org

ਬਤਲਾਵਤ। ਰਾਗ ਪਾਇ ਜੋ ਬਚਨ ਸੁਨਾਵਤ। ਤਾਂ ਸਿਉਂ ਆਵਤ ਅਧਿਕ ਸੁਆਦ। ਮਨ ਮਹਿ ਹੋਵਹਿ ਸੋ ਅਹਿਲਾਦ। ਜੋ ਜਨ ਰਾਗ ਬਿਰਹੁੰ ਸਿਉਂ ਗਾਵਹਿੰ।ਦੋਨੋ ਕਰ ਆਲਾਪ ਸੁਨਾਵਹਿੰ ੩੩੮॥ ॥ਦੋਹਰਾ॥

ਤਾਂ ਸਿਉਂ ਹਿਰਦੇ ਮਹਿੰ ਬਚਨ, ਲਾਗੈ ਕੋਊ ਮੀਤ।
ਅੰਕੁਰ ਪਰੈ ਜਗਿਆਸ ਕੋ, ਪ੍ਰੇਮੀ ਸਿਉਂ ਸੁਨ ਗੀਤ।

॥ਚੌਪਈ॥ ਅੱਤਿ ਇਕਾਗਰ ਮਨ ਹੋਇ ਜਾਵੇ। ਰਾਗ ਅਨੂਪ ਕਛੂ ਸੁਨ ਪਾਵੈ। ਪ੍ਰੇਮ ਸਹਿਤ ਜੋ ਰਾਗਹਿੰ ਸੁਨੈ। ਹੋਇ ਸਵਾਦ ਅਧਿਕ ਤਿਹ ਮਨੈ। ਸਵਾਦ ਝਾਕੀ ਜਬ ਮਨ ਦ੍ਰਸ ਲੇਵੈ। ਮਨ ਅਪਨੇ ਮਹਿੰ ਮੂਲ ਨ ਮੇਵੈ। ਪ੍ਰੀਤ ਜਰੈ ਹਰਿ ਰਸ ਕੀ ਮਨ ਕਉਂ। ਪ੍ਰੇਮੀ ਸਿਉਂ ਜੋ ਸੁਨੇ ਬਚਨ ਕਉਂ। ਕਰੇ ਪ੍ਰੇਮ ਪ੍ਰਭ ਕਉ ਇਹ ਮੰਨ। ਜਉਂ ਰਾਗ ਸੁਨਾਵੇ ਪ੍ਰੇਮੀਜਨ। ਪ੍ਰੇਮੀ ਅਤਿ ਦੁਰਲਭ ਜਗ ਮਾਹੀਂ। ਰਾਗੀ ਅਮ੍ਰਿਤ ਅੰਤ ਕੋ ਨਾਹੀ ੩੩੯। ॥ਦੋਹਰਾ॥

ਨਾਰੀ ਬੇਰੀ ਬਹੁ ਮਿਲੇ, ਘਾਇਲ ਮਿਲੈ ਨ ਕੋਇ।
ਘਾਇਲ ਕਉਂ ਘਾਇਲ ਮਿਲੈ, ਰਾਮ ਭਗਤ ਦ੍ਰਿੜ੍ਹ ਹੋਇ।੩੫

॥ਚੌਪਈ॥ ਇਕ ਜਨ ਅਉਰ ਪ੍ਰਸ਼ਨ ਲੇ ਕੀਆ। ਹੇ ਹਰਿ ਜਨ ਬਿਸਮੈ ਮੈਂ ਥੀਆ। ਕਈ ਇਕ ਏਹ ਕਹਤੇ ਜਗ ਮਾਹੀ। ਜੋ ਜੀਉ ਕਰੇ ਸੁ ਹੋਵੇ ਨਾਹੀ। ਪ੍ਰੇਰਕ ਸਭ ਜਗ ਕਉਂ ਹੈ ਪ੍ਰਭੂ। ਨਚਤ ਨਚਾਏ ਭਾਣੇ ਸਭੂ। ਤਾਂਤੇ ਹਾਥ ਸਭ ਕਛ ਪ੍ਰਭ ਕੇਰੇ। ਜੀਅ ਸਕਲ ਠਾਕੁਰ ਕੇ ਚੇਰੇ। ਚੇਰੇ ਅਰਥਿ ਏਹੀ ਹੈ ਭਾਈ। ਆਪਹੁ ਕਛੂ ਨ ਓਇ ਕਰਾਹੀਂ। ਜਿਉਂ ਸੁਆਮੀ ਤੇ ਆਗਿਆ ਪਾਵੇਂ। ਤਿਉਂ ਹੀਂ ਚਲੈਂ ਜਿਉਂ ਪ੍ਰਭੂ ਚਲਾਵੇਂ ।੩੪੦॥ ਦੋਹਰਾ॥

ਕਈ ਇਕ ਇਹ ਜਨ ਕਹਤ ਹੈਂ, ਸਭ ਕਿਛ ਹਾਥ ਹੈ ਜੀਅ।
ਜੋ ਕਛ ਕਰੈ ਸੁ ਭੋਗਵੈ, ਆਪ ਅਲਿਪਤ ਹੈ ਪੀਅ।

Digitized by Panjab Digital Library | www.panjabdigilib.org

॥ ਚੌਪਈ ॥ ਜੈਸਾ ਕਰੈ ਤੈਸਾ ਇਹੁ ਪਾਵੈ। ਸ਼ਕਲ ਜਗਤ ਮੈ ਜਿਉਂ ਦਿਸ ਆਵੈ। ਕਰ ਡਾਰੇ ਜੁ ਕੀਆ ਚਹੇ। ਜਾਨੀਐ ਇਮ ਹਥ ਜੀਆਂ ਅਹੇ। ਤਾਂਤੇ ਹਮਰੇ ਸੰਕਾ ਇਹੈ। ਹਾਥ ਜੀਅ ਕੈ ਪ੍ਰਭ ਕੈ ਅਹੈ। ਇਹੁ ਹਮਰਾ ਸੰਸਾ ਲੇ ਹਰੀਐ। ਹੋਇ ਕ੍ਰਿਪਾਲ ਉਤ੍ਰ ਉਚਰੀਐ। ਤਬ ਹਰਿ ਜਨ ਨੇ ਉਤ੍ਰ ਦੀਆ। ਜਿਉਂ ਸਮਝੇ ਤਿਉਂ ਹੀਂ ਸਮਝੀਆ। ੩੪੧।

॥ ਦੋਹਰਾ ॥

ਸੰਤ ਕਹਿਆ ਸੁਨ ਸਜਨ ਜਨ, ਜੋ ਤੈ ਪੂਛਨ ਕੀਨ।
ਇਨ ਕੇ ਉਤ੍ਰ ਬਹੁਤ, ਹੈਂ, ਸਮਝਨ ਕਠਨ ਪ੍ਰਬੀਨ।

॥ ਚੌਪਈ ॥ ਸਕਲ ਬਾਦ ਜਗ ਕੇਰੇ ਭਾਈ। ਮਾਨੋ ਰਾਚੇ ਨਦੀ ਨਿਆਈਂ। ਨਦੀ ਅਨੰਤ ਸਿੰਧ ਮਹਿ ਜਾਵੈ। ਸਭਨ ਸਿੰਧ ਲੇ ਨਿਜ ਸਮਵਾਵੈ। ਤੈਸੇ ਵਾਦੀ ਅਨਿਕ ਜੋ ਦੀ ਸਹਿ। ਮਾਨੋ ਰਚੇ ਨਦੀ ਜਗ ਦੀਸਹਿ। ਆਪ ਪ੍ਰਭੁ ਸਮੁੰਦ੍ਰ ਨਿਆਈ। ਬਾਦੀ ਬਾਦ ਮਨਤ ਗੁਸਾਈ। ਜੈਸੇ ਮਾਨ ਮਨੇ ਕੋਊ ਮਨੇ। ਤੈਸੇ ਹੀਂ ਪ੍ਰਭ ਆਗੇ ਬਨੇ। ੩੪੨।

॥ ਦੋਹਰਾ ॥

ਇਸ ਹੀਂ ਪਰ ਦ੍ਰਿਸ਼ਟਾਂਤ ਕਛ,ਖੋਲ ਸੁਨਾਇਆ ਸੰਤ।
ਸਾਤ ਅੰਧ ਥੇ ਏਕਠੇ, ਬੀਚ ਬਜਾਰ ਬਸੰਤ।

॥ ਚੌਪਈ ॥ ਰਾਜਾ ਕੇ ਹਾਥੀ ਜੋਂ ਆਵਹਿ। ਸੋ ਬਜਾਰ ਕੇ ਪੰਥ ਸਿਧਾਵਹਿ। ਟਲੀ ਘੁੰਗਰੂ ਜਗਤ ਕਕਾਰਾ। ਹਾਥੀ ਆਵਹਿੰ ਸ਼ੋਰ ਪਰੈ ਭਾਰਾ। ਜਨਮ ਅੰਧ ਜਹਿੰ ਸਤ ਤਹਿੰ ਰਹਤੇ। ਨੀਤ ਮਹਾਵਤ ਕਉਂ ਓਹ ਕਹਤੇ। ਕਿਤੇ ਪ੍ਰਕਾਰ ਮੈਂ ਹਾਥੀ ਦਰਸਉਂ। ਹਸਤਿ ਦਰਸ ਕਉਂ ਬਹੁ ਰਿਦ ਤਰਸਉਂ। ਹਮ ਦਰਸ਼ਨ ਇਉਂ ਹੋਵੈ ਭਾਈ। ਜਉਂ ਹਾਥ ਪਕਰ ਗਜ ਅੰਗ ਫਿਰਾਈ। ੩੪੩।

Digitized by Panjab Digital Library | www.panjabdigilib.org

॥ ਦੋਹਰਾ ॥

ਹਾਥ ਹਮਾਰਾ ਹਸਤ ਪਰ, ਤੁਮਹਿ ਫਿਰਾਇਆ ਮੀਤ ।
ਤਬ ਹਾਥੀ ਕੇ ਰੂਪ ਕਉਂ, ਸਮਝ ਲੇਂਹਗੇ ਚੀਤ ।

॥ ਚੌਪਈ ॥ ਬਿਨਉਂ ਮਹਾਵਤ ਮਾਨੀ ਤਿਨਉਂ । ਸਭਕੋ ਕਹਿਆ ਦੇਖ ਤੁਮ ਘਿੰਨਉਂ । ਇਕ ਇਕ ਅੰਧ ਉਠਾਇ ਲਿਆ-ਇਆ । ਕਾਹੂ ਕਉ ਦੇ ਸੂੰਢ ਦਿਖਾਇਆ । ਕਹੂ ਅੰਧੇ ਕਉ ਲਿੰਙ ਦਿਖਾਏ । ਕਹੂ ਹਾਥ ਕਾਨਨ ਫਿਰਵਾਇ । ਕਾਹੂ ਕਉਂ ਲੇ ਸੀਸ ਦਿਖਾਇਆ । ਕਹੂ ਅੰਧ ਕੰਡ ਹਾਥ ਲਗਾਇਆ । ਕਾਹੂ ਕਉਂ ਦਿਖਰਾਇ ਪੈਰ । ਕਾਹੂ ਪੂੰਛਟ ਲੀਨੋ ਹੇਰ । ੩੪੩ । । ਦੋਹਰਾ ।

ਜਿਨ ਅੰਧੇ ਨੇ ਸੂੰਢ ਗਜ, ਦੂਸਿਆ ਥਾ ਹੇ ਮੀਤ ।
ਤਿਹ ਅੰਧੇ ਕਉ ਭਾਸ ਇਹ, ਭਾਸੀ ਅਪਨੇ ਚੀਤ ।

॥ ਚੌਪਈ ॥ ਗਜ ਮਨਿੰਦ ਮੂਹਲੇ ਕੇ ਭਾਈ । ਇਨ ਬਿਨ ਅਉਰ ਨ ਕਛ ਦਰਸਾਹੀ । ਜਿਹ ਅੰਧੇ ਕਉਂ ਲਿੰਗ ਦਿਖਾਏ । ਤਾਂਕਉਂ ਭਾਸ ਪਰੀ ਇਹ ਆਏ । ਹਾਥੀ ਥੰਭ ਨਿਆਈ ਦੇਖਾ । ਇਨ ਬਿਨ ਅਵਰ ਨ ਕਛ ਮੈ ਪੇਖਾ । ਜਿਹ ਅੰਧੇ ਕਉਂ ਕਾਨ ਦਿਖਾਏ । ਤਾਂਕਉਂ ਤਪੜ ਹੀਂ ਭਸਾਏ । ਜਾਸ ਅੰਧ ਸੀਸ ਹਾਥ ਲਾਇਆ । ਤਾਕ ਤੂੰ ਦ੍ਰਖਤ ਮੁੰਢ ਭਾਸਾਇਆ । ਜਿਹ ਅੰਧੇ ਦਿਖ ਰਾਈ ਪੀਠ । ਤਿਹ ਕਹਿਆ ਮੈ ਮੰਦਰ ਡੀਠ ।੩੪੫ ।

॥ ਦੋਹਰਾ ॥

ਜਿਉਂ ਮੰਦਰ ਕੀ ਛਤ ਉਚੀ, ਤਿਉਂ ਦੂਸਿਆ ਗਾਜਿੰਦ ।
ਜਿਹ ਹਸਤੀ ਪਾਂਵ ਦੂਸੇ ਥੇ, ਤਿੰਨ ਕਹਿਆ ਪਰਾਤ ਮਨਿੰਦ ।

। ਚੌਪਈ ॥ ਜਿਹ ਅੰਧੇ ਪੂਛਟ ਲੈ ਦੂਸਾ । ਤਾਕਉਂ ਹਾਥੀ ਭਾਸਿਉ ਰੱਸਾ । ਰੱਸੇ ਖਬੜ ਨਿਆਈ ਹਸਤੀ । ਇਹੈ ਭਾਸ ਤਾਕੈ ਮਨ ਬਸਤੀ । ਹਾਥੀ ਦੇਖ ਸਭੀ ਮਿਲ ਬੈਠੇ । ਜਨਮ ਅੰਧ ਸਭ

ਇਕਠੇ ਪੈਠੇ।ਆਪਸ ਮਹਿੰ ਤਿਨ ਬਾਤ ਚਲਾਈ।ਹਾਥੀ ਕਿਉਂ ਕਰ ਦੇਖਾ ਭਾਈ ? ਜਿਉਂ ਜਿਉਂ ਦੇਖਾ ਤਿਉਂ ਤਿਨ ਭਾਖਾ । ਕਹੂੰ ਕਿਉਂ ਕਹਾ ਕਹੂੰ ਕਿਉਂ ਆਖਾ ।੩੪੬।

॥ ਦੋਹਰਾ ॥

ਇਕ ਦੂਸਰ ਕੀ ਬਾਤ ਕਉਂ, ਮਾਨਤ ਕੋਇ ਨ ਅੰਧ ।
ਸਭਨ ਮਿਲ ਝੇੜਾ ਕੀਆ, ਬੋਲਨ ਲਗੇ ਦੁਗੰਧ ।

॥ ਚੌਪਈ ॥ ਏਕ ਸੁਜਾਖਾ ਤਾਮਹ ਆਇਆ । ਉਨਹ ਆਇ ਕਰ ਬਚਨ ਅਲਾਇਆ । ਹੇ ਅੰਧਹੁ ਕਿਆ ਝੇੜਾ ਤੁਮ ਕਉਂ । ਖੋਲ੍ਹ ਸੁਨਾਵਹੁ ਸੋ ਤੁਮ ਹਮ ਕਉਂ । ਤਬ ਤਿਨ ਸਗਲੀ ਬਾਤ ਸੁਨਾਈ । ਹਮ ਦੇਖਾ ਥਾ ਹਾਥੀ ਭਾਈ । ਹਸਤੀ ਹਾਥ ਸਭੈ ਫਿਰ ਆਏ । ਕੋਊ ਕਹੈ ਕੋਊ ਕਿਵੇਂ ਬਤਾਏ । ਏਕ ਕਹੈ ਮੋਹਲੇ ਕੀ ਨਿਆਈਂ । ਦੂਸਰ ਥੰਭਾ ਮਾਨਤ ਤਾਹੀਂ ।੩੪੭।

॥ ਦੋਹਰਾ ॥

ਤੀਜਾ ਇਹੁ ਕਰ ਭਾਖਤਾ, ਤਪੜ ਨਿਆਈ ਸੋਇ ।
ਚਉਥਾ ਕਹੇ ਗਜ ਦੂਖਤ ਮੁੰਢ, ਯਾਮਹ ਭੇਦ ਨ ਕੋਇ ।

॥ ਚੌਪਈ ॥ ਪੰਚਮ ਕਹੈ ਕੋਠੇ ਕੀ ਨਿਆਈਂ । ਛਠਵਾਂ ਇਉਂ ਕਰ ਭਾਖੇ ਤਾਂਹੀ । ਗਜ ਮਨਿੰਦ ਪ੍ਰਾਤ ਕੀ ਦੇਖਾ । ਇਨ ਬਿਨ ਅਉਰ ਨ ਕਛ ਮੈ ਪੇਖਾ । ਸਤਵਾਂ ਕਹੈ ਖਬੜ ਕੀ ਨਿਆਈਂ । ਮੋਹਿ ਇਹੀ ਦ੍ਰਿਸਿਆ ਹੈ ਤਾਂਹੀਂ । ਜਬ ਸਭ ਅੰਧਨ ਬਤ ਯਹ ਭਾਖੇ । ਤਬ ਸੁਨ ਬਚਨ ਸੁਜਾਖੇ ਆਖੇ । ਹੇ ਜਨ ਅੰਧ ਹਮ ਸੇ ਸੁਨ ਲੇਵਹੁ । ਹਮਰੀ ਬਾਤ ਮਹਿੰ ਹਿਰਦਾ ਦੇਵਹੁ ।੩੪੮

॥ ਦੋਹਰਾ ॥

ਜੋ ਜੋ ਤੁਮ ਹੈ ਕਛ ਕਹਿਆ, ਸਭ ਹਸਤੀ ਕੇ ਅੰਗ ।
ਇਕ ਇਕ ਅੰਗ ਤੁਮਨੇ ਕਹਿਆ, ਹਸਤੀ ਹੈ ਸਰਬੰਗ ।

Digitized by Panjab Digital Library | www.panjabdigilib.org

॥ ਚੌਪਈ ਜਿਹ ਹਸਤੀ ਕਉਂ ਮੂਸਲ ਕਹਿਆ, ਤਿਹ ਭਾਖਿਓ ਤੁਮ ਸੁੰਢ ਦ੍ਰਸਇਆ । ਜਿਹ ਹਸਤੀ ਕਉਂ ਥੰਭ ਬੁਲਾਇਓ । ਤਿਹ ਕਹਿਓ ਤੁਮ ਲਿੰਙ ਦਿਖਾਇਓ । ਜਿਹ ਹਸਤੀ ਕਉਂ ਤਪੜ ਭਾਖਾ । ਕਾਨ ਦਿਖਾਇ ਤੁਮ ਤਾਕਉਂ ਆਖਾ । ਜਿਹ ਹਸਤੀ ਬ੍ਰਿਛ ਮੁੰਢ ਉਚਾਰਾ । ਤਾਹਿੰ ਕਹਿਆ ਤੁਮ ਸੀਸ ਦਿਖਾਰਾ। ਜਿਨ ਹਸਤੀ ਕਉਂ ਕੋਠਾ ਸਦਿਆ। ਤਾਂਕਾ ਬਚਨ ਭਿ ਨਹ ਤਿਨ ਰਦਿਆ ।੩੪੯। ॥ ਦੋਹਰਾ ॥

ਤਾਕਉਂ ਇਹੁ ਸਮਝਾਇਆ, ਤੁਮਹਿੰ ਦਿਖਾਈ ਕੰਡ ।
ਜਿਹ ਪਰਾਤ ਹਾਥੀ ਕਹਿਆ, ਤਿਹ ਸੰਗ ਬਚ ਇਹ ਮੰਡ।

॥ ਚੌਪਈ॥ ਤੁਮ ਹਾਥੀ ਕੇ ਪਾਉਂ ਕਉਂ ਦੂਸਾ । ਜਿਹ ਹਸਤੀ ਕਉਂ ਕਹਿਓ ਰੱਸਾ । ਤਾਹਿੰ ਕਹਿਆ ਤੁਮ ਪੂਛਟ ਹੇਰਾ । ਸਚੱਖ ਅੰਧ ਨਿਬੇਰਾ ਝੇਰਾ। ਤਾਂਕਾ ਤਾਤ ਪਰਜ ਅਬ ਏਹੀ। ਸੁਨ ਲੇਵਹੁ ਸੁਜਨ ਜਨ ਨੇਹੀ । ਸਭ ਬਾਦੀ ਜੋ ਜਗ ਕੇ ਭਾਈ । ਜਨਮ ਅੰਧ ਮਨਿੰਦ ਤੇ ਆਹੀ । ਇਕ ਇਕ ਅੰਗ ਪ੍ਰਭ ਹਸਤ ਪਛਾਨਤ । ਇਕ ਬਿਨ ਦੂਜਾ ਨਾ ਵਹੁ ਜਾਨਤ ।੩੫੦।

॥ ਦੋਹਰਾ ॥

ਮਿਲ ਮਿਲ ਆਪ ਮਹਿ ਝੇੜਈ, ਬੋਲੈ ਗੰਧਣ ਬੈਣ ।
ਇਕ ਇਕ ਅੰਗ ਕੇ ਮਹਰਮੀ, ਪਾਵਹਿੰ ਨਾਹੀ ਚੈਨ ।

॥ਚੌਪਈ॥ ਗਯਾਨੀ ਗੁਰਮੁਖ ਸਭ ਅੰਗ ਭੇਦੀ । ਸਭ ਸਮਝਾਇ ਕਰਤ ਆਖੇਦੀ । ਜਗ ਕੇ ਬਾਦ ਅਮਿਤ ਅਪਾਰਾ । ਕਛ ਥੋਰੇ ਮੈ ਕਰਉਂ ਉਚਾਰਾ । ਏਕ ਕਹਹਿੰ ਕਰਮਾ ਬਸ ਜੀਉ । ਸੋਈ ਲੁਨੇ ਜੋ ਪਾਵੈ ਬੀਉ। ਏਕ ਕਹੈਂ ਇਹ ਖਾਵੈ ਦਾਤਿ। ਕਛੂ ਨ ਬੀਜੇ ਉਗਵੇ ਤਾਤ। ਏਕ ਕਹੈ ਜਗ ਸਿਉਂ ਪ੍ਰਭ ਵਖ । ਏਕ ਕਹੈਂ ਜਗ ਪ੍ਰਭੁ ਅਲੱਖ ।੩੫੧।

Digitized by Panjab Digital Library | www.panjabdigilib.org

॥ ਦੋਹਰਾ ॥

ਏਕ ਕਹਹਿੰ ਸਮਰੱਥ ਜੀਉ, ਜੋ ਕਛੁ ਕਰੇ ਸੁ ਹੋਇ।
ਏਕ ਕਹਹਿੰ ਹੈ ਪਰਾਧੀਨ, ਯਾ ਮਹਿੰ ਭੇਦ ਨ ਕੋਇ।

॥ਚੌਪਈ॥ ਏਕ ਕਹਹਿੰ ਤਤ ਕੋ ਆਕਾਰਾ। ਤਤ ਗੁਨ ਇੰਦ੍ਰ ਸਕਲ ਪਾਸਾਰਾ। ਗੁਨ ਸਿਉਂ ਗੁਨ ਮਿਲ ਸਾਜਨ ਸਾਜੇ। ਚੇਤਨ ਸਦਾ ਅਲਿਪਤ ਬਿਰਾਜੇ। ਪਾਂਚ ਬਿਖੇ ਕਉਂ ਇੰਦ੍ਰੀ ਗਹੇ। ਤਤ ਸਿਉਂ ਤਤ ਮਿਲ ਕਰ ਸਭ ਰਹੇ। ਸੋ ਸਭ ਬਾਦ ਅੰਧ ਮਾਨਿੰਦ ਭਾਈ। ਇਕ ਸਿਉਂ ਦੂਆ ਵਿਰੁਧ ਕਮਾਈ। ਸਰੱਖ ਸੰਤ ਸਭ ਪੂਰੀ ਜਾਨਤ। ਜਿਉਂ ਕਰ ਕੋਊ ਕਛੂ ਪਛਾਨਤ। ੩੫੩।

॥ ਦੋਹਰਾ ॥

ਅਪਨੇ ਘਟ ਸਿਉਂ ਸੰਤ ਜਨ, ਸਭ ਬਾਦੀ ਮੰਨ ਲੇਹਿੰ।
ਵਹੁ ਆਪਸ ਮਹਿੰ ਜੁਧ ਕਰਹਿੰ, ਹਰਿ ਜਨ ਆਦ੍ਰ ਦੇਇੰ।

॥ ਚੌਪਈ ॥ ਹਰਿ ਜਨ ਸਭ ਬਾਦੀ ਕਉਂ ਮਾਨਤ। ਭੂਲਾ ਕੋਇ ਨ ਸੋਇ ਪਛਾਨਤ। ਪ੍ਰਭ ਹਸਤੀ ਕੇ ਸਕਲੇ ਅੰਗਾ। ਮੇਲ ਲੇਹਿੰ ਹਰਿ ਜਨ ਸਰਬੰਗਾ। ਜਿਉਂ ਕਰ ਸੰਤ ਸਭ ਬਾਦ ਮਿਲਾਵਤ। ਸੋ ਨਿਰਨਉਂ ਕਰਕੈ ਸਮਝਾਵਤ। ਪ੍ਰਥਮ ਕਹਹਿੰ ਕਰਮਾ ਬਸ ਜੀਉ। ਸੋਈ ਲੁਨੈ ਜੁ ਪਾਵੈ ਬੀਉ। ਏਹ ਭੀ ਪ੍ਰਭ ਜੀ ਖੇਲ ਰਚਾਇਆ। ਜਿਉਂ ਬਾਦੀ ਇਹ ਕਹਿ ਸਮਝਾਇਆ। ੩੫੩।

॥ ਦੋਹਰਾ ॥

ਊਚ ਨੀਚ ਜੋ ਜਗਤ ਮਹਿੰ, ਸੋਗ ਹਰਖ ਅਪਾਰ।
ਰੋਗੀ ਭੋਗੀ ਨਰਕ ਸੁਰਗ, ਸਭ ਕਰਮਾ ਕਰ ਯਾਰ।

॥ ਚੌਪਈ ॥ ਕਈ ਜਗਤ ਮਹਿ ਪੋਟ ਉਠਾਵਹਿੰ। ਕਈਕ ਨਰ ਜਿ ਬੈਠੇ ਖਾਵਹਿੰ। ਕਈ ਜੀਉ ਜਨਮਤ ਭੈ ਸ਼ਾਹੁ। ਭਰੇ ਭੰਡਾਰ ਅਮਿਤ ਅਥਾਹੁ। ਕਈ ਜੀਉ ਭਇ ਰਾਣੇ ਰਾਜੇ।

Digitized by Panjab Digital Library | www.panjabdigilib.org

ਕਈ ਜੀਓ ਸੇਵਾ ਉਨ ਸਾਜੇ। ਕਈ ਜੀਅ ਭਏ ਭਿਛਕ ਭਿਖਾਰੀ।
ਕਈ ਭੁਗਾਵਹਿੰ ਅਉਰ ਅਪਾਰੀ। ਕਈ ਜੀਵ ਭਏ ਜਨਮਤ ਰੋਗੀ।
ਕਈ ਅਰੋਗ ਬਹੁ ਭੋਗਹਿੰ ਭੋਗੀ। ੩੫੪।

॥ ਦੋਹਰਾ ॥

ਕਈ ਜੀਅ ਜਨਮਤ ਮਰਹਿੰ, ਕਈ ਹੋਇ ਬ੍ਰਿਧ ਚਲਾਹਿੰ।
ਕਾਹੂੰ ਸੰਪਦ ਸੂਖ ਬਹੁ, ਕਈ ਜਨ ਭੀਖ ਨ ਪਾਹਿੰ।

॥ ਚੌਪਈ ॥ ਕਈ ਜੀਅ ਭੋਗਤ ਚੌਰਾਸੀ। ਕਰਮ ਕਾਲ ਕੀ ਫਾਸਹਿੰ ਫਾਸੀ। ਜੇ ਜੋ ਕਰਮ ਜੀਵ ਜੋ ਕਰੇ। ਕਰਮ ਰੇਖ ਕਬਹੂੰ ਨਹੀ ਟਰੇ। ਸਭ ਜਗ ਮਹਿ ਬਰਤੇ ਬਰਤਾਰਾ। ਆਦ ਅੰਤ ਅਰ ਮਧ ਨਿਰਾਰਾ। ਕਰਮ ਰੇਖ ਕੀਏ ਰਾਮ ਕਹਾਣੇ। ਕਰਮ ਰੇਖ ਰਾਵਣ ਬਿਲ ਲਾਣੇ, ਕਰਮ ਅਧੀਨ ਜੀਵ ਅਰ ਈਸ਼ਰ। ਇਉਂ ਹੀਂ ਰਚਨ ਰਚੀ ਜਗਦੀਸ਼ਰ। ੩੫੫।

॥ ਦੋਹਰਾ ॥

ਜੈਸਾ ਜੈਸਾ ਜੋ ਕਰੇ, ਪਾਵੈ ਤੈਸਾ ਸੋਇ।
ਯਹ ਹੈ ਬਾਤ ਨਿਰੰਤਰੀ ਯਾ ਮੈ ਭੇਦ ਨ ਕੋਇ।

॥ ਚੌਪਈ ॥ ਕਰਮ ਅਧੀਨ ਜਉਂ ਸ੍ਰਿਸ਼ਟਿ ਨ ਹੋਈ। ਤਉਂ ਬਿਨ ਸਾਧਨ ਪਾਵੈ ਪ੍ਰਭ ਸੋਈ। ਬਿਨ ਸਾਧਨ ਨਹੀ ਸਿਝਿਆ ਜਾਈ। ਸਾਧਨ ਸਾਧ ਭਏ ਸਿੱਧ ਭਾਈ। ਤਾਂਤੇ ਕਰਮ ਬਾਦ ਸਚ ਜਾਨਾ। ਉਨ ਕਉਂ ਭੀ ਹਰਿ ਜਨ ਹਿਤ ਆਨਾ। ਕਰਮ ਬਾਦੀ ਭੀ ਭਏ ਸਚਿਆਰਾ। ਦਇਆ ਬਾਦ ਜੋ ਕਰਤ ਉਚਾਰਾ। ਓ ਇਉਂ ਕਹਤ ਜੋ ਜੀਅ ਭੁਗਾਹੀਂ। ਸਭ ਪ੍ਰਭ ਦਇਆ ਇਨਕਾ ਕਛ ਨਾਹੀ। ੩੫੬।

॥ ਦੋਹਰਾ ॥

ਨਾ ਕਛ ਬੀਜੇ ਨ ਉਗਵੈ, ਜੋ ਬਖਸ਼ੇ ਸੋ ਖਾਇ।
ਦਇਆ ਬਾਦ ਇਉਂ ਕਹਤ ਹੈ, ਵਹੁ ਭੀ ਪੂਰੀ ਆਹਿ।

॥ ਚੋਪਈ ॥ ਸੋ ਹਰਿ ਜਨ ਇਹੁ ਮੇਲਤ ਤਾਕਉਂ।ਬਰਨ ਸੁਨਾਵਉਂ ਤੁਮ ਕਉਂ ਯਾਕਉਂ। ਦਇਆ ਪ੍ਰਭੂ ਜਬ ਜਗਤਿ ਨ ਕਰਤਾ। ਤਉਂ ਸਭ ਜਗ ਇਉਂ ਹੀਂ ਖਪ ਮਰਤਾ। ਕਬਿ ਸੂਰਜ ਇਨ ਬੀਜ ਬੀਜਾਨਾ। ਕਰਿ ਚਾਨਣ ਦਹ ਦਿਸ ਪ੍ਰਗਟਾਨਾ। ਸੂਰ ਚੰਦ੍ਰ ਇਹ ਦੋਨੋ ਦਾਤਾਂ। ਪਾਨੀ ਪਉਨ ਬਨਾਈ ਰਾਤਾਂ।ਜਉਂ ਜਗ ਮਾਹਿ ਰੈਨ ਨਹ ਹੋਤੀ। ਤਬ ਸਭ ਸ੍ਰਿਸ਼ਟ ਦੁਖਤ ਹੋਇ ਰੋਤੀ।੩੫੭।

। ਦੋਹਰਾ।

ਤ੍ਰਿਸ਼ਨਾ ਪਾਰ ਨ ਪਾਈਐ, ਸਕਲ ਜੀਅ ਬਸ ਜਾਂਹਿ।
ਰੈਨ ਨ ਹੋਤੀ ਜਗਤ ਮੈਂ, ਆਠੋ ਜਾਮ ਪਿਟਾਹਿੰ।

॥ ਚੌਪਈ ॥ ਰੈਨ ਪਰੈ ਹੋਇ ਜਾਇ ਸਮਾਧ। ਮਿਟ ਜਾਵੈ ਤਬ ਸਕਲ ਉਪਾਧਿ। ਹਟ ਪੱਟਣ ਬਜਾਰ ਹੋਇ ਖਾਲੀ। ਲੇਵਨ ਹਾਰੀ ਨੀਂਦ ਸਮਾਲੀ। ਲੇਨ ਹਾਰ ਤਉਂ ਲੇਵਹਿੰ ਨਾਹੀ। ਦੇਨ ਹਾਰ ਕਹੁ ਕਿਸ ਸਉ ਪਾਹੀਂ। ਤਾਂਤੇ ਦੋਊ ਨੀਂਦ ਕਉਂ ਕਰਤੇ। ਤ੍ਰਿਸ਼ਨ ਬਿਸਾਰ ਖਟ ਊਪਰ ਪਰਤੇ। ਦਈਵ ਸੰਜੋਗ ਜਬ ਜਾਗਹਿੰ ਭਾਈ। ਉਠ ਪ੍ਰਭ ਕਉਂ ਭੀ ਚੀਤ ਕਰਾਂਹੀਂ। ੩੫੮।

॥ ਦੋਹਰਾ ॥

ਸਕਲ ਬਿਸਰਾਮ ਕਉਂ ਪਾਵਹੀਂ, ਪਸ ਪੰਛੀ ਜੀਅ ਜੋਨ।
ਜਗਿਆਸੀ ਹੈ ਬਾਰ ਰੀ, ਰੈਨ ਸੂਖ ਕੋ ਭਉਨ।

॥ ਚੌਪਈ ॥ਜਬਹਿੰ ਰੈਨ ਪਰਨੇ ਕਉਂ ਆਵੈ। ਜਗਿਆਸੀ ਕਉਂ ਬਹੁ ਮਨਭਾਵੈ। ਜਿਉ ਬਾਦਲ ਦੇਖ ਮੋਰ ਸੁਖ ਮਾਨਹਿੰ। ਤਿਉਂ ਜਗਿਆਸ ਰੈਨ ਸੁਖ ਜਾਨਹਿੰ। ਰੈਨ ਪਰੈ ਮਿਟ ਜਾਇ ਕਕਾਰਾ। ਅਨ ਭੇਦੀ ਕੋਊ ਰਹੈ ਨ ਪਿਆਰਾ।ਰੈਨ ਪਰੈ ਜਬ ਨਗਰਾਂ ਮਾਹੀ। ਤਬ ਸਭ ਨਗ੍ਰ ਜੰਗਲ ਹੋਇ ਜਾਹੀ। ਨੀਂਦ੍ਰ ਜੀਅ ਬੂਟੇ ਹੋਇ ਗਏ। ਮਾਨੋ ਨਗਰ ਜੰਗਲ ਹੋਇ ਪਏ ।੩੫੯।

Digitized by Panjab Digital Library | www.panjabdigilib.org

॥ ਦੋਹਰਾ ॥

ਹੋਇ ਅੰਧਿਆਰਾ ਜਗਤ ਮਹਿੰ, ਆਂਖ ਨ ਦਿਸੈ ਕੋਇ।
ਪ੍ਰਭ ਜਾਣੀ ਜਨ ਜਾਗਤਾ, ਅਉਰ ਜਾਗੈ ਨੇਹੀ ਕੋਇ।

॥ਚੌਪਈ॥ ਭਜਨ ਕਰੈ ਅਰ ਬਿਨਤੀ ਧਰੈ। ਮਨ ਬਿਰਥਾ ਪ੍ਰਭ ਪਾਹਿੰ ਉੱਚਰੈ। ਹੋਇ ਨਿਸੰਕ ਜਾਗੈ ਅਰ ਰੋਵੈ। ਹੋਇ ਹੋਇ ਬਹੁ ਸੁਖੀਆ ਹੋਵੈ। ਨਿਹ ਕਾਮ ਭਗਤ ਪ੍ਰਭ ਸਿਉਂ ਲੇ ਠਾਨੈ। ਏਹ ਭਗਤਿ ਪ੍ਰਭ ਤਾਂਕੋ ਮਾਨੈ। ਜਗਿਆਸੀ ਕੀ ਮਨਸ਼ਾ ਏਹੀ। ਦਰਸ਼ਨ ਪਾਵਉਂ ਆਗੈ ਨੇਹੀ। ਆਸ਼ਕ ਮਸ਼ੂਕ ਸਿਉਂ ਏਹੀ ਮੰਗੇ। ਦਰਸ਼ਨ ਪਾਵਉਂ ਬੈਸਹੁ ਸੰਗੇ। ੩੬੦।

॥ ਦੋਹਰਾ ॥

ਰੈ ਬਾਰੀ ਜਗਿਆਸੀਆਂ, ਇਤਕਰ ਭਾਖੀ ਰੈਨ।
ਪ੍ਰਭ ਸਿਉ ਮੇਲਾ ਕਰ ਦਿਵੈ, ਪਾਵਹਿੰ ਹਰਿਜਨ ਚੈਨ।

॥ ਚੌਪਈ ॥ ਰੈਨ ਦਾਤ ਇਤ ਕਰ ਅਪਾਰ। ਅਉਰ ਦਾਤ ਪ੍ਰਭ ਬੇਸੁਮਾਰ। ਕਬ ਇਨ ਧਰਤੀ ਐਸੀ ਬੋਈ। ਜਾ ਪਰ ਬਰਤ ਸੁਖੀ ਬਹੁ ਹੋਈ। ਬੈਸੰਤਰ ਅਨਾਜ ਅਪਾਰ। ਮਿਸ਼ਟ ਸਲੋਨੇ ਭੋਜਨ ਯਾਰ। ਗ੍ਰਿਹ ਕੁਟੰਬ ਬਨਿਤਾ ਅਰ ਪੁੱਤ੍ਰ। ਮਾਤ ਪਿਤਾ ਭਾਈ ਜਨ ਮਿੱਤ੍ਰ। ਮਾਨਸ ਜਨਮ ਇੰਦ੍ਰੀ ਦਸ ਦਾਤ। ਏਕ ਏਕ ਕੋ ਮੋਲ ਨ ਤਾਤ। ੩੬੧।

॥ ਦੋਹਰਾ ॥

ਜਿਹਵਾ ਆਂਖ ਅਰ ਨਾਕ ਕੰਨ, ਤ੍ਰਚਾ ਪਾਂਵ ਪਹਿਚਾਨ।
ਕਰ ਇੰਦ੍ਰੀ ਉਪਸਥ ਮੁਖ, ਦਸਮ ਗੁਦਾ ਹੈ ਜਾਨ।

॥ ਚੌਪਈ ॥ ਪਾਂਚ ਗਿਆਨ ਪੰਚ ਇੰਦ੍ਰੀ ਕਰਮ। ਤਿਨਕੋ ਸੁਨ ਲੀਜੈ ਹੈ ਮਰਮ। ਜਿਹਵਾ ਲੋਚਨ, ਤ੍ਰਚਾ, ਨੱਕ ਕੰਨ। ਯਹ ਪਾਂਚੇ ਗਿਆਨ ਇੰਦ੍ਰੀ ਮੰਨ। ਜੀਭ, ਪਾਂਵ, ਉਪੱਸਥ, ਕਰ, ਗੁਦਾ। ਯਹ ਪਾਂਚ ਕਰਮ, ਇੰਦ੍ਰੀਹੈਜੁਦਾ।ਗਿਆਨ ਇੰਦ੍ਰੀਕੇ ਕਰਮ ਯਹ

Digitized by Panjab Digital Library | www.panjabdigilib.org

ਭਾਈ। ਜਿਹਵਾ ਸੁਵਾਦ ਲੋਚਨ ਦ੍ਰਸਾਹੀਂ । ਤੁਚਾ ਸਪੱਰਸ਼ ਬਾਸ ਲੇ ਨਾਸਾ । ਕਾਨ ਸੁਨਨ ਕੀ ਰਾਖਹਿੰ ਆਸਾ । ਸਬਦ, ਸਪੱਰਸ਼, ਰੂਪ, ਰਸ, ਗੰਧ । ਇਨਸਿਉਂ ਸਿੱਧ ਹੋਇ ਇਹ ਧੰਧ ॥ ੩੬੨ ॥

॥ ਦੋਹਰਾ ॥

ਕਰਮ ਇੰਦ੍ਰੀ ਕੇ ਕਰਮ ਕਉਂ, ਖੋਲ ਸੁਨਾਵਉਂ ਮੀਤ ।
ਜੀਭ ਬੋਲਨ ਕਉ ਸਿਧ ਕਰਹਿ, ਉਪੱਸਥ ਕਾਮ ਕਰਿ ਪ੍ਰੀਤ ।

॥ ਚੌਪਈ ॥ ਬਹੁੜ ਉਪੱਸਥ ਮੂਤ ਕਉ ਮੂਤ੍ਰੇ । ਗੁਦਾ ਭਿ ਅਪਨੇ ਕਾਮ ਪਹੂਚੇ ।ਬਿਸ਼ਟਾ ਕਉਂ ਨਿਜ ਦੁਆਰ ਉਤਾਰੇ ।ਸਕਲ ਜੀਅ ਕੈ ਕਾਜ ਸਵਾਰੇ । ਕਰ ਸਿਉਂ ਗਹੇ ਪਾਂਵ ਸਿਉਂ ਧਾਵੈ । ਕਰਮ ਇੰਦ੍ਰੀ ਯਹ ਕਰਮ ਕਮਾਵੈ । ਏਕ ਏਕ ਕੇ ਸੁਖ ਨ ਅੰਤ । ਪ੍ਰਭ ਉਪਕਾਰ ਕਿਆ ਜਾਨੇ ਜੰਤ । ਸਕਲ ਦਾਤ ਸਿਉਂ ਦਾਤ ਇਹ ਵਾਧ । ਸੁਨ ਲੇਵਹੁ ਸੋ ਭਾਇਰ ਸਾਧ ॥ ੩੬੩ ॥

॥ ਦੋਹਰਾ ॥

ਜਿਨ ਆਸਰ ਭੋਗ ਭੋਗਵੈ, ਮਨ ਬੁਧਿ ਚਿਤ ਸੁ ਯਾਰ ।
ਏਹ ਦਾਤ ਪ੍ਰਭ ਜੀ ਕਰੇ, ਅਵਰ ਨ ਕਰਨੇ ਹਾਰ ।

॥ ਚੌਪਈ ॥ ਬੁਧਿ ਸਿਉਂ ਸੋਚ ਵਿਚਾਰ ਲੇ ਕਰੇ । ਚਿਤ ਸਿਉਂ ਚਿੱਤ ਚਿੱਤਉਂਨੀ ਧਰੇ । ਮਨ ਸਿਉਂ ਮਾਨ ਲੇਇ ਸੁਖ ਪਾਵੈ ।ਇਸਹਿੰ ਦਾਤ ਕੋਊ ਅੰਤ ਨਾ ਆਵੈ। ਕਬ ਇਨ ਬੋਏ ਅਪਨੇ ਪਾਇ । ਸਕਲ ਬਖਸ਼ ਪ੍ਰਭ ਜੀ ਯਹ ਖਾਏ । ਦਿਨ ਮਹ ਲਖ ਅਪਰਾਧ ਕਮਾਵੈ । ਜਿਉਂ ਕਰ ਪ੍ਰਭ ਲੇਖੇ ਪਰ ਆਵੈ । ਤੀਨ ਲੋਕ ਮਹਿ ਠੌਰ ਨ ਲਹੇ ? ਜਹਾਂ ਜਾਇ ਇਹੁ ਆਤ੍ਰ ਬਹੈ ॥੩੬੪॥

॥ ਦੋਹਰਾ ॥

ਨਹੀ ਕਾਗਤ ਨਹੀ ਕਲਮ ਮਸ, ਨਹੀ ਲਿਖਕੁ ਨਹੀ ਹਾਥ ।
ਪ੍ਰਭ ਕੇ ਗੁਨ, ਜੀਅ ਅਉਗਨਾ, ਲੇਖੇ ਪਰਤ ਨਾ ਨਾਥ ।

Digitized by Panjab Digital Library | www.panjabdigilib.org

॥ ਚੌਪਈ ॥ ਪ੍ਰਭ ਜਉ ਕਰ ਲੇਖੇ ਪਰ ਆਵੈ। ਜੀਉ ਦੁਖ ਕੋ ਅੰਤ ਨ ਪਾਵੈ। ਬਸੇ ਸਦਾ ਚਉਰਾਸੀ ਬਪੜਾ। ਸਦਾ ਜਨਮ ਮ੍ਰਿਤ ਸਿਉਂ ਰਹੇ ਜਕੜਾ। ਨਰਕ ਪਾਇ ਫਿਰ ਕਾਢੈ ਨਾਹੀ। ਸਦਾ ਰਹੇ ਉਨ ਕੇ ਸੋ ਮਾਹੀਂ। ਮਾਨਸ ਵਾਰੀ ਕਬਹੂੰ ਨ ਆਵੈ। ਨਾ ਫਿਰ ਸਾਧਨ ਸੰਗ ਮਿਲਾਵੈ। ਮੁਕਤਿ ਪਰਾਇਣ ਕੋਊ ਨਾ ਹੋਵੈ। ਜਉ ਪ੍ਰਭ ਲੇਖੇ ਮਹਿ ਜੀਅ ਜੋਵੈ ॥ ੩੬੫ ॥

॥ ਦੋਹਰਾ ॥

ਪ੍ਰਭ ਲੇਖਾ ਕੇਤਾ ਕਰੇ, ਤਾਕਾ ਸੁਨਉਂ ਬਿਚਾਰ।
ਲੇਵੈ ਲੇਖਾ ਥੋੜਲਾ, ਮਾਤ ਪਿਤਾ ਅਨਸਾਰ।

॥ ਚੌਪਈ ॥ ਬਹੁ ਅਪਰਾਧ ਜੋ ਪੂਤ ਕਮਾਵੈ। ਦੇਇ ਝਿਣਕ ਤਿਹ ਵੂਜ ਰਹਾਵੈ। ਸਹੰਸ ਚੋਬ ਲਾਇਕ ਜਉਂ ਹੋਈ। ਮਾਰ ਚਾਰ ਕਿਲ ਬਿਖ ਸਭ ਖੋਈ। ਤੈਸੇ ਜੀਅ ਸਕਲ ਸਿਉਂ ਪ੍ਰਭੂ। ਲੇਵੈ ਲੇਖਾ ਏਤਾ ਸਭੂ। ਸਰਬ ਪ੍ਰਕਾਰ ਪ੍ਰਭ ਦਇਆ ਜਨਾ-ਈ। ਦਇਆ ਬਾਦ ਇਉਂ ਪੂਰਾ ਭਾਈ। ਬਹੁੜ ਬਾਦ ਜੋ ਐਸਾ ਕਰਤੇ। ਪ੍ਰਭ ਜਗ ਸਿਉ ਹੈ ਅਲਪਿਤ ਵਰਤੇ। ਏਹ ਬਾਦ ਭੀ ਪੂਰਾ ਤਾਕਾ। ਅਬ ਨਿਰਨਉਂ ਹੋਵੈ ਹੈ ਯਾਂਕਾ ॥ ੩੬੬ ॥

॥ ਦੋਹਰਾ ॥

ਪ੍ਰਭ ਜਗ ਸਿਉਂ ਅਲਿੱਪਤ ਕਿਉਂ, ਸੁਨ ਲੇਵਹੁ ਸੋ ਮੀਤ।
ਜਿਉਂ ਸੁਨਿਆ ਤਿਉਂ ਭਾਖ ਹੋਂ, ਸੁਨ ਧਾਰਹੁ ਲੇ ਚੀਤ।

॥ ਚੌਪਈ ॥ ਪ੍ਰਭ ਜੀ ਓਪਤ ਦੁਇੰ ਨਿਪਜਾਈ। ਇਕ ਜੜਵੱਤ ਇਕ ਚੇਤਨ ਭਾਈ। ਜੜਵੱਤ ਤਤ ਅਰ ਚੇਤਨ ਜੀਆ। ਅਪਨੀ ਸ਼ਕਤਿ ਬਨਾਈ ਪੀਆ। ਪ੍ਰਭ ਕੀ ਸ਼ਕਤਿ ਨ ਪ੍ਰਭਹੈ ਸੋਈ। ਜਿਉਂ ਜਨਮੇ ਪੂਤ ਪਿਤਾ ਘਰ ਕੋਈ। ਪੂਤ ਇਆਨਾ ਨਿਬਲ ਅਧੀਨਾ। ਪਿਤਾ ਸੁਆਧੀਨ ਸਮਰਥ ਪ੍ਰਬੀਨਾ। ਪੂਤ ਸੀਤਲਾ

ਸੁਬੜਾ ਝਾਗੇ। ਪਿਤਾ ਸੁਜਾਨ ਨਹੀ ਕਛ ਲਾਗੇ। ੩੬੭।

॥ ਦੋਹਰਾ ॥

ਪਿਤਾ ਪਿਆਰੇ ਪ੍ਰਭੂ ਕੇ, ਬੇਟਾ ਭਇਓ ਜਗਤ।
ਸੂਖ ਦੂਖ ਜਗ ਪੂਤ ਸਿਉਂ, ਪ੍ਰਭੂ ਪਿਤਾ ਅਲਿਪਤ।

॥ ਚੌਪਈ ॥ ਜਗ ਜਨਮ ਮਰੈ ਅਰ ਦੁਖੀਆ ਹੋਵੈ। ਤੈਸਾ ਪਾਵੈ ਜੈਸਾ ਬੋਵੈ। ਕਰਣੈ ਹਾਰ ਅਲਿਪਤ ਬਿਰਾਜੈ। ਥਿਰ ਆਸਣ ਕਰ ਦੇਖੈ ਸਾਜੇ। ਇਨ ਬਿਧ ਇਹੁ ਬਾਦ ਭੀ ਪੂਰਾ। ਦੀਆ ਸਮਝਾਇ ਨ ਰਹਿਆ ਊਰਾ। ਅਉਰ ਬਾਦ ਜੋ ਬਾਦੀ ਰਰਤੇ। ਜਗ ਕਉਂ ਪ੍ਰਭ ਪ੍ਰਭੂ ਕਹਿ ਮਚਤੇ। ਇਹੁ ਬਾਦ ਭੀ ਪੂਰਾ ਭਾਈ। ਸੁਨ ਲੇਵਹੁ ਹਿਰਦਾ ਠਹਿਰਾਈ। ੩੬੮।

॥ ਦੋਹਰਾ ॥

ਪੂਤ ਪਿਤਾ ਘਰ ਜਨਮਿਆਂ, ਪਿਤਾ ਪੂਤ ਭਏ ਏਕ।
ਲੋਚਨ ਕਾਨ ਸਰੀਰ ਅੰਗ, ਏਕ ਸ਼ਕਲ ਇਕ ਮੇਕ।

॥ ਚੌਪਈ ॥ ਜਾਤ ਪਾਤ ਪੁਤ ਕੀ ਪਿਤ ਜੈਸੀ। ਬੋਲਨ ਡੋਲਨ ਚਾਲੀ ਤੈਸੀ। ਜਿਨ ਸਿਉਂ ਲਹਨਾ ਪਿਤਾ ਪਿਆਰੇ। ਤਿਨ ਸਿਉਂ ਲੇਹਨਾ ਹੈ ਤਿਹ ਬਾਰੇ। ਜਿਨ ਕਾ ਪਿਤਾ ਦੇਵਨਾ ਹੋਵੈ। ਤਿਨਕਾ ਦੇਵਨ ਪੂਤ ਭਿ ਗੋਵੈ। ਜੰਵਾਂ ਮੰਞ ਅਰ ਮਰਨੇ ਪਰਨੇ। ਪਿਤਾ ਪੂਤ ਏਕੈ ਹਨ ਬਰਨੇ। ਪਿਤਾ ਮਰਦ ਬਾਰਿਕ ਮਰਦਾਨਾ। ਤਤ ਕਾਲ ਨਹੀਂ ਪਿਤਾ ਸਮਾਨਾ। ੩੬੯।

॥ ਦੋਹਰਾ ॥

ਏ ਲਛਨ ਜੋ ਪਿਤਾ ਕੇ, ਸੋ ਬਾਰਿਕ ਮੈ ਨਾਹਿ।
ਪੁਰਖ ਬੱਲ ਪੁਰ ਖਾਰਬੋ, ਸੋ ਤਿਨ ਕੇ ਮਹਿ ਨਾਹਿ।

॥ ਚੌਪਈ ॥ ਪੂਤ ਨ ਉਤਪਤ ਤਾਸਿਉਂ ਹੋਵੈ। ਜਬ ਮਾਤਾ ਕੀ ਝੋਲੀ ਸੋਵੈ। ਸੂਰ ਹੋਇ ਨਹ ਰਣ ਮਹਿੰ ਝੂਝੈ। ਜਿਉਂ ਪਿਤ

ਬਲੀ ਦੁਸ਼ਟ ਸੰਗ ਲੂਝੈ। ਪਿਤਾ ਧਾਇ ਆਵੈ ਸੈ ਕੋਸਾ। ਪੂਤ ਨ ਟੁਰਨ ਇਕ ਕੋਸ ਭਰੋਸਾ।ਜਹ ਸਿਉਂ ਪਿਤਾ ਮੱਣ ਭਾਰ ਲਿਆਵੈ। ਤਹ ਸਿਉਂ ਪੂਤ ਨ ਆਪ ਪਹੁੰਚਾਵੈ। ਜਬ ਪਲ ਜੁਆਨ ਹੋਵੈਗਾ ਬਾਰਿਕ। ਸਮ ਸਰ ਪਿਤਾ ਪੂਤ ਭੀ ਭਾਰਕ। ੩੭੦।

॥ ਦੋਹਰਾ ॥

ਪਿਤਾ ਪੂਤ ਕੀ ਏਕਤਾ, ਤਬ ਹੋਇ ਜਾਵੈ ਬੀਰ।
ਜਬੀ ਜੁਆਨ ਹੋਇ ਪੱਲਿ ਪੱਲਿ, ਖਾਵੈ ਘਿਉ ਖੰਡ ਖੀਰ।

॥ ਚੌਪਈ ॥ ਜਬ ਬਾਰਿਕ ਨਇਆ ਉਪਜਾਨਾ। ਤਿਹ ਦੇਖਨ ਬਜਿਓ ਸਦੀਆਨਾ। ਪੂਤ ਪੂਤ ਆਖੈ ਸਭ ਕੋਈ। ਤਬ ਭੀ ਏਕ ਏਕ ਸਭ ਗੋਈ। ਅਸਲ ਏਕਤਾ ਤਾਂਕੀ ਓਇ। ਜਬ ਪਲ ਜੁਆਨ ਹੋਇ ਹੈ ਸੋਇ। ਪੈ ਤਬ ਭੀ ਏਕੋ ਉਚਾਰਹਿੰ। ਤਬ ਪੂਰਾ ਜੋ ਇਹੁ ਕਹਿ ਡਾਰਹਿੰ। ਪਿਤਾ ਪੂਤ ਕੀ ਏਕਤਾ ਹੋਈ। ਯਾ ਮਹਿ ਭੇਦ ਨਹੀ ਹੈ ਕੋਈ। ੩੭੧।

॥ ਦੋਹਰਾ ॥

ਤੈਂਸੇ ਜੀਵ ਅਰ ਬ੍ਰਹਮ ਕੀ, ਏਕਤਾ ਦੋਇ ਪ੍ਰਕਾਰ।
ਤਾਕਾ ਨਿਰਨਾ ਅਬ ਕਰਉਂ ਭਾਖਉਂ ਬੁਧਿ ਅਨਸਾਰ।

॥ ਚੌਪਈ ॥ ਅਦ ਭੁਤ ਖੇਲ ਅਪੁਨੇ ਰੰਗ ਕੀਆ। ਮਹਾ ਅਸਚਰਜ ਰੂਪ ਬਹੁ ਥੀਆ। ਅਪਨੀ ਜਾਤ ਪਸਾਰੀ ਸਾਰੀ। ਪ੍ਰਭ ਬਿਨ ਭਿੰਨ ਨ ਅਉਰ ਨਿਹਾਰੀ।ਚੇਤਨ ਕਲਾ ਸ਼ਕਤਿ ਘਟਿ ਛਾਈ। ਨਹ ਪ੍ਰਭ ਰੂਪ ਨਾ ਜੀਅ ਕੋ ਆਹੀ। ਸਾਂਤਕ ਗੁਨ ਸਭ ਮਹਿ ਵਰ ਤਾਰਾ। ਇਤ ਕਰ ਭੀ ਏਕੋ ਕਰਤਾਰਾ। ਪ੍ਰਭ ਪ੍ਰਸੰਨਤਾ ਮੁਕਿਤ ਕਰਾਇ। ਜੱਗ ਪ੍ਰਸੰਤਾ ਬੰਧ ਕਟਾਇ ।੩੭੨। ॥ਦੋਹਰਾ॥

ਜਗ ਪ੍ਰਸੰਨਤਾ ਜਿਨ ਲਈ, ਭਏ ਸਾਧ ਸਿਧ ਪੀਰ।
ਇਤ ਕਰ ਭੀ ਏਕੈ ਭਏ, ਪ੍ਰਭੂ ਜੀਅ ਸੁਨ ਬੀਰ।

Digitized by Panjab Digital Library | www.panjabdigilib.org

॥ ਚੌਪਈ ॥ ਪ੍ਰਥਮ ਏਕਤਾ ਏਹੀ ਭਾਖੀ। ਦੂਸਰ ਏਕਤਾ ਆਗੇ ਰਾਖੀ। ਜਬ ਲਗ ਦੋਇ ਗਤਿ ਜੀਅ ਮਹਿੰ ਆਹੀ। ਇਤ-ਕਰ ਜੀਵ ਕਹੀਵੇ ਤਾਂਹੀਂ। ਸੂਖ ਦੂਖ ਮਾਨ ਅਪਮਾਨਾ। ਹਰਖ ਸੋਗ ਨਿੰਦ ਉਸਤਤ ਠਾਨਾ। ਲਾਭ ਅਲਾਭ ਅਰ ਕੜੂਆ ਮੀਠਾ। ਜਨਮ ਮਿਰਤ ਪੰਚਾਇਣ ਪੀਠਾ। ਸੰਤ ਸੰਗ ਮਿਲ ਸਾਧਨ ਸਾਧੇ। ਤਬ ਸਭ ਛੂਟਹਿੰ ਜੀਅ ਇਹ ਬਾਧੇ।੩੭੩।

॥ ਦੋਹਰਾ ॥

ਜੋ ਪ੍ਰਿਥਮੇ ਹੇਲਤ ਹਿਲੀ, ਸੋ ਸਭ ਦੇਹਿ ਬਿਸਾਰ।
ਗਹ ਲੇਵਹੁ ਸੰਤ ਚਾਲੀਆਂ, ਤੱਤ ਨਿਜ ਰੂਪ ਨਿਹਾਰ।

॥ ਚੌਪਈ ॥ ਏਕ ਰੂਪ ਜੀਆਂ ਕੋ ਮੁਲੰਮਾ। ਪੀਛੇ ਬਰਨ ਆਇ ਜੋ ਹੰਮਾ। ਦੂਸਰ ਰੂਪ ਜੀਅ ਕੋ ਅਸਲੀ। ਪਾਵੈ ਸੰਤਨ ਕੇ ਸੰਗ ਬਸਲੀ। ਆਤਮ ਧਰਮ ਅਸਲ ਕੋ ਨਾਮ। ਸਾਧੇ ਸਾਧਨ ਪਾਵੇ ਰਾਮ। ਜਿਉਂ ਤਾਂਬਾ ਸਾਧਨ ਮਹਿੰ ਆਵੇ। ਮੁਹਰੇ ਤੇ ਅੰਮ੍ਰਿਤ ਹੋਇ ਜਾਵੇ। ਨਿਹ ਕਲੰਕ ਜਿਉ ਪਾਰਾ ਹੋਵੈ। ਸਾਧਨ ਸਾਧ ਸੂਬ ਰੋਗਹ ਖੋਵੈ।੩੭੪।

॥ ਦੋਹਰਾ ॥

ਜੋ ਸਾਧਨ ਮਹ ਆਵਹੈ, ਹੋਇ ਅਵਰ ਕੋ ਅਉਰ।
ਧਰਤੀ ਫਲੇ ਅਨੰਤ ਫਲ, ਦੁਧ ਮਾਖਨ ਹੋਇ ਬਿਲੋਰ।

॥ ਚੌਪਈ ॥ ਤੈਸੇ ਜੀਅ ਸਾਧਨ ਮਹਿੰ ਆਵੇ। ਤਬ ਇਹੁ ਆਤਮ ਧਰਮ ਕਉਂ ਪਾਵਹਿ। ਆਤਮ ਧਰਮ ਸੁ ਕਉਨ ਕਹੀਜੇ। ਤਾਂਕਾ ਨਿਰਨਾ ਅਬ ਸੁਨ ਲੀਜੇ। ਸੁਆਧੀਨ ਅਨੰਦੀ ਸਦਾ। ਸਾਂਤ ਸਹਜ ਮਨ ਮਹਿੰ ਅਹਿ ਲੱਦਾ। ਅਨਭੈ ਜਾਣ ਜਗੈ ਘਟ ਮਾਂਹੀ। ਸਭ ਸੁਖ ਪੂਰਨ ਊਨ ਕਛ ਨਾਹੀ। ਤਨ ਕਉਂ ਕੁੰਜ ਨਿਆਈ ਜਾਨੇ। ਚੇਤਨ ਗਾਤ ਅਪਨਾ ਪਹਿਚਾਨੇ।੩੭੫।

Digitized by Panjab Digital Library | www.panjabdigilib.org

ਮਨ ਸੁਭਾਵ ਸੁ ਉਠ ਗਏ, ਹਰਿ ਰਸ ਮਾਹਿ ਕਲੋਲ।
ਆਤਮ ਧਰਮ ਹੈ ਨਾਮ ਇਹ, ਸੰਤ ਕਹੈਂ ਸਭ ਖੋਲ੍ਹ।

॥ ਚੌਪਈ ॥ ਜੋ ਗੁਨ ਪ੍ਰਭ ਕੇ ਸੇ ਗੁਨ ਸੰਤ। ਦੂਸਰ ਇਕਤਾ ਇਹੁ ਕਹੰਤ। ਜਿਉਂ ਜਲ ਕੇ ਹਹਿ ਦੋਇਂ ਸੁਭਾਈ। ਮੈਲਾ ਨਿਰਮਲ ਦੋਨੋ ਭਾਈ। ਜਬ ਨਿਰਮਲ ਤਬ ਜਲ ਹੀਂ ਨਾਮੁ।ਜਬ ਮੈਲਾ ਘਟ ਨਾਮ ਨ ਠਾਮ। ਮੈਲਾ ਨਿਰਮਲ ਦੋਨੋ ਜੱਲ। ਤੈਸੇ ਜੀਆਂ ਪ੍ਰਭ ਕੀ ਗੱਲ। ਜਬ ਜੀਅ ਦਸ਼ਾ ਤਬ ਹੀਂ ਪ੍ਰਭ ਕਹੀਐ। ਜਬ ਭਇਓ ਪ੍ਰਭੁ, ਪ੍ਰਭੂ ਸ਼ੁਧ ਲਹੀਐ ॥ ੩੭੬ ।

॥ ਦੋਹਰਾ ॥

ਜਗ ਕਉਂ ਜੋ ਪ੍ਰਭ ਕਹਤ ਹਹਿੰ, ਇਹ ਬਿਧ ਪੂਰਾ ਬਾਦ।
ਅਉਰ ਬਾਦ ਜੋ ਰਚਤ ਹਹਿੰ, ਤਿਹ ਨਿਰਨੇ ਸੁਨੁ ਸੁਆਦ।

॥ ਚੌਪਈ । ਇਹ ਬਾਦ ਜੋ ਬਾਦੀ ਗਹਤੇ। ਜੀਉ ਸਮ-ਰੱਥ ਇਕ ਪਰਾ ਧੀਨ ਕਹਤੇ। ਇਹੁ ਬਾਦ ਭੀ ਉਨ ਕਾ ਪੂਰਾ। ਸਮਝੇ ਤੇ ਕੋਊ ਰਹੈ ਨ ਊਰਾ। ਕਿਹ ਬਿਧ ਜੀਅ ਸਮਰੱਥ ਕਹੀਜੈ। ਪਰਾਧੀਨ ਕਿਉਂ ਕਰ ਸੁਨ ਲੀਜੈ। ਜਿਉ ਪਾਤਸ਼ਾਹ ਅਮੀਨ ਪਠ ਦੇਵੈ। ਅਮੀਨ ਹੁਕਮ ਸ਼ਾਹੁ ਬਲ ਸਿਉ ਲੇਵੈ। ਦੇਵੈ ਸ਼ਾਹੁ ਲਾਖ ਤਿਹ ਗ੍ਰਾਮਾ। ਲਸ਼ਕਰ ਕਟਕ ਸਹੰਸ ਦੇ ਦਾਮਾ ॥ ੩੭੭ ॥

॥ ਦੋਹਰਾ ॥

ਪ੍ਰਥਮ ਅਮੀਨ ਕਉਂ ਹੁਕਮ ਦੇ, ਪਾਛੈ ਲੇਇ ਹਿਸਾਬ।
ਜਿਉਂ ਜਿਉਂ ਕਹੂੰ ਓਹ ਬਰਤਿਆ, ਸਕਲਾ ਦੇਇ ਜਬਾਬ।

॥ ਚੌਪਈ ॥ ਨੀਤ ਅਨੀਤ ਕਹੂੰ ਜਉਂ ਬਰਤੇ। ਢੂੰਢ ਤਪਾ-ਵਸ ਤੇਸ ਓਇ ਕਰਤੇ। ਪ੍ਰਥਮ ਹੁਕਮ ਬਲ ਦੇਇ ਸੁਲਤਾਨਾ। ਪੀਛੇ ਲੇਇ ਹਿਸਾਬ ਸੁਜਾਨਾ। ਦੁਹੂੰ ਪ੍ਰਕਾਰ ਅਮੀਨ ਹੋਇ ਗਇਆ ਸਮਰੱਥ ਪਰਾ ਧੀਨ ਭੀ ਭਇਆ। ਇਤ ਸਮਰੱਥ ਹੁਕਮ ਬਲ ਧਰੈ।

Digitized by Panjab Digital Library | www.panjabdigilib.org

ਪਰਾਧੀਨ ਇਤ ਕਰ ਉਨ ਸਿਰੈ। ਤਿਲ ਤਿਲ ਲੇਖਾ ਲੇਇ ਸੁਲ-
ਤਾਨਾ। ਇਤ ਕਰ ਪਰਾਧੀਨ ਓਹ ਜਾਂਨਾ।੩੭੮।

॥ ਦੋਹਰਾ ॥

ਤਾਤ ਪਰਜ ਇਨ ਇਹੁ ਹੈ, ਜੋ ਮੈ ਕਹਿਆ ਬ੍ਰਿਤੰਤ।
ਪਰਾਧੀਨ ਸਮਰੱਥ ਜੀਉ, ਇਹੁ ਬਿਧ ਮੋਹ ਕਹੰਤ।

॥ਚੌਪਈ॥ ਸ਼ਾਹ ਭਗਵੰਤ ਜੀਉ ਆਮੀਨਾ। ਬੁਧ ਹੁਕਮ
ਬਲ ਦੀਉ ਪ੍ਰਬੀਨਾ। ਬੁਰਾ ਭਲਾ ਪਹਿਚਾਨ ਪਛਾਨੈ। ਏਹੁ ਹੁਕਮ
ਬਲ ਦੀਆ ਸੁਜਾਨੈ। ਪਰਗਣਾ ? ਜਗਤ ਮਾਹਿ ਪਠਦੀਨਾ।
ਇੰਦ੍ਰੀ ਲਸ਼ਕਰ ਕਰੇ ਅਧੀਨਾ। ਦਾਂਮ ਸੁਆਸ ਜਨਮ ਆਮੋਲ।
ਜੋ ਕਛਕਰੈ ਸੁ ਹੋਇ ਨਿਰੋਲ। ਕਰਮ ਅਕੱਰਮ ਕਰੇ ਸੁਭ ਕਰਮ।
ਜੋ ਖੋਲੈ ਸੋ ਪਾਵੈ ਮਰਮ ॥੩੭੯॥

॥ ਦੋਹਰਾ ॥

ਇਹੁ ਬਿਧ ਜੀਉ ਸਮਰੱਥ ਭਇਆ, ਪਰਾਧੀਨ ਇਉਂ ਮੀਤ।
ਜੋ ਕਿਛ ਕਰੈ ਸੁ ਪੂਛੀਐ, ਲੇਖਾ ਨੀਤ ਅਨੀਤ।

॥ ਚੌਪਈ ॥ ਲੇਖੇ ਪਰ ਧਰਮ ਰਾਇ ਬੈਠਾਇਆ। ਲੇਖੇ
ਪਰ ਨਰਕ ਸੁਰਗ ਰਚਾਇਆ। ਲੇਖੇ ਪਰ ਚਉਰਾਸੀ ਬਨੀ।
ਲੇਖਾ ਕਰ ਹੋਇ ਰੰਕ ਅਰਧੱਨੀ। ਲੇਖਾ ਕਰ ਹੋਇ ਭੋਗੀ ਰੋਗੀ।
ਲੇਖਾ ਲੀਜੈ ਸਿੱਧ ਮੁਨ ਜੋਗੀ। ਇਹ ਬਿਧ ਪਰਾਧੀਨ ਜੀਉ
ਕੀਆ। ਦੋਨੋ ਕੋ ਅਬ ਨਿਰਨਉਂ ਥੀਆ। ਇਹ ਬਿਧ ਏਹ ਬਾਦ
ਭੀ ਸਾਚਾ। ਆਗੇ ਅਉਰ ਬਾਦ ਲੇ ਰਾਚਾ।੩੮੦।

॥ ਦੋਹਰਾ ॥

ਇਹ ਬਾਦ ਬਾਦੀ ਰਚਹਿੰ, ਚੇਤਨ ਸਦਾ ਅਲਿੱਪਤ।
ਗੁਨ ਸਿਉਂ ਗੁਨ ਮਿਲ ਬਰਤਤੇ ਇੰਦ੍ਰੀ ਬਿਖੇ ਅਸ਼ੱਕਤ।

॥ ਚੌਪਈ ॥ ਇਹ ਬਾਦ ਭੀ ਪੂਰਾ ਮਾਨਉਂ।ਤਿਹ ਨਿਰਨਾ

Digitized by Panjab Digital Library | www.panjabdigilib.org

ਅਬ ਸੁਨੋਂ ਬਖਾਨਉਂ । ਜਿਉਂ ਜਲ ਰੰਗ ਅਨੰਤ ਕਉਂ ਧਾਰੇ । ਜਲਪਨ ਤਾਂਕਾ ਸਦਾ ਨਿਰਾਰੈ । ਸਰਬੱਤ ਰੰਗ ਅਰ ਮੈਲਾ ਹੋਈ । ਨਿਰਮਲ ਕਾਰਨ ਤਾਕਾਂ ਸੋਈ। ਮਿਲਣ ਦ੍ਰਵਣ ਤਿਹ ਹੋਇ ਨ ਨਾਸਾ । ਜਲ ਪਣ ਅੰਗ ਸਦਾ ਅਬਿਨਾਸਾ । ਤਿਉ ਸੁਨ ਲੇਵਹੁ ਇਹ ਬਿਰਤੰਤ । ਚੇਤਨ ਸਦਾ ਅਲਿਪਤ ਰਹੰਤ ।੩੯੧।

॥ ਦੋਹਰਾ ॥

ਕਾਰਨ ਜਿਸਕਾ ਊਜਲਾ, ਧੋਇ ਊਜਲ ਸੋ ਹੋਇ ।
ਜਿਉਂ ਕਰ ਰੰਗ ਬਿਰੰਗ ਹੋਇ, ਭੀ ਸੁਧਿ ਹੋਵੈ ਸੋਇ ।

॥ ਚੌਪਈ ॥ ਤੈਸੇ ਚੇਤਨ ਗੁਨ ਮਹਿ ਬਰਤੇ । ਇੰਦ੍ਰੀ ਭੋਗ ਵਿਖੇ ਪ੍ਰਵਰਤੇ । ਚੇਤਨ ਅਸਰ ਤਿਨ ਹੋਇ ਨ ਨਾਸਾ । ਅੰਤ ਅੰਗ ਇਨਕਾ ਅਬਿਨਾਸਾ । ਪਸ ਪੰਖੀ ਸੈਲ ਹੋਇ ਕੀਰਾ । ਤਉਂ ਭੀ ਇਨ ਅੰਗ ਅਸਥਿਰ ਬੀਰਾ। ਇਹ ਬਿਧ ਚੇਤਨ ਸਦਾ ਅਲਿੱਪਤਾ । ਗੁਨ ਸਿਉਂ ਗੁਨ ਮਿਲ ਬਰਤੈ ਜਗਤਾ। ਇਨਕਾ ਉਤ੍ਰ ਅਉਰ ਭਿ ਭਾਈ । ਸੋ ਤੁਮ ਕਉਂ ਦੇਵਹੁੰ ਸਮਝਾਈ ।੩੯੨।

॥ ਦੋਹਰਾ ॥

ਗੁਨ ਸਿਉਂ ਗੁਨ ਮਿਲ ਬਰਤਤੇ, ਚੇਤਨ ਸਦਾ ਅਲਿਪਤ ।
ਗਿਆਨੀ ਬਾਤ ਇਹੁ ਜਾਨੀਐ, ਵਰਤੇ ਸਦਾ ਅਵਰਤ ।

॥ ਚੌਪਈ ॥

ਕਿਹ ਬਿਧ ਵਰਤ ਅਵੱਰਤ ਗਿਆਨੀ । ਗੁਨ ਸਿਉਂ ਗੁਨ ਮਿਲ ਬਰਤਨ ਠਾਨੀ । ਗਯਾਨੀ ਚੇਤਨ ਸਦਾ ਨਿਰਾਰਾ । ਤਿਹ ਨਿਰਨੇ ਅਬ ਕਰਉਂ ਉਚਾਰਾ । ਗਿਆਨੀ ਪਦ ਅਬ ਬਰਨ ਬਖਾਨਉਂ । ਪਦ ਕੇ ਮਧ ਉਤ੍ਰ ਬਿਚ ਆਨਉ । ਗਿਆਨੀ ਪਦ ਹੈ ਐਸਾ ਮੀਤਾ। ਤਿਹੁ ਦ੍ਰਿਸ਼ਟਾਂਤ ਇਹ ਬਰਨਨ ਕੀਤਾ। ਜਉਂ ਨਉਕਾ ਪਰ ਬੈਸੇ ਕੋਈ । ਛੋਡ ਦੇਇ ਲੰਮੇ ਤੇ ਸੋਈ ।੩੯੩।

Digitized by Panjab Digital Library | www.panjabdigilib.org

॥ ਦੋਹਰਾ ॥

ਚਲਿਆ ਜਾਇ ਸੈ ਕੋਸ ਪਰ, ਦੇਖੈ ਨਾਨਾ ਰੰਗ।
ਦੇਸ ਗ੍ਰਾਮ ਦੇਖੈ ਸਕਲ, ਕਛੂਐ ਰਹੇ ਨ ਭੰਗ।

॥ ਚੌਪਈ ਚਲਿਆ ਅਨ ਚਲਿਆ ਓਹ ਜਾਨਉਂ। ਦੋਨੋ ਨਿਰਨਉਂ ਅਬੈ ਬਖਾਨਉ। ਚਲਿਆ ਇਤ ਸੈ ਕੋਸ ਕਉਂ ਗਇਆ।ਅਨ ਚਲਿਆ ਇਕ ਪਗ ਨਹਿ ਦਇਆ ? ਤੈਸੇ ਸੁਨਉਂ ਗਿਆਨੀ ਬਾਨੀ। ਨਾਉ ਕੇ ਚੜ੍ਹਨ ਹਾਰ ਨੀਸ਼ਾਨੀ।ਅਲਿਪਤਾ ਨਉਕਾ ਜਗ ਹੈ ਨਦੀ। ਚੜ੍ਹਨ ਹਾਰ ਗਿਆਨੀ ਮਧ ਸਦੀ। ਮਾਇਆ ਰੰਗ ਚਰਿਤ੍ਰ ਜਗ ਤੀਰਾ। ਦ੍ਰਿਸੈ ਗਯਾਨੀ ਧਰ ਸੰਕ ਨ ਬੀਰਾ।੩੯੪।

॥ ਦੋਹਰਾ ॥

ਮਾਇਆ ਰੰਗ ਅਪਾਰ ਜਗ, ਭੋਗੈ ਗਿਆਨੀ ਸੰਤ।
ਗੁਨ ਸੇ ਗੁਨ ਮਿਲ ਬਰਤ ਤੇ, ਗਯਾਨੀ ਸਦਾ ਇਕੰਤ।

॥ ਚੌਪਈ ॥ ਗੁਨ ਸੇ ਗੁਨ ਕਿਹ ਬਿਧ ਬਰਤਾਏ। ਤਾਸ ਭੇਦ ਅਬ ਦੇਉਂ ਸੁਨਾਏ। ਤਗ ਜੁ ਭਇਆ ਗਯਾਨ ਕਰ ਭਇਆ। ਗਯਾਨ ਸੁਆਦ ਅਦਭੁਤ ਜਿਨ ਲਇਆ। ਤਿਹ ਸੁਆਦ ਕੇ ਸਮ ਸਰ ਭਾਈ। ਅਵਰ ਸੁਆਦ ਕੋ ਲਵੈ ਨ ਲਾਈ।ਮਾਇਆ ਸੁਆਦ ਸਭ ਫੀਕੇ ਜਾਨਤ। ਗਿਆਨ ਸੁਆਦ ਗਿਆਨੀ ਪਹ-ਚਾਨਤ। ਸੋ ਸਵਾਦ ਸਦ ਗਿਆਨੀ ਲੇਵਤ। ਉਨ ਤਜ ਇਤ ਉਤ ਚੀਤ ਨ ਦੇਵਤ।੩੯੫।

। ਦੋਹਰਾ।

ਇਤ ਉਤ ਚੀਤ ਨ ਦੇਵਤੇ, ਤਾਂਹਿ ਅਰਥ ਇਹੁ ਮੀਤ।
ਗਯਾਨ ਸਮਾਨ ਨ ਸੁਆਦ ਅਵਰ, ਜਾਨਤ ਅਪਨੇ ਚੀਤ।

॥ ਚੌਪਈ ॥ ਗਯਾਨ ਸਵਾਦ ਗਯਾਨੀ ਚਾਖਾਈ। ਬਰਤਹਿੰ ਜਗ ਮਹ ਸਹਜ ਸੁਭਾਈ। ਸਹਜ ਸੁਭਾਇ ਜੁ ਰਾਜ ਜੁਰ ਪਰੈ। ਤਉਂ ਭੀ ਗਯਾਨੀ ਤਿਆਗ ਨ ਕਰੈ। ਸਹਜ ਸੁਭਾਇ

Digitized by Panjab Digital Library | www.panjabdigilib.org

ਹੋਵਹਿ ਬਨਵਾਸਾ। ਉਨਹੀਂ ਮਹਿੰ ਸਿ ਪਰਮ ਬਿਲਾਸਾ। ਸਹਜ ਸੁਭਾਇ ਜੁਰਹਿੰ ਬਹੂੰ ਚੇਲੇ। ਤਉ ਭੀ ਗਿਆਨੀ ਸਹਜ ਮਹਿੰ ਖੇਲੇ। ਸਹਜ ਸੁਭਾਇ ਜਉਂ ਕੋਊ ਨ ਬੰਦੇ। ਤਉਂ ਭੀ ਗਯਾਨੀ ਨਾਹਿ ਨ ਰੱਦੇ।੩੯੬। ॥ ਦੋਹਰਾ ॥

ਰਾਗ ਅਰ ਦੋਖ ਅਰ ਬਿਧ ਨਿਖੇਧ, ਗਿਆਨੀ ਦੀਨੀ ਡਾਰ।
ਪ੍ਰਾਰਬਧ ਸਰੀਰ ਕੀ, ਦਾਸੀ ਸਮਝੀ ਯਾਰ।

॥ ਚੌਪਈ ॥ ਗਯਾਨੀ ਦੋਹੂੰ ਤਮਾਸ਼ਾ ਦੇਖੇ। ਸਰੀਰ ਪ੍ਰਾਰਬਧ ਅਖਾੜਾ ਪੇਖੇ। ਜਿਉ ਬਨ ਪਰੈ ਤਿਵੈ ਓਹ ਕੁਸਲੀ ਹਉਮੈ ਤ੍ਰਿਸ਼ਨ ਅਰ ਮਨਸਾ ਮੁਸਲੀ। ਦੇਖਨ ਕਉਂ ਜਗ ਨਿਆਈਂ ਦਰੱਸੀਅਤ। ਮਨ ਉਨ ਔਰ ਠੌਰ ਹੈ ਬੱਸੀਅਤ। ਕਰ ਸਿਉਂ ਗਹਹਿੰ ਪਾਉਂ ਸਿਉਂ ਧਾਵਹਿੰ। ਜਿਹਵ ਸਿਉਂ ਬੋਲਨ ਮਹ ਆਵਹਿੰ। ਨੈਨਹਿੰ ਦੇਖ ਸਪਰਸਹਿੰ ਪਰਸੈਂ। ਕਾਨ ਸਨੈਂ ਸੁੰਘ ਨਾਕ ਸਿਉਕਰਸਹਿੰ।੩੯੭। ॥ ਦੋਹਰਾ ॥

ਖੱਟੇ ਮਿਠੇ ਚੱਰ ਚਰੇ, ਜਿਹਵਾ ਲੇਤੇ ਸੁਆਦ।
ਖਾਵਹਿੰ ਪਹਿਰਹਿੰ ਜਗਤ ਜਿਉਂ, ਮਨ ਮਹਿੰ ਹੋਇ ਅਹਲਾਦ।

ਚੌਪਈ। ਜਿਹ ਜਿਹ ਇੰਦ੍ਰੀ ਕੀ ਹੋਇ ਬਿਖੈ ਸੋ ਇੰਦ੍ਰੀ ਬਿਖੈ ਅਪਨੀ ਚੱਖੈ। ਨੈਨ ਰੂਪ ਦੇਖਹਿੰ ਪੈ ਦੇਖਹਿੰ। ਤਾਮਹਿੰ ਰਾਗ ਦ੍ਵੈਖ ਨਹ ਪੇਖਹਿੰ। ਕਾਨ ਸ਼ਬਦ ਸੁਨਹਹਿੰ ਪੈ ਸੁਨਹਹਿੰ। ਸੁਨ ਕਰ ਗਯਾਨੀ ਮਨ ਨਹੀਂ ਮਨਹਹਿੰ। ਜੀਭ ਸਾਦ ਕਉਂ ਚਾਖੇ ਚਾਖੇ। ਤਾ ਸਿਉਂ ਹੇਤ ਨ ਗਯਾਨੀ ਰਾਖੇ। ਬੋਲਨ ਚਾਲਨ ਗਹਨ ਜਉਂ ਹੋਈ। ਬਿਨ ਬਿਚਾਰ ਨ ਕਰ ਹੈਂ ਸੋਈ।੩੯੮।

॥ ਦੋਹਰਾ ॥

ਜਿਉ ਪੀਪਰ ਪਾਤ ਹਰਾਤ ਹੈ, ਛਾਡਹਿੰ ਨਾਹੀਂ ਠਉਰ।
ਤੈਸੇ ਗਯਾਨੀ ਕਰ ਸਕਲ, ਮਨ ਨਿਜ ਰੂਪਹਿੰ ਅਉਰ।

Digitized by Panjab Digital Library | www.panjabdigilib.org

॥ ਚੌਪਈ ॥ ਮਾਨਹਿੰ ਬ੍ਰਾਹਮਣ ਮਾਨਹਿੰ ਖਾਤੀ। ਮਾਨਹਿੰ ਰੰਗ ਰੂਪ ਸਭ ਜਾਤੀ। ਮੇਰਾ ਤੇਰਾ ਧਰ ਹੈਂ ਗਿਆਨੀ। ਮਾਇ ਮਾਇ ਤ੍ਰਿਅ ਤ੍ਰਿਅ ਬਖਾਨੀ।ਗੁਨ ਸਿਉ ਗੁਨ ਮਿਲ ਬਰਤਹਮੀਤਾ। ਗਿਆਨੀ ਸਦਾ ਅਲੇਪੀ ਚੀਤਾ। ਇੰਦ੍ਰੀ ਬਿਖੇ ਅਪਨੀ ਕਉਂ ਲੇਵਤ। ਗਿਯਾਨੀ ਤਾਮਹਿੰ ਚੀਤ ਨ ਦੇਵਤ। ਗੁਨ ਸਿਉਂ ਗੁਨ ਮਿਲ ਬਰਤਹਿੰ ਇਹ ਬਿਧ। ਇਹੁ ਬਾਦਭੀ ਹੂਆ ਇਮ ਸਿੱਧ। ।੩੮੯।

॥ ਦੋਹਰਾ ॥

ਤੁਮਹਿੰ ਜੁ ਪ੍ਰਸ਼ਨ ਕੀਆ ਥਾ, ਹਾਥ ਕਿਸੇ ਹੈ ਬਾਤ।
ਜੋ ਕਿਛ ਕਰੈ ਸੁ ਪ੍ਰਭ ਕਰੈ,ਕੈ ਜੀਉ ਕਰੇ ਹੈ ਤਾਤ ?

॥ ਚੌਪਈ ॥ ਬਹੁਰ ਤੁਮਹਿੰ ਏਹ ਬਾਤ ਉਚਾਰੀ। ਕਈ ਇਕ ਕਹਹਿੰ ਜੀਅ ਪ੍ਰੇਰਕ ਮੁਰਾਰੀ। ਕੋਈ ਇਕ ਕਹਹਿੰ ਨ ਪ੍ਰੇਰਕ ਕੋਈ। ਜਉਂ ਜੀਅ ਕਰੇ ਸੁ ਨਿਸਚਉ ਹੋਈ।ਸੋ ਸੁਬ ਪ੍ਰਕਾਰ ਤੁਮ ਉਤ੍ਰ ਦੀਆ। ਸੁਨਿਆ ਤੁਮਹਿੰ ਜੁ ਨਿਰਨਉਂ ਥੀਆ। ਪੈ ਕਛ ਅਉਰ ਭਿ ਉਤ੍ਰ ਆਇਆ। ਪੁਛਨ ਹਾਰ ਕਉਂ ਕਹਿ ਸਮਝਾਇਆ। ਅਰਥ ਸਿੱਧ ਮਹਿੰ ਰਾਖੀ।ਬਾਤ। ਇਕ ਧਿਰ ਕਹਨ ਨ ਬਨੈ ਗਿਆਤ। ੩੯੦।

। ਦੋਹਰਾ ।

ਜਉਂ ਕਹੀਐ ਸਭ ਪ੍ਰਭੂ ਹਾਥ, ਕਿਉ ਲੇਖਾ ਦੇਵੈ ਜੀਉ ?
ਜਉ ਕਹੀਐ ਹਥ ਜੀਉ ਸਭ,ਇਨ ਚਾਹਿਆ ਕਿਉ ਨਹ ਥੀਉ?

॥ ਚੌਪਈ ॥ ਤਾਂਤੇ ਹਾਥ ਸੰਧ ਕੁਛ ਰਾਖਾ। ਤਾਕੀ ਅਬ ਮੈਂ ਰਚ ਹੌਂ ਭਾਖਾ। ਜੀਅ ਪ੍ਰਭੂ ਕੋ ਅਰਥ ਕਿਆ ਕਰੀਐ। ਸੋ ਸੁਨ ਲੇ ਹਿਰਦੇ ਮਹਿੰ ਧਰੀਐ। ਜੀਉ ਅਲਪੱਗ ਬੇਦ ਸਭ ਗਾਵਹਿੰ। ਪ੍ਰਭ ਸਰਬੱਗ ਸਭ ਭਾਖ ਸੁਨਾਵਹਿੰ। ਅਲਪਗ ਬੂੰਦ ਸ੍ਵੱਗ ਸਮੁੰਦ੍ਰ। ਪ੍ਰਭੂ ਬੋਧ,ਜੀਅ ਕੀ ਬੁਧ ਛੁਦ੍ਰ। ਜੇਤੀ ਬੁਧਿ ਜੀਅ ਕਉਂ ਦੀਨੀ। ਤੇਤਾ ਸਮ੍ਰਥ ਜੀਉ ਭਿ ਕੀਨੀ। ੩੯੧।

Digitized by Panjab Digital Library | www.panjabdigilib.org

॥ ਦੋਹਰਾ ॥

ਪ੍ਰਭੂ ਰੂਪ ਚਿਤੰਨ ਹੈ,ਜੀਅ ਭਿ ਸਕਲ ਚਿਤੰਨ।
ਹਾਥ ਸਕਲ ਚੇਤੰਨ ਕੈ ਅਵਰ ਨ ਹਾਥਹਿੰ ਅੰਨ।

॥ ਚੌਪਈ ॥ ਜੇਤੀ ਬੁਧ ਜੀਆਂ ਮਹਿੰ ਪਾਈ।ਤੇਤੀ ਇਨਕੀ ਸ਼ਕਤਿ ਭਿ ਭਾਈ। ਬੁਧ ਸ਼ਕਤਿ ਮਿਲ ਕਰਮ ਜੁ ਕਰੈ । ਤੇ ਇਨਕੈ ਸਭ ਲੇਖੇ ਪਰੈ। ਜਥਾ ਬੁਧਿ ਸਿਉਂ ਲੇਖਾ ਲੀਜੈ । ਇਤ ਕਰ ਧਰਮ ਨਿਆਉਂ ਕਹੀਜੈ । ਬੁਧਿ ਹੀਂ ਪਰ ਲੇ ਰਾਚੇ ਬੇਦ। ਬੁਧਿ ਕਉ ਸੰਤ ਸੁਨਾਇ ਭੇਦ ।ਬੁਧਿ ਬਿਨਾ ਜੋ ਰਾਚੈ ਜੀਅ ਤਾਂਕਉ ਕਛੂ ਨ ਕਹਤੇ ਪੀਅ। ੩੯੨।

॥ ਦੋਹਰਾ ॥

ਲੇਨ ਨ ਦੇਵਨ ਤਾਹਿੰ ਕਾ,ਬੁਧਿ ਬਿਨਾ ਜੋ ਭੂਤ।
ਸ਼ੁਭ ਅਸ਼ੁਭ ਦੋਊ ਕਰਮ ਗਤਿ,ਉਨ ਕਉਂ ਨਾਹਿ ਛੁਹੀਤ।

॥ ਚੌਪਈ ॥ ਬੁਧਿ ਮਿਲਤ ਜੋ ਕਰਮ ਕਮਾਵੈ। ਬੁਰਾ ਭਲਾ ਪਹਿ ਚਾਨੇ ਪਾਵੈ। ਤਾਕਉਂ ਸ਼ੁਭ ਅਸ਼ੁਭ ਦੋਊ ਲਾਗਤ। ਤਿਆਗਤ ਨਾਹਿ ਜੁ ਚਹੈ ਤਿਆਗਤ। ਜੈਸੇ ਬਨਜ ਬਪਾਰ ਕੋਊ ਕਰੇ। ਹਾਨ ਲਾਭ ਤਿਹ ਅਟੱਲ ਨ ਟਰੇ। ਬਨਜ ਬਪਾਰ ਮਹਿ ਆਵੈ ਨਾਹੀ। ਹਾਨ ਨ ਲੇਇ ਪੈ ਲਾਭ ਭਿ ਨਾਹੀ। ਤਿਹ ਬੁਧ ਮਹਿ ਹੈ ਲਾਹਾ ਤੋਟਾ। ਗਤਿ ਅਵਗਤਿ ਹੋਇ ਖਰਾ ਭਿ ਖੋਟਾ। ੩੯੩।

॥ ਦੋਹਰਾ ॥

ਬੁਧਿ ਬਿਨਾ ਜੋ ਜੀਅ ਰਹੇ,ਗਤਿ ਅਵਗਤਿ ਨਹਿ ਜਾਹਿੰ।
ਨਰਕ ਨ ਜਾਵਹਿੰ ਜੜ ਬੁਧੀ,ਮੁਕਤਿ ਭਿ ਨਾ ਓਹ ਪਾਹਿੰ।

॥ ਚੌਪਈ ॥ ਨਰਕ ਮੁਕਤਿ ਇਹ ਬੁਧਿ ਹੀਂ ਜਾਵੈ। ਬੁਧਿ ਹੀਂ ਗਤਿ ਉਭੈ ਕਉਂ ਪਾਵੈ। ਜੀਅ ਬੁਧਿ ਇਉਂ ਰਾਚੀ ਪਿਆਰੇ। ਕਾਗਤ ਕੋਰ ਜਿਉਂ ਕੋਊ ਸਵਾਰੇ। ਜੋ ਉਨ ਪਰ

ਲਿਖੀਐ ਸੋ ਲਿਖੀਐ। ਬਿਦਿਆ ਬਾਲ ਸਿਖੈ ਸੋ ਸਿਖੀਐ। ਤੈਸੇ ਜੀਅ ਬੁਧਿ ਸਾਦੀ ਸਾਜੀ। ਜੋ ਖੇਲੈ ਸੋ ਖੇਲੈ ਬਾਜੀ। ਜਉਂ ਖੇਲੈ ਅਹੰਕਾਰ ਚਿਤਉਂਨੀ। ਤਉ ਭੋਗੈ ਨਰਕ ਔਰ ਭੋਗੈ ਜੋਨੀ।੩੯੪।

॥ ਦੋਹਰਾ ॥

ਜਉ ਖੇਲੈ ਯਹ ਖੇਲ ਇਹੁ, ਹਉਂ ਨਾਹੀ ਮੈ ਨਾਹਿ।
ਤਉਂ ਪਾਵੈ ਯਹ ਮੁਕਤਿ ਕਉਂ, ਲੇਖਾ ਕੋ ਨ ਦੁਸਾਹਿ।

॥ ਚੌਪਈ ॥ ਹਉਮੈ ਮੇਰੀ ਜਬ ਮਿਟ ਗਈ। ਤਬ ਸਭ ਬ੍ਰਹਮ ਬ੍ਰਹਮ ਹੀਂ ਮਈ। ਹਉਮੈ ਸਿਉਂ ਹੀਂ ਲੀਜੈ ਲੇਖਾ। ਹਉਮੈ ਜਾਇ ਨਰਕ ਕਉਂ ਦੇਖਾ। ਨਰਕ ਸੁਰਗ ਹਉਮੈ ਕਉਂ ਮਿਲ ਹੈ। ਹਉਮੈ ਹੋਵੈ ਹਉਮੈ ਖਿਲ ਹੈ। ਹਉਮੈ ਕਰ ਯਹ ਜੀਉ ਕਹਾਵੈ। ਹਉਮੈ ਕਰ ਦੁਤੀਆ ਹੋਇ ਜਾਵੈ। ਪ੍ਰਭ ਸੋਂ ਭਿੰਨ ਜੋ ਜੀਅ ਪਦ ਕਹੀਐ। ਸੋ ਹਉਮੈ ਕਰਿ ਮਿਲ ਸਦ ਲਹੀਐ। ੩੯੫।

॥ ਦੋਹਰਾ ॥

ਹਉਮੈ ਕਰੈ ਜਾਂ ਸਿਉਂ ਕਰੈ, ਜੋ ਇਹੁ ਕਰੈ ਸੁ ਹੋਇ।
ਤਾਂਤੇ ਜੀਉ ਸਮਰੱਥ ਕਹਿਆ, ਯਾ ਮੈ ਭੇਦ ਨਾ ਕੋਇ।

॥ ਚੌਪਈ ॥ ਆਪਹੁ ਹਉਮੈ ਤਜੈ ਨ ਰਾਈ। ਨਹ ਆਪਹੁੰ ਇਹੁ ਸ਼ਿਉ ਪਦ ਪਾਈ। ਕਰੈ ਬੇਨਤੀ ਹਉਮੈ ਮੇਟੈ। ਹੋਵੈ ਦਾਸ ਸੰਤਨ ਸਿਉਂ ਭੇਟੈ। ਕਰੈ ਉਪਾਵ ਮੁਕਤਿ ਕੇ ਕਾਰਨ। ਇਨ ਉਪਾਵ ਪ੍ਰਭ ਕਾਜ ਸਵਾਰਨ। ਚਿੰਤਾ ਬਿਰਹਿੰ ਅਗਨ ਤਨ ਜਾਰੈ। ਤਬ ਪ੍ਰਭ ਕਉ ਮਿਲ ਜਾਇ ਪਿਆਰੇ। ਪੂਰਬ ਭਾਗ ਸੰਤਨ ਕੋ ਸੰਗ। ਕਰਿ ਅਰਦਾਸ ਸਹਾਇ ਸਰਬੰਗ। ੩੯੬।

॥ ਦੋਹਰਾ ॥

ਸਭਹੂੰ ਮਿਲ ਕਾਰਜ ਸਰੈ, ਪ੍ਰਭ ਕਉਂ ਪਾਵੈ ਮੀਤ।
ਰਚੀ ਖੇਲ ਸਭ ਜੀਵ ਇਹੁ, ਜਿਉਂ ਪ੍ਰਭ ਭਾਇਆ ਚੀਤ।

Digitized by Panjab Digital Library | www.panjabdigilib.org

॥ ਚੌਪਈ ॥ ਆਦ ਅੰਕੂਰ ਜਿਉਂ ਪ੍ਰਭ ਜੀ ਰਾਖਾ । ਤਿਉਂ ਅਬ ਊਗਹਿ ਦੇਖਹਿੰ ਸ਼ਾਖਾ । ਸਕਲ ਜੀਅ ਜੋ ਅਬ ਕਛ ਕਰਤੇ ਆਦਿ ਡੋਰੀ ਸਿਉਂ ਚਲਤੇ ਫਿਰਤੇ । ਸਭ ਕੋ ਪ੍ਰੇਰਕ ਪ੍ਰਭ ਕੋ ਲੇਖ। ਉਨ ਬਿਨ ਕੋਇ ਨ ਪ੍ਰਾਨੀ ਪੇਖ । ਇਕ ਅਭੱਗਤ ਇਕ ਭਗਤੀ ਲਾਗੈ । ਇਕ ਸੂਤੇ ਇਕ ਸਤਸੰਗ ਜਾਗੈ । ਇਕ ਰਾਜੇ ਇਕ ਰੰਕਾ ਬਨੇ । ਅਮਿਤ ਪ੍ਰਕਾਰ ਜੋ ਦੇਖੀਅਹਿ ਜਨੇ ।੩੯੭ ।

॥ ਦੋਹਰਾ ॥

ਪ੍ਰੇਰਕ ਜੋ ਜਨ ਪ੍ਰਭ ਕਹਤ, ਸਰਬ ਜੀਅ ਕੇ ਆਪ ।
ਤੋ ਭੀ ਸਾਚੇ ਇਹ ਪ੍ਰਕਾਰ, ਜਿਉਂ ਕਹਿਆ ਹੈ ਅਲਾਪ ।

॥ ਚੌਪਈ ॥ ਜੀਅ ਮਾਹਿ ਜੋ ਬੁਧ ਪ੍ਰਭ ਪਾਈ । ਤਿਹ ਬੱਲ ਕਰੈ ਜੁ ਕੀਆ ਜਾਈ । ਜਥਾ ਬੁਧ ਜੀਉ ਸਮਰਥ ਕੀਆ ਦੋਨੋ ਕੇ ਅਬ ਨਿਰਨਉਂ ਥੀਆ । ਜੋ ਜਨ ਕਹਤਿ ਜੀਓ ਸਮਰੱਥ ਬਨਾ । ਇਹੁ ਪ੍ਰਕਾਰ ਸਾਚੇ ਵਹੁ ਜਨਾ । ਸੰਤ ਉਤ੍ਰ ਇਹ ਜਨ ਕਉਂ ਦੀਆ। ਸੁਨ ਸੁਨ ਜਨ ਪ੍ਰਸੰਨ ਬਹੁ ਥੀਆ।੩੯੬ ਅਉਰ ਬਾਤ ਸੁਨ ਹਰਿ ਜਨ ਭਾਈ। ਤਾਹਿ ਦੇਉਂ ਅਬ ਤੋਹਿ ਸੁਨਾਈ । ੩੯੮।

॥ ਦੋਹਰਾ ॥

ਇਕ ਦਿਨ ਹਰਿ ਜਨ ਬੋਲਿਆ, ਬਾਤ ਕਹੀ ਇਓਂ ਤਾਹਿੰ ।
ਜਗਿਆਸੀ ਕੀ ਇਹ ਗਤਿ, ਬਿਸਮ ਰਹੇ ਸਦ ਆਹਿ ।

॥ ਚੌਪਈ ॥ ਮਾਇਆ ਕਉ ਓਹ ਸਤ ਨਾ ਜਾਨੇ । ਨਾ ਮਾਇਆ ਆਸਤ ਪਛਾਨੇ । ਜਿਉਂ ਸਉਂ ਜਾਵੈ ਦਿਨ ਮਹਿ ਕੋਈ। ਸਮੇ ਸੰਧਿਆ ਜਾਗੇ ਸੋਈ । ਮਨ ਮਹਿੰ ਤਾਹਿੰ ਚਿਤਵਨਾ ਭਈ । ਪਰੀ ਸੰਧਿਆ ਕੇ ਪ੍ਰਭਾਤ ਹੋਇ ਗਈ ? ਨਹ ਸੰਧਿਆ ਤਾਂਕਉ ਓਹ ਜਾਨਤ । ਨਹ ਨਿਹਚਉ ਪ੍ਰਭਾਤ ਪਛਾਨਤ । ਰਹਿ ਹੈਰਾਨ ਅਪਨੇ ਮਨ ਮਾਹੀ।ਜਗਿਆਸੀ ਕੀ ਭੀ ਗਤਿ ਇਨ ਮਾਂਹੀ।੩੯੯।

Digitized by Panjab Digital Library | www.panjabdigilib.org

॥ ਦੋਹਰਾ ॥

ਸਤਿ ਜਾਨ ਨਹ ਲਪਟ ਹੈ, ਅਸੱਤ ਜਾਨ ਨਹਿ ਤਿਆਗ।
ਦੁਹ ਗਤਿ ਸੰਧ ਮਹ ਪਰਚਿਆ, ਨਹ ਸੋਇਆ ਨਹ ਜਾਗ।

॥ ਚੌਪਈ ਜਗਿਆਸੀ ਕੌ ਪਦ ਇਹੁ ਬਰਨਾ। ਆਗੇ ਅਉਰ ਬਾਤ ਸੁਨ ਨਿਰਨਾ। ਇਕ ਦਿਨ ਸੰਤ ਬਾਤ ਇਉਂ ਭਾਖੀ। ਜੋ ਸ਼ੁਭ ਲਛ ਕਿਨੈ ਮਹਿੰ ਰਾਖੀ। ਤਾਕੀ ਓਹੀ ਸਹਾਇਤਾ ਕਰੇ। ਸੁਨ ਲੇਵਹੁ ਸਜਨ ਨਰ ਨਰੇ। ਇਕ ਦਿਨ ਸੰਤ ਇਉਂ ਕਹਿਓ ਉਚਾਰਾ।ਜਗਿਆਸੀ ਜੋ ਪ੍ਰਭ ਕੇ ਯਾਰਾ। ਤਿਨ ਸਭ ਅੰਗ ਪ੍ਰਭੁ ਹੋਇ ਰਹਾ। ਆਪਾ ਪਦ ਖੋਇ ਬ੍ਰਹਮ ਪਦ ਗਹਾ॥ ੪੦੦॥

॥ ਦੋਹਰਾ ॥

ਧਿਆਨ ਪ੍ਰਭੁ ਸੰਗ ਰਚ ਰਹੇ, ਪ੍ਰਭ ਕੋ ਆਇਆ ਸਾਦ।
ਊਠਤ ਬੈਠਤ ਸੋਵਤੇ, ਪ੍ਰਭ ਕੋ ਮਨ ਅਹਲਾਦ।

॥ ਚੌਪਈ ॥ ਇਕ ਮਨ ਹੋਇ ਪ੍ਰਭੁ ਰਚ ਰਹੇ। ਸੂਬ ਸੁਜਨ ਜੋ ਪ੍ਰਭ ਜੀ ਅਹੇ। ਮੀਨ ਜਲ ਛਾਡ ਜਿਉਂ ਅਵਰ ਨ ਜਾਵੈ। ਜਲ ਹੀਂ ਮਹਿੰ ਦਿਨ ਰੈਨ ਬਿਤਾਵੈ। ਤੈਸੇ ਸੰਤ ਪ੍ਰਭ ਸੰਗ ਸੁਖ ਮਾਨਹਿ। ਮਰਨਾ ਅਪਨਾ ਬਿਛਰਨ ਜਾਨਹਿ।ਧਿਆਨ ਪ੍ਰਭੂ ਸਿਉਂ ਪ੍ਰਭ ਹੋਇ ਗਏ।ਜਿਉਂ ਭ੍ਰਿੰਗ ਧਿਆਨ ਕੀਟ ਭ੍ਰਿੰਗ ਭਏ।ਸਰਬ ਅੰਗ ਕੀਟ ਕੇ ਭਾਈ। ਬਨੇ ਭ੍ਰਿੰਗ ਕਛ ਭੇਦ ਨ ਰਾਈ॥ ੪੦੧॥

॥ ਦੋਹਰਾ ॥

ਇਕ ਰਸ ਪ੍ਰਭ ਸਿਉਂ ਰਚ ਰਹੇ, ਆਨ ਨ ਦੇਹੀ ਚਿਤ।
ਜੀਉ ਸੰਤ ਮਹਿ ਭੇਦ ਯਹਿ, ਇਹ ਤੁਮ ਮਾਨਹੁ ਮਿਤ।

॥ ਚੌਪਈ ॥ ਇਕ ਟੱਕ ਪ੍ਰਭ ਕੇ ਪ੍ਰੇਮੀ ਭਏ। ਪ੍ਰਭ ਸਿਉਂ ਭਿੰਨ ਨ ਆਪ ਕਛ ਰਹੇ। ਅਧਿਕ ਪ੍ਰਕਾਸ਼ ਰਿਦਾ ਤਿਨ ਛਾਇਆ। ਸਹਜ ਬਿਲਾਨੇ ਛਲ ਵਲ ਮਾਇਆ। ਸਹਜ ਕੀਏ ਪ੍ਰਭ ਦਿਆਲ

ਪ੍ਰਸੰਨ। ਸਹਜ ਕੀਏ ਵਸ ਅਪਨੇ ਮੰਨ। ਪ੍ਰੇਮ ਸਿਉਂ ਸਹਜ ਕਾਰਜ ਸਭ ਕੀਨੇ। ਪ੍ਰੇਮ ਸਿਉਂ ਪ੍ਰੇਮੀ ਮਾਨ ਪ੍ਰਭ ਲੀਨੇ। ਅਉਰ ਬਾਤ ਹਰਿ ਜਨ ਬਤ ਲਾਈ। ਤਾਕਉਂ ਭਾਖਉਂ ਅਬ ਮੈਂ ਭਾਈ ॥ ੪੦੨ ॥ ॥ ਦੋਹਰਾ ॥

ਅਨ ਹੋਂਦ ਤਿਆਗੀ ਅਮਿਤ ਜਨ, ਹੋਂਦ ਤਿਆਗੀ ਕੋਇ।
ਹੋਂਦ ਤਿਆਗੀ ਜੋ ਪੁਰਖ, ਜਗ ਮੈਂ ਵਿਰਲੇ ਸੋਇ।

(੩੭)॥ ਚੌਪਈ ॥ ਅਉਰ ਬਾਤ ਹਰਿ ਜਨ ਕੀ ਭਨਉਂ। ਜਿਉਂ ਸੁਨਿਆ ਤਿਉਂ ਹੀ ਕਛ ਗੁਨਉਂ। ਪ੍ਰਭ ਸਿਉਂ ਪਟਲ ਨ ਜੀਅ ਕਉਂ ਆਇਆ। ਪਾਂਚ ਬਿਖੇ ਕਰ ਪੜਦਾ ਪਾਇਆ। ਸ਼ਬਦ ਸਪਰਸ਼ ਰੂਪ ਰਸ ਗੰਧ। ਇਨ ਸੰਗ ਲਾਗ ਭਇਓ ਜੀਉ ਅੰਧ। ਜੇਤਾ ਕਛ ਲੇ ਇਨ ਕਉਂ ਸਾਧੇ।ਤੇਤਾ ਹੀਂ ਛੂਟਤ ਹੈਕਉਂਬਾਧੇ।ਪ੍ਰਭ ਹੋਇ ਜੀਅ ਤ੍ਰਿਆ ਸੁਹਾਗਾ। ਜਉ-ਪਾਂਚ ਬਿਖੈ ਕਉਂ ਦੇਇ ਦੁਹਾਗਾ ॥ ੪੦੩ ॥ ॥ ਦੋਹਰਾ ॥

ਪਾਂਚ ਬਿਖੇ ਕੀ ਬਾਸ਼ਨਾ ਮਨਹਿੰ ਭੁਲਾਵੇ ਜੀਉ।
ਪਾਵੇ ਪ੍ਰਭ ਕਉਂ ਛਿਨਕ ਮਹਿੰ ਹੋਇ ਜੀਅ ਤੇ ਪੀਉ।

॥ ਚੌਪਈ ॥ ਅਉਰ ਬਾਤ ਹਰਿ ਜਨ ਕੀ ਚਲੀ।ਸੰਤ ਰਸਨ ਇਉਂ ਇਕ ਦਿਨ ਹਿਲੀ। ਸਭ ਅਪਨੀ ਸਿਉਂ ਭਾਖਿਓ ਸੰਤ। ਇਵਿੰਕਰ ਬੋਲਤ ਭਇਓ ਮਹੰਤ। ਛੁਦ੍ਰ ਬੱਲ ਹੈ ਐਸਾ ਭਾਈ। ਯਹ ਰਿਦ ਧਾਰ ਜੁ ਕਰਮ ਕਮਾਈ। ਕਰਮ ਸਭ ਕਰੇ ਕਾਮ ਨਾ ਸੰਗ ਮਾਨ ਬਡਾਈ ਆਦਰ ਮੰਗ। ਸੁਰਗ ਸੁਖ ਓਹ ਰਾਜ ਕੋ ਚਾਹੇ। ਕੀਆ ਆਪਨਾ ਸਕਲ ਬਿਨਾਹੇ ॥ ੪੦੪ ॥

॥ ਦੋਹਰਾ ॥

ਪ੍ਰਭ ਸਿਉਂ ਪ੍ਰਭ ਕਉਂ ਮਾਂਗੀਐ, ਇਹ ਬਲ ਦੀਰਘ ਯਾਰ।
ਇਨ ਕਾਰਨ ਕਰਿ ਕਰਮ ਕਉਂ, ਤਿਨ ਕਉਂ ਘਾਲਨਿ ਸਾਰ।

Digitized by Panjab Digital Library | www.panjabdigilib.org

॥ ਚੌਪਈ। ਕਰਮ ਸ਼ੁਭ ਕਰੇ ਅਉ ਮਾਂਗੇ ਰਾਜ। ਦੁਖ ਅਪਨੇ ਕਉਂ ਸਾਜੇ ਸਾਜ। ਘਾਲ ਤੱਪ ਜਾਇ ਹੋਵੈ ਰਾਜਾ। ਅਪਨਾ ਹੂਆ ਮਾਨੇ ਕਾਜਾ। ਖਾਵੈ ਭੋਗੇ ਪਾਛੈ ਮਾਨਾ। ਆਗੇ ਪਾਛੇ ਦਲ ਬਹੁ ਠਾਨਾ। ਅਸ,ਕੁੰਚਰ ਲਖ ਘੁਰਹਿੰ ਨਗਾਰੇ। ਜਸ ਕੀ ਬਾਤ ਸਗਲ ਬਿਸਥਾਰੇ। ਸੁੰਦ੍ਰ ਨਾਰੀ ਗੰਧ ਸੁਗੰਧ। ਇਨ ਮਹ ਹੋਇ ਜਾਇ ਮਹਾਂ ਅੰਧ ॥੪੦੫॥

॥ ਦੋਹਰਾ ॥

ਧਨ ਜੋਬਨ ਮਦ ਹੁਕਮ ਕਾ, ਜਹਾਂ ਏਕਠੇ ਤੀਨ।
ਮਹਾਂ ਅੰਧ ਸਾ ਹੋਇ ਰਹੇ, ਬੁਰਾ ਭਲਾ ਨਹੀ ਚੀਨ।

॥ ਚੌਪਈ। ਤਨ ਕੇ ਲੋਇਨ ਜਿਨ ਕੇ ਹਿਰੇ। ਤਿਨ ਕੋ ਨਾਮ ਅੰਧਲੇ ਧਰੇ। ਮਹਾਂ ਅੰਧ ਨਾਮ ਹੈ ਤਾਂਹੀ। ਬੁਰਾ ਭਲਾ ਜੁ ਪਛਾਨੇ ਨਾਹੀ। ਮਨ ਕੇ ਲੋਇਨ ਬੁਧ ਬਿਚਾਰਾ। ਬੁਰੇ ਭਲੇ ਕੀ ਲੇਵਤ ਸਾਰਾ। ਰਾਜ ਮਾਂਹਿ ਇਹ ਲੋਇੰਨ ਗਏ। ਮਹਾਂ ਅੰਧ ਮਾਇਆ ਮਦ ਭਏ। ਇਨ ਕਰ ਕਰਮ ਕੀਏ ਬਹੁ ਤਾਮਸ਼। ਰਾਜ ਬ੍ਰਿਛ ਫਲ ਨਰਕ ਸਿ ਜਾਮਸ ॥੪੦੬॥

॥ ਦੋਹਰਾ ॥

ਸਹਕਾਮ ਤਪੁ ਫਲ ਰਾਜ ਸੁਖ, ਰਾਜ ਫਲ ਤਮ ਹੋਇ।
ਤਮ ਕੋ ਫਲ ਨਰਕਹਿੰ ਪਰਨ,ਯਾਂ ਮਹਿੰ ਭੇਦ ਨ ਕੋਇ।

॥ ਚੌਪਈ ॥ ਇਤ ਕਰ ਕਰਮ ਤਿਹ ਅਨਕਾ ਕਹੇ।ਕਰ ਸ਼ੁਭ ਕਰਮ ਜੁ ਰਾਜੇ ਭਏ।ਬਹੁੜ ਸੁਰਗ ਸੁਖ ਮਾਂਗੇ ਜੋਈ। ਤਾਕੇ ਕਰਮ ਬਿਰਥੇ ਹੋਈ।ਜੋ ਕਿਛਭਿ ਇਨਨੇ ਕਰੀ ਮਜੂਰੀ।ਉਨ ਬਦਲੇ ਗਇਓ ਸੁਰਗਾ ਪੂਰੀ। ਊਹਾਂ ਭੋਗੀ ਤ੍ਰਿਆ ਅਪੱਛਰਾਰਿਦ ਮਹਿ ਡਸਿਓ ਈਰਖਾ ਮਛਰ।ਆਪ ਸਿਉਂ ਵਧ ਜੁ ਦ੍ਰਸੀਐ ਊਹਾਂ। ਉਨ ਸਮਾਨ ਕੀ ਵੰਛ ਗਹੂਹਾਂ ॥੪੦੭॥

Digitized by Panjab Digital Library | www.panjabdigilib.org

॥ ਦੋਹਰਾ ॥

ਹਮ ਭੀ ਤਪ ਇਹੁ ਕਰਉਂ ਆਹਿ, ਇਨਹੀਂ ਜੈਸਾ ਸੋਇ ।
ਕਹਾਂ ਕਰਉਂ ਕਛ ਨਾ ਚਲੈ, ਚੂਕ ਪਰੀ ਅਬ ਮੋਹਿੰ ।

॥ ਚੌਪਈ ॥ ਬਹੁੜ ਅਉਰ ਊਹਾਂ ਭਉ ਮਾਹੇ । ਸਦਾ ਚਿੰਤ ਖਿਤ ਮਾਂਹਿ ਅਪਾਰੇ । ਤੱਪ ਹਮਰਾ ਜਬ ਪੂਰਨ ਹੋਈ । ਹਮਹਿੰ ਗਿਰਾਇ ਦੇਇ ਗਾ ਕੋਈ । ਭੋਗ ਸੁਖ ਹਮ ਸਿਉਂ ਖਸ ਲੇਵਹਿੰ । ਹਮ ਕਉਂ ਅਉਰ ਠੌਰ ਪਠ ਦੇਵਹਿੰ । ਇਹੁ ਚਿੰਤਾ ਊਹਾਂ ਤਨ ਜਾਰੇ । ਸੁਰਗ ਸੁਖ ਬਾਛਹਿੰ ਸੰਸਾਰੇ। ਮਿਹਨਤ ਬਦਲਾ ਖਾਇ ਜਬ ਚੂਕਾ । ਜੈਸੇ ਕੋ ਤੈਸਾ ਵਹੁ ਮੂਕਾ ॥੪੦੮॥

॥ ਦੋਹਰਾ ॥

ਮਜੂਰ ਮਜੂਰੀ ਜਿਨ ਲਈ ਬਖਸ਼ ਨ ਲੇਵਹਿ ਸੋਇ ।
ਬਖਸ਼ ਸੋਈ ਜਨ ਲੇਵਤੇ, ਜੋ ਹੋਇ ਗੁਲਾਮ ਰਹੇ ।

॥ ਚੌਪਈ ॥ ਮਜੂਰ ਮਜੂਰੀ ਕਰ ਘਰ ਗਏ । ਗੁਲਾਮ ਸ਼ਾਹ ਕੇ ਹਾਜਰ ਰਹੇ । ਜੋ ਕੁਛ ਸ਼ਾਹ ਕਾ ਸੋਈ ਗੁਲਾਮ । ਗੁਲਾਮ ਸ਼ਾਹੁ ਏਕੈ ਭਏ ਦਾਮ । ਗੁਲਾਮ ਖਾਵਨ ਕੋ ਅੰਤੁ ਨ ਆਵੈ । ਸ਼ਾਹੁ ਗੁਲਾਮ ਕੇ ਖਾਵਨ ਭਾਵੈ । ਤੈਸੇ ਸੁਰਗ-ਬਾਸੀ ਜੋ ਜਨਾ।ਤਿਨ ਕੋ ਮੋਹਿਮਜੂਰ ਮਨ ਮਨਾ।ਮਿਹਨਤ ਕਰ ਸੁਖ ਬਦਲਾ ਪਾਇਆ।ਪ੍ਰਭੂ ਸ਼ਾਹ ਕੋ ਬਖਸ਼ ਨ ਆਇਆ।੪੦੯।

। ਦੋਹਰਾ ।

ਜਿਹ ਜਨ ਗਹੀ ਨਿਹ ਕਾਮਤਾ, ਸੋ ਜਨ ਭਏ ਗੁਲਾਮ ।
ਮਾਨੋ ਹਰਿ ਜੀ ਮੁਲ ਲਏ, ਇਤ ਉਤ ਉਨਹਿ ਨ ਕਾਮ।

॥ ਚੌਪਈ ॥ ਪ੍ਰਭ ਕੇ ਸੁਖ ਸੋ ਤਿੰਨ ਕਉਂ ਸੁਖ । ਬੇ ਖਰੀਦ ਕਉਂ ਨਾਹੀਂ ਦੁਖ । ਸਦਾ ਬਖਸ਼ ਪ੍ਰਭੁ ਕੀ ਸੋ ਖਾਵਤ । ਖਾਵਤ ਦਾਤ ਤੋਟ ਨਹੀ ਆਵਤ । ਮਾਨ ਵਡਾਈ ਕਉਂ ਕਰਮ ਕਰੇ । ਵਹੁ ਭੀ ਘਾਲ ਅਨਥਾ ਉਨਸਰੇ । ਮਾਨ ਬਡਾਈ ਜਗ ਕੀ

ਭਾਈ। ਬੁਧ ਮਾਨ ਕਉਂ ਭੂਤ ਮਿਠਾਈ। ਭੂਤ ਮਿਠਾਈ ਕੇ ਸੰਮਾਨ। ਜਗਤ ਬਿਖੈਂ ਮਾਨ ਸਨਮਾਨ।੪੧੦। ॥ ਦੋਹਰਾ ॥

ਭੂਤ ਮਿਠਾਈ ਕੋ ਕਦ੍ਰ, ਦੇਖਨ ਮਾਤ੍ਰ ਵੇਹ ਭੋਗ।
ਕਰ ਘਾਲਿਆ ਤੇ ਨਾ ਰਹੈ, ਮਨ ਮਹ ਉਪਜੇ ਸੋਗ।

॥ ਚੌਪਈ ॥ ਤੈਸੇ ਮਾਨ ਜਗਤ ਕੀ ਮੀਤ। ਤਿਨ ਸਨ-ਮਾਨ ਨਹੀ ਕਛ ਕੀਤ। ਅਬਿਚਾਰੀ ਕਉਂ ਮਾਨਉਨਿ ਭਾਵੈ। ਬੁਧਿ ਮਾਨ ਮਨ ਬਹੁ ਸੁਕ ਚਾਵੈ। ਬੁਧਿ ਮਾਨ ਕੀ ਮਾਨ ਜਗ ਠਾਨੈ। ਤਬ ਬੁਧਿ ਮਾਨ ਐਸੇ ਮਨ ਮਾਨੈ। ਭੇਦ ਬੂਝ ਯਹ ਮਾਨ ਨ ਕਰਤੇ। ਦੇਖਾ ਦੇਖੀ ਆਦ੍ਰ ਧਰਤੇ। ਉਸਤਤ ਨਿੰਦ ਜਾਨ ਨਹੀ ਕਰਹਿੰ। ਬੁਧਿਮਾਨ ਇਹੁ ਜਾਨਤ ਉਰਹਿੰ।੪੧੧।

॥ ਦੋਹਰਾ ॥

ਜਗਤਿ ਮਾਨ ਅਪਮਾਨ ਸਿਉਂ ਹਿਰਦਾ ਰਾਖਹਿੰ ਭਿੰਨ।
ਜੈਸੇ ਕੋ ਤੈਸਾ ਮਨਹਿੰ, ਨਿਜ ਨਿਰਖਤ ਆਨਿੰਨ।

॥ ਚੌਪਈ ॥ ਜਗਤ ਮਾਨ ਕਉਂ ਅੰਤ ਆਇ ਜਾਈ। ਪ੍ਰਭੁ ਪਕੜੇ ਤਹ ਕੋ ਨ ਸਹਾਈ। ਪ੍ਰਭ ਸਿਉਂ ਤੋਰ ਆਪ ਸਿਉਂ ਉਰ-ਝਾਵਹਿੰ। ਚਿੰਤਾ ਦੁਖ ਲੈ ਹਿਰਦੇ ਪਾਵਹਿੰ। ਹਰਿ ਕੀ ਸਿਮਰਤ ਲੇਵਹਿੰ ਖੱਸ। ਮਾਨ ਬਧਾਇ ਨਰਕ ਲੇ ਧੱਸ। ਚਲੇ ਹਾਰ ਜੋ ਜਗ ਸਿਉਂ ਛਕੈ। ਨਰਕ ਦੂਖ ਜਮ ਸਾਸਨ ਤੱਕੈ। ਆਤਮ ਹਤੇ ਭੋਗਹਿੰ ਬਹੁ ਜੋਨੀ। ਜੱਗ ਮਾਨ ਸਿਉਂ ਪਰਚੇ ਦੂਖ ਮਹਿੰ ਗੋਨੀ। ।੪੧੨। ॥ ਦੋਹਰਾ ॥

ਇਤ ਕਰ ਅਨਥਾ ਕੰਮ ਕਰੇ, ਇਨਕਾਰ ਨ ਕਰੇ ਜੁ ਕੋਇ।
ਜਗਤ ਮਾਨ ਅਉ ਸੁਰਗ ਰਾਜ, ਇਨ ਕਰ ਸੁਖੀ ਨ ਹੋਇ।

॥ ਚੌਪਈ ॥ ਕਰਮ ਜੋ ਕਰੀਐ ਪ੍ਰਭ ਕਉਂ ਕਰੀਅਹਿ। ਪ੍ਰਭ ਬਿਨ ਆਨ ਨ ਕਾਰਨ ਧਰੀਐ। ਮਨ ਬਚ ਕਰਮ ਪ੍ਰਭ ਹੀਂ

ਸੰਗ ਤਾਂਕਉ। ਜੀਵਤ ਮਰਤ ਹਰਿ ਹਰਿ ਸਿਉਂ ਛਾਕਹੁ। ਦਿਨ ਅਉ ਰੈਨ ਪ੍ਰਭੂ ਕਉਂ ਸਿਮਰੇ। ਪ੍ਰਗਟ ਇਕੰਤ ਹਰਿ ਰਖੀਐ ਉਰੇ। ਸੰਪਤ ਬਿਪਤ ਮਹਿਂ ਏਕ ਧਿਆਵੈ। ਇਨ ਬਿਨ ਦੂਸਰ ਨਾਹਿ ਜਨਾਵੈ। ਅੰਤਹ ਕਰਨ ਚਿਤ ਤਾਰ ਪ੍ਰਭ ਚਾਹੇ। ਐਸੀ ਪ੍ਰੀਤ ਮਹਿਂ ਸਕਲੇ ਲਾਹੇ।੪੧੩।

॥ ਦੋਹਰਾ ॥

ਜੋ ਕਰੈ ਪ੍ਰਭ ਕਉਂ ਕਰੈ, ਪ੍ਰਭ ਬਿਨ ਕਰੈ ਨ ਨੇਕ।
ਐਸੀ ਪ੍ਰੀਤ ਪ੍ਰਭ ਦਰਸ਼ ਕਉਂ, ਲੇ ਪਹੁੰਚਾਇ ਬਿਬੇਕ।

॥ ਚੌਪਈ ॥ ਪ੍ਰਭੂ ਪ੍ਰੀਤ ਮਹਿਂ ਹੋਈਐ ਸੁਖੀ। ਏਹੁ ਕਰਮ ਸਾਚੇ ਗੁਰਮੁਖੀ। ਏਹ ਕਰਮ ਤਾਰਹਿਂ ਭਉ ਸਾਗਰ। ਇਹੁ ਕਰਮ ਫਾਰਹਿਂ ਜਮ ਕਾਗਰ। ਏਹੁ ਕਰਮ ਚਉਰਾਸੀ ਟਾਲੈ। ਏਹੁ ਕਰਮ ਹੋਇ ਸਫਲੀ ਘਾਲੈ। ਏਹੁ ਕਰਮ ਸਤਿਸੰਗ ਮਿਲਾਇ। ਏਹੁ ਕਰਮ ਜਗਿਆਸਾ ਪਾਇ। ਪ੍ਰਭ ਕਉਂ ਕਰਮ ਪ੍ਰੇਮ ਕੇ ਭਾਵਹਿਂ। ਅਉਰ ਕਰਮ ਕੇ ਨਿਕਟ ਨ ਆਵਹਿਂ।੪੧੪।

॥ ਦੋਹਰਾ ॥

ਪ੍ਰੀਤ ਕੀ ਰੀਤ ਅਨੂਪ ਹੈ, ਸਮਝ ਕਰੋ ਜਨ ਕੋਇ।
ਮਨ ਮਾਣਕ ਤਹ ਦੀਜੀਐ, ਜੋ ਊਤਮ ਗਾਹਕ ਹੋਇ।

(੩੮) ॥ ਚੌਪਈ ॥ ਅਉਰ ਬਾਤ ਹਰਿ ਜਨ ਕੀ ਭਾਖਉ। ਜਿਉਂ ਸੁਨਿਆਂ ਤਿਉਂ ਹੀ ਅਬ ਆਖਉਂ ਇਕਸ ਆਨ ਯਹ ਬਾਤ ਚਲਾਈ। ਸਿਮਰਨ ਕਿਆ ਕਹੀਐ ਸੁਖਦਾਈ। ਜੋ ਸਿਮਰਨ ਪ੍ਰਮੇਸ਼ਰ ਮਾਨੇ। ਸੋ ਸਿਮਰਨ ਕਹੁ ਸੰਤ ਬਖਾਨੇ। ਕਿਹ ਪ੍ਰਕਾਰ ਸੋ ਸੋ ਸਿਮਰਨ ਕਰੀਐ। ਕਰਹੁ ਕ੍ਰਿਪਾ ਹਰਿ ਜਨਹੁ ਉਚਰੀਐ? ਤਬ ਹਰਿ ਜਨ ਉਤ੍ਰ ਏਹੁ ਦੀਆ, ਸੁਨ ਪ੍ਰਸ਼ਨ ਪ੍ਰਸੰਨ ਸੰਤ ਬਹੁ ਥੀਆ ॥੪੧੫॥

॥ ਦੋਹਰਾ ॥

ਤੀਨ ਪ੍ਰਕਾਰ ਉਤਰ ਦੀਆ, ਸਿਮਰਨ ਹੇ ਹਰਿ ਜਨ।
ਤਨ, ਮਨ, ਧਨ ਕਰ ਸਿਮਰੀਐ, ਪਾਰਬ੍ਰਹਮ ਅਪਰ ਛਿਨ।

॥ ਚੌਪਈ ॥ ਤਨ ਕੋ ਸਿਮਰਨ ਕਹੀਐ ਏਹ। ਪ੍ਰਿਥਮੇ ਯਹ ਉਤਰ ਸੁਨ ਲੇਹਿ। ਦੁਇ ਪ੍ਰਕਾਰ ਸਿਮਰਨ ਤਨ ਭਾਈ। ਤਾਕਉਂ ਅਬ ਮੈ ਬਰਨ ਸੁਨਾਈਂ। ਕਥਾ ਕੀਰਤਨ ਸੁਨੈ ਸੁਨਾਵੈ। ਸੰਤ ਮੰਡਲੀ ਮਾਹਿੰ ਬਸਾਵੈ। ਦੂਆ ਪ੍ਰਕਾਰ ਤਨ ਸਿਮਰਨ ਏਹੀ। ਤਾਹਿੰ ਸੁਨਹੁ ਹੇ ਪ੍ਰੇਮ ਸਨੇਹੀ। ਇੰਦ੍ਰੀ ਦਮਨ ਕਰੇ ਜਗਿਆਸੀ। ਤਿਹ ਨਿਰਨਾ ਅਬ ਸੁਨ ਸੁਖ ਬਾਸੀ। ਦਸ ਇੰਦੀ ਕਉਂ ਰਾਖੇ ਬੱਸ। ਮਨ ਸੁਭਾਵ ਸਭ ਲੇਵੈ ਖੱਸ ॥ ੪੧੬ ॥

॥ ਦੋਹਰਾ ॥

ਜਿਹਵਾ ਬੋਲੈ ਆਕ ਬਾਕ, ਤਾਕਉਂ ਬਕਨ ਨ ਦੇਇ।
ਏਕ ਤਜੇ ਦੂਸਰ ਗਹੇ, ਨਿਤ ਏਹ ਬਨਜ ਕਰੇ।

॥ ਚੌਪਈ ॥ ਜਿਹਵਾ ਕਉ ਏਹ ਕਾਮ ਲਗਾਵੈ। ਮਿਸ਼ਟ ਬਚਨ ਕੀ ਓਰ ਚਲਾਵੈ। ਬਹੁੜ ਸਾਦ ਕਉਂ ਸਮਝੈ ਪਾਪਨਿ। ਨਿਸ ਦਿਨ ਖਿੰਚ ਚਲਾਵੈ ਸਾਪਨ। ਸੁਆਂਦਾ ਸਿਓਂ ਭੀ ਬਰਜ ਰਹਾਵੈ। ਸੋਈ ਖਾਇ ਜੋ ਇਨਹਿੰ ਨਾ ਭਾਵੈ। ਲੋਚਨ ਰੂਪ ਨਾ ਦੇਖਨ ਦੇਵੈ। ਕੂਮਲ ਦ੍ਰਿਸ਼ਟ ਸਰਬ ਜੀਅ ਸੇਵੈ। ਕਾਨ ਕਉਂ ਸ਼ਬਦ ਨ ਬਿਖੈ ਸੁਨਾਵੈ। ਸੰਤ ਉਪਦੇਸ਼ ਸਿਓਂ ਇਨਹਿੰ ਲਗਾਵੈ ॥ ੪੧੭ ॥

॥ ਦੋਹਰਾ ॥

ਪੁਹਪ ਸੂੰਘ ਨਾ ਬਰਜ ਕੈ, ਨਾਸਾਂ ਬਸ ਕਰ ਲੇ।
ਇਨ ਕੇ ਕਹੇ ਨਾ ਲਾਗਤੇ, ਜਾਨ ਇਸਹਿੰ ਡੰਡ ਦੇਇ।

॥ ਚੌਪਈ ॥ ਸਪਰਸ਼ ਇੰਦ੍ਰੀ ਕਉ ਭੋਗ ਨਾ ਦੇਵੈ। ਪਹਰੇ ਕੂਮਲ ਨਹੀ ਬਨਤਾ ਲੇਵੈ। ਹਾਥ ਪਾਂਵ ਨਿਜ ਕਾਜਿਨ ਧਸੇ।

Digitized by Panjab Digital Library | www.panjabdigilib.org

ਪ੍ਰਉਪਕਾਰ ਇਨਹਿਂ ਲੇ ਰਸੇ। ਗੁਦਾ ਉਪੱਸਥ ਕੀ ਬਿਖੇ ਪ੍ਰਹਾਰੇ। ਇੰਦ੍ਰੀ ਦਮਨ ਕਰ ਕਾਜ ਸ਼ਵਾਰੇ। ਦੂਜਾ ਸਿਮਰਨ ਤਨ ਕਾ ਭਾਈ। ਧੰਨ ਸਿਮਰਨ ਅਬ ਸੁਨ ਸੁਖ ਦਾਈ। ਧੰਨ ਕੇ ਅਰਥ ਜੋ ਬਾਹਰ ਤਨ ਸਿਉਂ। ਸੋ ਸਭ ਸੰਪਤ ਲਾਈਐ ਧੰਨ ਸਿਉਂ ॥ ੪੧੮ ॥

॥ ਦੋਹਰਾ ॥

ਧਨ ਕਓਂ ਲਾਵੈ ਜਾਨ ਇਓਂ, ਭਗਵਤ ਅਰਥ ਉਝਾਰ।
ਮਮਤਾ ਤਿਆਗੇ ਆਪਨੀ, ਹਰਿ ਪਦ ਸਿਧ ਕਰ ਡਾਰਿ।

॥ ਚੌਪਈ ॥ ਭਗਵਤ ਅਰਥ ਉਝਾਰੇ ਧੱਨਾ। ਕਿਆ ਪਰਕਾ ਕਿਆ ਅਪਨਾ ਤੱਨਾ। ਅਪਨੇ ਤਨ ਕਉਂ ਐਤ ਖਵਾਵੈ। ਖਵਾਇ ਇਨਹਿਂ ਹਰਿ ਮਾਰਗ ਪਾਵੈ। ਹਰਿ ਮਾਰਗ ਸਿਓਂ ਬਿਥ ਨਹੀਂ ਪਰੇ। ਇਤ ਨਿਜ ਪਰ ਉਝਾਰ ਲੇ ਕਰੇ। ਸਰਬ ਜੀਅ ਕੀ ਟਹਲ ਕਮਾਵੈ। ਟਹਲ ਕਰਨ ਮਹਿਂ ਭੰਗ ਨਾ ਪਾਵੈ। ਕਥਾ ਕੀਰਤਨ ਮਹਿਂ ਰਹਿ ਸਉ ਧਾਨਾ। ਇਤ ਇਨ ਪਰ ਭੀ ਕਰਿ ਕਛੁ ਦਾਨਾ ॥ ੪੧੯ ॥

॥ ਦੋਹਰਾ ॥

ਹਰਿ ਸਿਮਰਨ ਮਹਿ ਜੋ ਰਚੈ, ਤਿਨ ਖਾਵਨ ਸਫਲਾਤ।
ਤਿਨ ਕੀ ਯਹੀ ਉਦਾਰਤਾ, ਜੋ ਦੇਵਹਿਂ ਅਪਨੇ ਗਾਤਿ।

॥ ਚੌਪਈ ॥

ਜਿਨ ਕੇ ਖਾਇ ਉਠਹਿਂ ਬਿਕਾਰਾ। ਸੋ ਆਪ ਨ ਖਾਵੈ ਦੇਵਨਿ ਸਾਰਾ। ਅਰਥੀ ਜਨ ਕਉਂ ਦੇਵਹਿ ਧਨਾ। ਦੇਇ ਉਝਾਰਿ ਸਕਲ ਉਹ ਜਨਾ। ਉਨ ਕਉਂ ਧਨ ਮੁਹਰੇ ਕੀ ਨਿਆਂਈ। ਖਾਵੈ ਨਹੀਂ ਉਝਾਰੇ ਤਾਹੀਂ। ਅਪਨੀ ਚਾਹ ਬਰਜ ਸੋ ਰਾਖੈ। ਦੇਵਨ ਕਉਂ ਹੀ ਰਸ ਜਨ ਚਾਖੈ। ਧੰਨ ਕਰ ਸਿਮਰਨ ਐਸਾ ਕਰੀਐ। ਮਨ ਸਿਮਰਨ ਅਬ ਸੁਨਹੁ ਉਚਰੀਐ ॥ ੪੨੦ ॥

Digitized by Panjab Digital Library | www.panjabdigilib.org

॥ ਦੋਹਰਾ ॥

ਮਨ ਸਿਮਰਨ ਕੀ ਰੀਤ ਯਹ,ਸੁਨਹੁ ਸਜਨ ਚਿਤ ਲਾਇ ।
ਸਕਲ ਬਿਸਾਰੇ ਪ੍ਰਭੁ ਬਿਨ, ਏਕ ਟੇਕ ਠਹਰਾਇ ।

॥ ਚੌਪਈ ॥ ਚਿਤ ਕੀ ਤਾਰ ਪ੍ਰਭੁ ਸਿਉਂ ਰਾਚੀ । ਭੁੱਲੇ ਭੁਲ ਨਾਹੀ ਪ੍ਰੀਤ ਰਿਦ ਸਾਚੀ । ਮਨ ਪਰ ਭਾਰੀ ਪਰੀ ਚਿਤੱਉਨੀ । ਪ੍ਰਭੁ ਪਿਰਮ ਹਿਰਦੇ ਮਹਿੰ ਗਉਨੀ । ਤਨ ਕੀ ਕ੍ਰਿਆ ਮਹਿੰ ਅਲਕਾਵੈ । ਜਗ ਕੀ ਚਿਹਲ ਬਿਹਲ ਨਹੀ ਭਾਵੈ । ਜੈਸੇ ਗਊ ਬਾਛ ਚਿਤ ਬਾਛੈ । ਅਉਰ ਕ੍ਰਿਆ ਮਹਿੰ ਬਿਹਬਲ ਕਾਛੈ । ਸਾਸ ਸਾਸ ਪ੍ਰਭ ਜੀ ਕਉਂ ਸਿਮਰੈ । ਮਨ ਪਰ ਅਉਰ ਖਿਆਲ ਨਹੀਂ ਧਰੈ ।੪੨੧।

॥ ਦੋਹਰਾ ॥

ਇਹੁ ਦਿਲ ਅਜਬ ਕਿਤਾਬ, ਹਰਫ ਨ ਦੂਜਾ ਲਿਖੀਏ ।
ਸੋ ਦਮ ਕਿਤ ਹਿਸਾਬ, ਜਿਤ ਦਮ ਸਾਂਈ ਵਿਸਰੇ ।

॥ ਚੌਪਈ ॥ ਜੈਸੇ ਸੂਰ ਦੱਲ ਮਹਿ ਜੂਝੇ । ਹੋਇ ਇਕਾਗਰ ਦੁਸ਼ਟ ਸਿਉਂ ਲੂਝੈ । ਲੂਝਨ ਹੀ ਉਨ ਕਉਂ ਤਬ ਭਾਵੈ । ਅਵਰ ਚਾਹ ਕੈ ਟਿਕਟਿ ਨ ਆਵੈ । ਪ੍ਰੇਮੀ ਕਉਂ ਮਨ ਤੈਸਾ ਭਾਈ । ਹਰਿ ਬਿਨ ਅਉਰ ਨ ਭਾਵੈ ਕਾਈ । ਹੋਇ ਇਕਾਗਰ ਹਰਿ ਹੀਂ ਟੇਰੈ । ਹਰਿ ਬਿਨ ਮਨ ਕਉਂ ਨੈਕ ਨ ਫੇਰੈ । ਬੁਧਿ ਬਿਚਾਰ ਹਰਿ ਹੀਂ ਕਾ ਤਾਕਉਂ । ਸਿਮਰਨ ਮਨ ਕਾ ਕਹੀਐ ਯਾਂਕਉਂ । ੪੨੨ ।

॥ ਦੋਹਰਾ ॥

ਸਿਮਰਨ ਤੀਨ ਪ੍ਰਕਾਰ ਕਾ ਹਰਿਜਨ ਕਹਿਆ ਸੁਨਾਇ ।
ਪ੍ਰਸੰਨ ਕੀਆ ਪ੍ਰੱਸ਼ਨੀ ਜਨਹਿੰ, ਅਬ ਆਗੇ ਬਾਤ ਚਲਾਇ।

॥ ਚੌਪਈ ॥ ਜਬ ਹਰਿਜਨ ਤਨ ਮ੍ਰਿਤ ਢਿਗ ਆਈ । ਤਬ ਹਰਿ ਜਨ ਇਹੁ ਬਾਤ ਬਤਾਈ । ਮੈ ਨਿਜ ਤਨੁ ਅਬ ਛੁਟਤ ਨਿਹਾਰਉਂ । ਗੁਹਜ ਚਲਿਤ੍ਰ ਮੋਹਿ ਬਾਤ ਉਚਾਰਉਂ । ਅਦਭੁਤ ਰਚਉਂ ਅਖਾਰਾ ਭਾਈ । ਇਕ ਸਮਝਹਿੰ ਇਕ ਨਹਿੰ ਸਮਝਾਈ ।

Digitized by Panjab Digital Library | www.panjabdigilib.org

ਜੋ ਸਮਝਤ ਨਹ ਦੇਖੇ ਹਰਿਜਨ। ਤੇ ਸਭ ਕਾਢ ਦੀਏ ਤਤ ਛਿਨ ਖਿਨ। ਪਾਛੇ ਓਹੀ ਬ੍ਰਿਤੰਤ ਉਚਾਰੇ। ਸਮਝ ਨ ਸਾਕਹਿੰ ਨੂੰ ਢੇ ਬਾਰੇ ॥ ੪੨੩ ॥ ॥ ਦੋਹਰਾ ॥

ਅੱਡਣ ਨਾਮ ਥਾ ਸੰਤ ਕਾ, ਤਿਨ ਹੀਂ ਸਿਉਂ ਸੰਤ ਬੋਲ।
ਉਨ ਬਾਤਾਂ ਓਹ ਸਮਝਤੇ, ਅਵਰ ਨ ਆਵੈ ਕੋਲਿ।

। ਚੌਪਈ। ਅਵਰ ਨ ਆਵੈ ਤਿਨ ਦੂੰਹੁ ਮਾਹੀ। ਉਆਂ ਕੀ ਬਾਤ ਬੂਝੈ ਕੋ ਨਾਹੀ। ਦੇਦੇ ਕਾਨ ਸੁਨਹਿੰ ਜਨ ਅਉਰ। ਨਹ ਪਾਵਹਿੰ ਸਮਝਨ ਕੀ ਠਉਰ। ਆਪਸ ਮਹਿੰ ਦੂੰਹੂ ਚਰਚਾ ਠਾਨੀ। ਦੋਨੋ ਥੇ ਇਕ ਰੂਪ ਗਿਆਨੀ। ਪ੍ਰਸ਼ਨ ਉਤ੍ਰ ਕਹੂੰ ਨੈਕ ਨ ਲਾਖੇ। ਜਿਉਂ ਉਨ ਦੂਹੂੰ ਆਪਸ ਮਹਿੰ ਭਾਖੇ। ਏਕਤਾ ਬਾਤ ਬਹੁਤ ਤਬ ਚਲੀ। ਇਦ ਪਦ ਮਹਿੰ ਸੰਤ ਰਸਨਾ ਹਲੀ। ੪੨੪।

॥ ਦੋਹਰਾ ॥

ਬਹੁਰ ਸੰਤ ਕਰ ਚੁਪ ਰਹਿਓ, ਕੋਠੀ ਬੈਠ ਇਕੰਤ।
ਤੀਨ ਦਿਵਸ ਤਹਿੰ ਬੈਠ ਕਰਿ, ਤਜਿਓ ਦੇਹ ਮਹੰਤ।

॥ ਚੌਪਈ ॥ ਸਕਲ ਜਨਾ ਭਏ ਮਨ ਉਨ ਮਨੇ। ਜਬ ਦੇਹ ਤਜਿਆ ਦੂਸਿਆ ਹਰਿਜਨੇ। ਅਪਨੀ ਠਉਰ ਸਕਲ ਰੋਇਆਈ। ਜਗ ਦੇਖਤ ਕੋ ਹੰਝ ਨ ਪਾਈ। ਤਾਂ ਪਾਛੇ ਅੱਗ ਲਕਰੀ ਮਾਹੀਂ। ਹਰਿ ਜਨ ਲੋਥ ਜਰਾਈ ਤਾਂਹੀ। ਮੜ੍ਹੀ ਸਮਾਧ ਤਿਹ ਕਛੂ ਨ ਹੋਈ। ਹਰਿ ਜਨ ਜੀਵਤ ਬਰਜੀ ਸੋਈ। ਪਰਚੀ ਪੂਰਨ ਸੰਤ ਕੀ ਭਈ। ਸੁਨ ਰਿਦ ਰਾਖ ਪ੍ਰਸੰਨ ਹੋਇ ਦਈ। ੪੨੫।

ਇਤ ਪਰਚੀ ਭਾਈ ਸੇਵਾ ਰਾਮ ਜੀ ਕੀ ਸੰਪੂਰਨ ਸਮਾਪਤੰ

ਸ੍ਰੀ ਵਾਹਿਗੁਰੂ ਜੀ ਸ੍ਰੀ ਵਾਹਿਗੁਰੂ ਜੀ

Digitized by Panjab Digital Library | www.panjabdigilib.org

ਪ੍ਰਚੀਆਂ ਸ੍ਰੀ ਭਾਈ ਸੇਵਾ ਰਾਮ ਦੀ ਸ਼ੁਧੀ ਅਸ਼ੁਧੀ ਜਿਨਾ ਪਾਸ ਏਹ ਪੋਥੀ ਪੁਜੇ ਓਹ ਕ੍ਰਿਪਾ ਕਰਕੇ ਆਪਣੀ ਪੋਥੀ ਨੂੰ ਸ਼ੁਧ ਕਰ ਲੈਣ ।

| ਸ਼ੁਧ | ਅਸ਼ੁਧ | ਸਤ੍ਰ | ਪੰਨਾ |
|---|---|---|---|
| ਪਰ | ਪਹੁੰ | ੫ | ੨ |
| ਜੋ ਜੋ | ਜੋ ਜੈ | ੬ | ੨ |
| ਅਧਿਕਾਰ | ਅਪਿਕਾਰ | ੧੧ | ੨ |
| ਮੀਠਾ | ਮੀਨਾ | ੨੦ | ੨ |
| ੨ਪਾਲਾਂ ਵਾਧੂ ਦੁਬਾਰਾ ਹਨ | | ੧–੨ | ੯ |
| ਦਾਮ | ਦਾਸ | ੨੨ | ੧੭ |
| ਬਤਾਈ | ਬਨਾਈ | ੧੭ | ੨੩ |
| ਗਹੋ | ਗੋਹ | ੮ | ੨੭ |
| ਜਿਨ ਤੇ ਉਪਜੇ ਓਹੀ ਜਾਤ | ਜਿਨਤੇ ਓਹੀ ਉਪਜੇ ਜਾਤ | ੨੦ | ੩੧ |
| ਜਗਿਆਸਨ | ਜਗਿ ਆਮਨ | ੬ | ੩੨ |
| ਲੇ ਨ | ਲੇਨ | ੧੫ | ੩੪ |
| ਅਰਥੀ | ਅਰਬੀ | ੨੨ | ੩੮ |
| ਗਾਣ | ਗਾਂਵ | ੨੨ | ੩੯ |
| ਰਿਦ ਮਾਨ | ਰਿਦਮਾ ਨ | ੧੬ | ੪੧ |
| ਸੰਤ ਪ੍ਰਿਛਤ | ਸੰਤ ਪ੍ਰਿਤ | ੬ | ੪੯ |
| ਤਿਉਂ ਬਿਖ | ਤਿਬਿਖ | ੩ | ੪੭ |
| ਜੁਗ ਗਇ | ਜੁਗ ਗਾਇ | ੧੭ | ੫੩ |
| ਬਾਤ ਸੁਨ | ਬਾਤ ਸਨ | ੨੪ | ੬੨ |
| ਪਰ ਫਲ | ਪ ਢਲ | ੨੪ | ੬੫ |
| ਪਰਸ ਨ ਨਰ ਭਾਵੈ | ਪਰਸਨ ਨਰ ਭਾਵੈ | ੩ | ੬੮ |
| ਬੂਝ ਨ | ਬੂਝਨ | ੨੪ | ੬੯ |
| ਮੈਰੂ ਮੰਨਾ | ਮੈਰ ਮੰਨਾ | ੨੧ | ੭੧ |
| ਨਹ ਭਾਵੈ | ਨਰ ਭਾਵੈ | ੧ | ੭੨ |
| ਤਿਨ ਚਾਪੀ | ਤਿਨ ਛਾਪੀ | ੨੩ | ੭੩ |
| ਬਿਚਾਰ ਨ ਧਰੈ | ਬਿਚਾਰਨ ਧਰੈ | ੧੧ | ੭੯ |
| ਖੰਭ | ਸਭ | ੫ | ੮੩ |
| ਹੋਹਿ ਕਿਰਪਾਲ | ਮੋਹਿ ਕ੍ਰਿਪਾਲ | ੧੪ | ੯੩ |
| ਕਰ ਜ਼ੋਰ | ਕਰ ਰੋਜ਼ | ੧੮ | ੯੮ |
| ਕਹੀਂ | ਕਹ | ੨੪ | ੧੦੦ |
| ਆਦ | ਆਦ | ੧੩ | ੧੦੧ |
| ਕਹਿਓ | ਕਓਹਿ ਹੈ | ੯ | ੧੧੦ |
| ਨਾਮ ਕਾਸੋ | ਨਾਮ ਕਾਸ | ੯ | ੧੧੩ |
| ਹਮਰੇ ਟੋਲੇ ਕੇ ਬਿਚ ਰਲੋਂ | ਹਮਰੇ ਲੇ ਕੇ ਬਿਚ ਰਟਲੋਂ | ੨੧ | ੧੨੪ |
| ਕ੍ਰੋਧੀ | ਕੋਧੀ | ੩ | ੧੨੭ |
| ਗਾਇ ਨ | ਗਾਇਨ | ੧੭ | ੧੨੯ |
| ਆਮਿਤ | ਅਮ੍ਰਿਤ | ੧੨ | ੧੩੦ |
| ਛੂਟਤ ਹੈ ਬਾਧੇ | ਛੂਟਤ ਹੈ ਕਉਂ ਬਾਧੇ | ੧੧ | ੧੫੪ |
| ਪ੍ਰਭ ਕੋ ਹੋਇ | ਪ੍ਰਭ ਹੋਇ | ੧੨ | ੧੫੪ |
| ਤਾਂਕੇ ਕਰਮ ਭਿ ਬਿਰਥੇ ਹੋਇ | ਤਾਂਕੇ ਕਰਮ ਬਿਰਥੇ ਹੋਇ | ੨੦ | ੧੫੫ |

Digitized by Panjab Digital Library | www.panjabdigilib.org

# ਸੇਵਾ ਪੰਥੀ ਅਡੱਣ ਸ਼ਾਹੀ ਸੱਭਾ ਦੀਆਂ ਪੁਸਤਕਾਂ

(੧) ਸ੍ਰੀ ਸੰਤ ਰਤਨ ਮਾਲਾ ਜਿਸ ਵਿਚ ਸਾਹਿਬ ਗੁਰੂ ਤੇਗ ਬਹਾਦਰ ਜੀ, ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵਰੋਸਾਇ ਸ੍ਰੀ ਬ੍ਰਹਮ ਗਿਆਨੀ ਭਾਈ ਕਨੱਯਾ ਸਾਹਿਬ ਜੀ ਅਤੇ ਬਾਕੀ ਸਾਰੇ ਸੇਵਾ ਪੰਥੀ ਅਡੱਣ ਸ਼ਾਹੀ ਸੰਤਾਂ ਮਹਾਤਮਾ ਦਾ ਪਵਿੱਤ੍ਰ ਜੀਵਨ ਹੈ ਜੋ ਕਿ ਬੜੀ ਉਤਮ ਸਿਖਿਆ ਦਾਇਕ ਤੇ ਗੁਰਮੁਖ ਸਜਨਾਂ ਦੇ ਪੜਨ ਯੋਗ ਪੁਸਤਕ ਹੈ। ਜਿਸ ਵਿਚ ਕਰਨੀ ਵਾਲੇ ਮਹਾਂ ਪੁਰਖਾਂ ਦੀਆਂ ੧੮ ਤਸਵੀਰਾਂ ਵੀ ਦਿਤੀਆਂ ਹਨ ਭੇਟਾ ਲਾਗਤ ਅਨੁਸਾਰ ੬) ਰੁਪਏ ਸਣੇ ਦਿਲਦ ਹੈ। ਸ੍ਰੀ ਅੰਮ੍ਰਿਤਸਰ ਸ੍ਰ: ਮੇਹਰ ਸਿੰਘ ਸੁਰਿੰਦ੍ਰ ਸਿੰਘ ਬਜਾਰ ਮਾਈ ਸੇਵਾਂ ਤੋਂ ੭) ਤੇ ਦਿਲੀ ਪੰਜਾਬੀ ਬੁਕ ਸਟੋਰ ਪਹਾੜ ਗੰਜ ਤੋਂ ਵੀ ੭) ਰੁਪਏ ਤੋਂ ਮਿਲੇਗੀ।

(੨) ਆਸਾ ਵਰੀਆਂ ਪਿਛਲੀਆਂ ਮੁਕ ਚੁਕੀਆਂ ਹਨ। ਨਵੀਆਂ ਛਪਣ ਵਾਲੀਆਂ ਹਨ।

( ੩ ) ਸਾਖੀਆਂ ਸ੍ਰੀ ਭਾਈ ਅਡੱਣ ਜੀ। ਭੇਟਾ ੧)

( ੪ ) ਪ੍ਰਚੀਆਂ ਭਾਈ ਕਨੱਯਾ ਸਾਹਿਬ ਜੀ ਜੋ ਪੁਰਾਣੀ ਦੋ ਸੌ ਸਾਲ ਦੀ ਲਿਖਤ ਹੈ। ਜੋ ਹੁਣ ਛਾਪੀ ਗਈ ਹੈ। ਆਪ ਦੇ ਹੱਥਾਂ ਵਿਚ ਹੈ। ਭੇਟਾ ਸਣੇ ਜਿਲਦ ੩) ਰੁਪਏ ਤੇ ਬਿਨਾਂ ਜਿਲਦ ੨॥)

( ੫ ) ਪ੍ਰਚੀਆਂ ਸ੍ਰੀ ਭਾਈ ਸੇਵਾ ਰਾਮ ਜੀ ਭੇਟਾ ੩) ਰੁਪਏ ਸਣੇ ਜਿਲਦ ਤੇ ਬਿਨਾ ਜਿਲਦ ੨॥) ਰੁਪਏ

ਮਿਲਣ ਦਾ ਪਤਾ:—

## ਹੀਰਾ ਸਿੰਘ ਮਹੰਤ ਟਿਕਾਣਾ ਸ੍ਰੀ ਭਾਈ ਰਾਮ ਕਿਸ਼ਨ ਜੀ ਸ਼ੇਰਾਂ ਵਾਲਾ ਗੇਟ ਪਟਿਆਲਾ

Digitized by Panjab Digital Library | www.panjabdigilib.org

ੴ

# ਸੰਪਾਦਕ ਬੇਨਤੀ

ਭਾਈ ਸਹਜ ਰਾਮ ਜੀ ਸੰਤ। ਏਹ ਸੇਵਾ ਜਿਨ ਕੀਨ ਮਾਂਹੰਤ ਦੋਵੇਂ ਪਰਚੀ ਜਿਨ ਨੇ ਰਾਚੀ। ਰਚਨਾ ਰਾਚੀ ਬਹੁ ਬਿਧ ਸਾਚੀ। ਕਥਾ ਕੀਰਤਨ ਸੁੰਦ੍ਰ ਕਰਤੇ। ਸਭ ਸ੍ਰੋਤਿਊਂ ਕੇ ਮਨ ਕੋ ਹਰਤੇ। ਤਿਨ ੨ ਘੰਟੇ ਕੀਰਤਨ ਕਰੇਂ। ਥਕਹਿਂ ਨਹੀਂ ਹਰਿ ਜਸ ਉਚਰੈਂ। ਐਸੇ ਸਨ ਓਹ ਬ੍ਰਹਮ ਗਿਆਨੀ ਸਤਿਸੰਗ ਕਰਤੇ ਅਉਧ ਬਿਹਾਨੀ। ਸੇਵਾ ਰਾਮ ਜੀ ਕੇ ਓਹ ਸ਼ਿਸ਼। ਕ੍ਰਿਪਾ ਕਰੀ ਜਿਨ ਭੂਤ ਭਵਿਸ਼। ਕਾਮ ਕ੍ਰੋਧ ਜਿਨ ਸਕਲ ਬਿਦਾਰੇ। ਹਰਿ ਜਸ ਕਥਹਿੰ ਬਨਾਇ ਸੁਖਾਰੇ। ਨਿੱਮ੍ਰਤ ਅਪਨੀ ਜਿਨ ਨੇ ਧਾਰੀ। ਅਪਨੋ ਨਾਮ ਨ ਲਿਖਿਓ ਸਵਾਰੀ। ਇਤਨੀ ਪੁਸਤਕ ਜਿਨ ਨੇ ਰਾਚੀ। ਸੰਮਤ ਨਾਮ ਤੇ ਹੋਇ ਅਭਾਖੀ।

ਦੋਹਰਾ

ਅਠਾਰਹ ਸੈ ਸੰਮਤ ਹੁਤੇ, ਪੰਜਸੈ ਊਪਰ ਜਾਨ। ਜਿਸਮੇ ਏਹ ਰਚਨਾ ਰਚੀ, ਅੱਟਾ ਸੱਟਾ ਬਖਿਆਨ।

ਚੌਪਈ॥ ਸੇਵਾ ਪੰਥੀ ਅੱਡਣ ਸ਼ਾਹੀ। ਸਭਾ ਅਹੇ ਅਮ੍ਰਿਤ ਸਰ ਮਾਂਹੀ। ਤਿਸ ਨੇ ਏਹ ਸੇਵਾ ਮੁਝ ਦੀਨੀ। ਜੋ ਬਣਿਆਈ ਸੋਈ ਕੀਨੀ। ਮੈ ਹੋਂ ਭੇਖ ਸੰਤ ਕੋ ਦਾਸ। ਜਿਨ ਨੇ ਕ੍ਰਿਪਾ ਕੀਨੀ ਖਾਸ। ਹੀਰਾ ਸਿੰਘ ਨਾਮ ਮੁਝ ਕਹੈਂ। ਸੇਵਾ ਪੰਥੀ ਜਸ ਜੋ ਚਹੈਂ। ਪੋਥੀ ਛਾਪੀ ਹੈ ਪਟਿਆਲੇ। ਪੜ੍ਹੇ ਸੁਨੇ ਸੰਗਤ ਸੁਖ ਸਾਲੇ।

ਦੋਹਰਾ

ਟਿਕਾਣਾ ਸ੍ਰੀ ਭਾਈ ਰਾਮ ਕਿਸ਼ਨ, ਸੇਵਾ ਪੰਥੀ ਸੰਤ। ਤਿਸ ਕਾ ਸੇਵਾ ਦਾਰ ਹੋਂ, ਝਾੜੂ ਦੇਣ ਚਹੰਤ।

ਦੋਹਰਾ

ਦੋ ਹਜਾਰ ਅਰ ਬੀਸ ਤ੍ਰੈ ਸੰਮਤ ਬਿਕ੍ਰਮ ਆਹਿ। ਜਿਸ ਮੈ ਏਹ ਪੋਥੀ ਛਪੀ। ਪ੍ਰਥਮ ਭਾਦਰੋ ਮਾਹਿ।

Digitized by Panjab Digital Library | www.panjabdigilib.org

ਮਾਲੜਾ ਇਲੈਕਟ੍ਰਿਕ ਪ੍ਰੈਸ
ਧਰਮਪੁਰਾ ਬਾਜ਼ਾਰ, ਪਟਿਆਲਾ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1563

Digitized by Panjab Digital Library | www.panjabdigilib.org

Digitized by Panjab Digital Library | www.panjabdigilib.org